20

12

ਕੋਮਲ ਹੁਲਾਰੇ

ਕਰਤਾਰ ਸਿੰਘ ਕੋਮਲ

ਪ੍ਰੇਮ ਤੇ ਰੀਝਾਂ ਸਹਿਤ

ਪੰਜਾਬੀ ਸਾਹਿਤ ਦੇ [illegible]

ਨੂੰ ਭੇਟਾ —

ਰਘਬੀਰ ਸਿੰਘ [illegible]

1.1.63

ਕੋਮਲ ਹੁਲਾਰੇ

ਕਰਤਾਰ ਸਿੰਘ "ਕੋਮਲ"

— ਮਿਲਣ ਦੇ ਪਤੇ —

ਲੇਖਕ, ਐਕਸਚੇਂਜ ਰੋਡ, ਸ੍ਰੀ ਨਗਰ

(ਜਾਂ) ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

ਸਭ ਹੱਕ ਕਰਤਾ ਦੇ ਰਾਖਵੇਂ ਹਨ।
ਕੋਈ ਸਜਣ ਸਾਲਮ ਸੰਗ੍ਰਹਿ ਜਾਂ ਉਸ ਦਾ ਕੋਈ ਹਿੱਸਾ ਕਰਤਾ ਦੀ ਆਗਿਆ
ਬਿਨਾਂ ਨਾ ਛਾਪੇ।

KOMAL HULARE

Price Rs. 3-00 n.P.

ਕੀਮਤ ਤਿੰਨ ਰੁਪਏ ਕੇਵਲ

ਪ੍ਰਕਾਸ਼ਕ :
ਗਿਆਨੀ ਕਰਤਾਰ ਸਿੰਘ "ਕੋਮਲ", ਐਸ. ਐਸ. ਐਮ.
ਐਕਸਚੇਂਜ ਰੋਡ, ਸ੍ਰੀ ਨਗਰ (ਕਸ਼ਮੀਰ)

ਪ੍ਰਿੰਟਰ :
ਸੀ ਕਸ਼ਮੀਰਾ ਸਿੰਘ, ਕਸ਼ਮੀਰ ਪ੍ਰਿੰਟਿੰਗ ਪ੍ਰੈਸ, ਬਜ਼ਾਰ ਸੋਢੀਆਂ, ਅੰਮ੍ਰਿਤਸਰ

ਸਮਰਪਨ

ਸੁਰਗਵਾਸੀ ਸ੍ਰੀ ਮਾਨ ਮਾਮਾ ਸ: ਰੰਗੀਲ ਸਿੰਘ ਜੀ* ਵਡ

ਸ਼ਹੀਦ ਗੰਜ, ਸ੍ਰੀ ਨਗਰ

ਨੂੰ

ਜਿਨ੍ਹਾਂ ਦੀ ਛਤ੍ਰਰ ਛਾਇਆ ਹੇਠ ਪਲ ਕੇ ਅਤੇ
ਪੜ੍ਹ ਕੇ ਮੈਂ ਇਸ ਯੋਗ ਹੋਇਆ ਹਾਂ ।

ਕਰਤਾਰ ਸਿੰਘ "ਕੋਮਲ"

---

*੩੦ ਅਸੂ ੧੯੯੯ ਬਿ: ਨੂੰ ਸੰਤਾਨ-ਹੀਨ ਹੀ ਸੁਰਗਵਾਸ ਹੋਏ ।

ਤਤਕਰਾ

ਭੂਮਿਕਾ—ਵਲੋਂ ਪੰਜਾਬੀ ਸਾਹਿੱਤ ਦੇ ਸਰਬ ਉਤਮ ਪਾਰਖੂ
ਸ੍ਰੀਮਾਨ ਡਾ: ਗੋਪਾਲ ਸਿੰਘ ਜੀ ਦਰਦੀ M.A., Ph. D. ਨਵੀਂ ਦਿਲੀ ੭

ਪ੍ਰਸੰਸਾ—ਵਲੋਂ ਸ੍ਰੀ ਮਾਨ ਸ: ਹਰਬੰਸ ਸਿੰਘ ਜੀ ਆਜ਼ਾਦ
M.A., LL. B., ਗਿਆਨੀ, ਵਿਦਿਆ ਮੰਤਰੀ ਜੰਮੂ-ਕਸ਼ਮੀਰ ੮

ਆਪ ਬੀਤੀ ਕਰਤਾ ਵਲੋਂ ੧੦

੧. ਸਰਬ ਸ਼ਕਤੀਮਾਨ ੨੧
੨. ਇੱਕ ਉਅੰਕਾਰ ਦੇ ਝੰਡੇ ੨੩
੩. ਸ਼ਹੀਦ ੨੫
੪. ਕਿਸਮਤ ਹਿੰਦ ਦੀ ੨੬
੫. ਦਿਲਬਰ ਪਿਆਰੜੇ ਜੀ ੩੦
੬. ਲੱਲੇਸ਼੍ਵਰੀ ੩੨
੭. ਸ਼ਾਨਿ ਖ਼ਾਲਸਾ ੩੫
੮. ਅੱਗ-ਬਿਰਹਾ ੩੯
੯. ਮਾਈ ਭਾਗ ਭਰੀ ੪੦
੧੦. ਗੁਰੂ ਨਾਨਕ ਚਰਨਾਸਥਾਨ ਬੇਰਵਾ ੪੨
੧੧. ਬਣ ਵੀਰਾ ਇਨਸਾਨ ੪੪
੧੨. ਜਗਤ ਜਲੰਦਾ ਰਖ ਲੈ ੪੬
੧੩. ਮਧੁਰ ਨਾਮ ੪੮
੧੪. ਸਵਾਰਥ-ਕਰਤਵ ੪੯
੧੫. ਲਲੇਸ਼੍ਵਰੀ ਵਾਕਯ ੫੦
੧੬. ਕੁਕੜ ਨਾਗ ੫੧
੧੭. ਗੁਰਦੁਆਰਾ ਮਟਨ ਸਾਹਿਬ ੫੩
੧੮. ਉਦਾਰਤਾ-ਨਿਰਮਾਣਤਾ ੫੬

१९. ਭਾਈ ਕਟੂ ਸ਼ਾਹ ੫੮
२०. ਰਾਂਝੇ ਦੀ ਚਿੱਠੀ ੬੩
२१. ਵਸਲ ੬੮
२२. ਦੇਵ-ਪਤਿ ਚਿਤ-ਚੋਰ ੬੯
२३. ਪ੍ਰਤਗਿਆ ੭੩
२४. ਚੰਗੇ ਦਿਨ ਉਹ ਸਨ ੭੪
२५. ਇਕਰਾਰ ੭੭
२६. ਭੰਬੋਰ ਲੋਲਰੀ ੭੮
२७. ਸਜਨ ਬਿਨ ਵੱਡੀਆਂ ੮੨
२८. ਚੰਦਰਾ ਇਸ਼ਕ ੮੩
२९. ਅਲੀ ! ਦਸ ਭਲਾ ੮੫
३०. ਮਿਲੇ ਨਾ ਮਾਹੀ ਕਿਹੀ ਵਿਸਾਖੀ ੮੮
३१. ਪੋਸ਼ੇ ਮਤੀ ਜਾਨਾਨੋ ੮੯
३२. ਲਾਲ ਗਲਾਸ ੯੧
३३. ਦੇਵ ਪਤਿ ੯੩
३४. ਦਮ-ਬ-ਦਮ ਸਰਸ਼ਾਰ ਹਾਂ ੯੫
३५. ਮੈਨੂੰ ਕਰ ਦਿਲਗੀਰ ੯੬
३६. ਦੀਦਾਰ ਮੰਗਦੇ ਹਾਂ ੯੮
३७. ਬੂੰਮ 'ਦੱਥ ਨਿਯੂਨਖੋ ੯੯
३८. ਮੇਰਾ ਚੰਨ ੧੦੨
३९. ਦਾਰੂ ਰਹਿਤ ਰੋਗ ੧੦੩
४०. ਬਿਰਹੀ ੧੦੫
४१. ਅੰਡਾ ਨਹੀਂ ਖਾਣਾ ੧੦੬
४२. ਬੇਬਸੀ ੧੦੮
४३. ਖ਼ਤ ੧੦੯
४४. ਜੁੜੇ ਦਿਲ ੧੧੧
४५. ਕਲੁ ਆਸੂੰ ੧੧੧

੪੬. ਮੇਲ ਰੱਬਾ	੧੧੨
੪੭. ਪ੍ਰਿਆ-ਵਿਯੋਗੀ	੧੧੩
੪੮. ਜੁਦਾਈ-ਦੁਖਦਾਈ	੧੧੫
੪੯. ਗੁਲਸ਼ਨ ਵਤਨ ਛੂ ਸੋਨੋਈ	੧੧੬
੫੦. ਸਮਝ ਨਾ ਆਵੇ	੧੧੮
੫੧. ਨਹੀਂ ਥਿਰ ਰਹਿਣਾ	੧੧੯
੫੨. ਉਹ ਵੇਲਾ	੧੨੧
੫੩. ਪ੍ਰੀਤ ਦੀ ਰੀਤ ਨਿਆਰੀ	੧੨੪
੫੪. ਮਤਲਬ ਬਿਨ ਕੋਈ ਨਹੀਂ ਆਂਦਾ	੧੨੫
੫੫. ਦੁਹਾਈ ਲੋਕੋ	੧੨੭
੫੬. ਇਕ ਸਪਤਾਹ	੧੨੮
੫੭. ਦਿਲ ਦੇ ਭੇਤ	੧੩੦
੫੮. ਮਧੁਰ ਜਾਨ ਜੀਵੇ	੧੩੨
੫੯. ਪ੍ਰੀਤ ਚਿੰਗਾੜੀ	੧੩੪
੬੦. ਖੋਟਾ ਮਾਹੀ	੧੩੫
੬੧. ਪਛਤਾਵਾ	੧੩੭
੬੨. ਦਿਨ ਡੁਬਣ ਵੇਲੇ	੧੩੯
੬੩. ਤਰਸ ਕਰ	੧੪੨
੬੪. ਦਿਲ-ਰੇਡੀਓ	੧੪੩
੬੫. ਕਵੀ-ਮਨ	੧੪੪
੬੬. ਆਪਣਾ ਆਪ ਬਚਾਣਾ ਸਿਖ	੧੪੫
੬੭. ਕਰਨੈਲ ਮੀਹਾਂ ਸਿੰਘ	੧੪੬
੬੮. ਕਸ਼ਮੀਰ	੧੫੪
੬੯. ਸਰਬ ਵਿਆਪੀ ! ਬਖ਼ਸ਼	੧੮੩

❋

ਭੂਮਿਕਾ

ਸ: ਕਰਤਾਰ ਸਿੰਘ "ਕੋਮਲ" ਕੋਮਲ ਭਾਵਾਂ ਦੇ ਮਾਲਕ, ਗੁਰੂ-ਘਰ ਦੇ ਅਨਿਨ ਭਗਤ, ਸਿੱਖ ਫ਼ਲਸਫ਼ੇ ਦੇ ਗਿਆਨੀ ਤੇ ਸਿੱਖ ਇਤਿਹਾਸ ਦੇ ਖੋਜੀ ਹਨ। ਉਹ ਕਵੀ ਵੀ ਹਨ, ਪਰ ਕਵਿਤਾ ਇਸ ਲਈ ਨਹੀਂ ਲਿਖਦੇ (ਜਿਵੇਂ ਅਜ ਕਲ੍ਹ ਆਮ ਵੇਖਣ ਵਿਚ ਆਉਂਦਾ ਹੈ) ਕਿ ਆਪਣੀ ਕਲਾ ਦਾ ਚਮਤਕਾਰ ਵਿਖਾਣ, ਸਗੋਂ ਇਸ ਲਈ (ਜਿਵੇਂ ਹੋਣਾ ਚਾਹੀਦਾ ਹੈ) ਕਿ ਪਾਠਕ ਦੀ ਬੁਧੀ ਨੂੰ ਹਲੂਣਨ। ਭਾਈ ਸਾਹਿਬ ਵੀਰ ਸਿੰਘ ਜੀ ਨੇ ਜਿਵੇਂ ਗੁਰੂ-ਆਸ਼ੇ ਨੂੰ ਆਪਣੇ ਮਲੂਕ ਸ਼ਬਦਾਂ ਵਿਚ ਬੱਧਾ ਸੀ, ਨਵੇਂ ਚਿੰਨ੍ਹ, ਅਲੰਕਾਰ ਵਰਤ ਕੇ, ਇਵੇਂ ਹੀ "ਕੋਮਲ" ਜੀ ਨੇ ਕੀਤਾ ਹੈ। ਤੇ ਇਸੇ ਲਈ ਇਨ੍ਹਾਂ ਦੇ ਇਸ ਉਦਮ ਦਾ ਮੁਲ ਵਧੀਕ ਹੈ।

ਇਨ੍ਹਾਂ ਦੀ ਕਵਿਤਾ ਰਸਦਾਇਕ ਹੈ, ਕਿਉਂਕਿ ਨਾ ਕੇਵਲ ਇਹ ਤੋਲ-ਤੁਕਾਂਤ ਵਿਚ ਭਾਵਾਂ ਨੂੰ ਬੰਨ੍ਹਦੀ ਹੈ, ਸਗੋਂ ਇਸ ਲਈ ਵੀ ਕਿ ਇਸ ਵਿਚ ਇਕ ਆਪ-ਮੁਹਾਰਾਪਨ ਹੈ, ਇਕ ਖ਼ੁਦ-ਰੌਈ ਤੇ ਸਹਿਜ ਸੁਭਾਵਕਤਾ, ਜੋ ਮਨ ਵਿਚ ਸੁਆਦ ਦਾ ਇਕ ਤਰੰਗ ਛੇੜ ਦੇਂਦੀ ਹੈ। ਅਲੰਕਾਰ ਬੰਨ੍ਹੇ ਹਨ, ਤਾਂ ਉਹ ਵੀ ਆਪਣੇ ਮਨ ਜਾਂ ਰੂਹ ਦੇ ਹੰਢੇ, ਪਰਖੇ ਹੋਏ, ਜਿਸ ਨਾਲ ਕਵਿਤਾ ਦਾ ਪ੍ਰਭਾਵ ਸਿੱਧਾ ਤੇ ਤੀਖਣ ਪੈਂਦਾ ਹੈ।

ਇਹ ਕਵਿਤਾ ਅਜ ਕਲ੍ਹ ਦੇ ਪ੍ਰਚਲਤ "ਫ਼ੈਸ਼ਨ" ਦੇ ਅਨੁਕੂਲ ਨਹੀਂ, ਕਿਉਂਕਿ ਇਸ ਵਿਚ "ਰੋਟੀ, ਛੱਤ ਦੇ ਕਪੜੇ" ਦੀਆਂ ਭੁੱਖਾਂ ਨੂੰ ਨਹੀਂ ਗਾਵਿਆਂ ਗਿਆ। ਪਰ ਇਸ ਵਿਚ ਜੋ ਮਨੁੱਖ ਦੀ ਸਦੀਵੀ ਭੁੱਖ ਹੈ – ਕਿਸੇ ਵਿਚ ਅੰਤਰ-ਆਤਮੇ ਵਿਚ ਲੁਕੀ, ਕਿਸੇ ਵਿਚ ਪਰਗਟ – ਮਾਨੁਖ ਤੋਂ ਦੇਵਤਾ ਬਣਨ ਦੀ, ਡੋਡੀ ਦਾ ਖੁਲ੍ਹ ਕੇ ਫੁਲ ਬਣ ਖੁਸ਼ਬੂ ਹੋ ਵਗਣ ਦੀ, ਆਤਮਾ ਦੀ ਬੀਜ-ਪੋਟਲੀ ਦਾ ਪਾਟ ਕੇ ਦਹਿਦਿਸ ਗਗਨਾਂ ਦੀ ਸਵਾਰੀ ਕਰਨ ਦੀ, ਉਸ ਦੀ ਲੈ ਇਨ੍ਹਾਂ ਬਾਰ ਬਾਰ ਛੇੜੀ ਹੈ।

ਮੈਨੂੰ ਆਸ ਹੈ, ਪਾਠਕ ਤੇ ਪਾਰਖੂ ਇਸ ਦਾ ਯੋਗ ਮੁਲ ਪਾਉਣਗੇ ਤੇ ਕਵੀ ਜੀ ਦਾ ਹੌਸਲਾ ਵਧਾਉਣਗੇ, ਤਾਂ ਜੁ ਇਨ੍ਹਾਂ ਵਿਚ ਜੋ ਹੋਰ ਵੀ ਅਨੇਕ ਮੋਤੀ ਲੁਕੇ ਹੋਏ ਹਨ, ਉਹ ਜਜ਼ਬੇ ਦੇ ਉਛਾਲੇ ਨਾਲ ਸਾਡੇ ਕੰਢੇ ਉਤੇ ਆ ਡਿਗਣ।

ਨਵੀਂ ਦਿਲੀ
੧੫ ਅਕਤੂਬਰ ੧੯੫੮ } ਗੋਪਾਲ ਸਿੰਘ (ਡਾਕਟਰ)

ਪ੍ਰਸੰਸਾ

ਮੈਂ ਇਹ ਸਮਝਣੋਂ ਅਸਮਰਥ ਹਾਂ ਕਿ ਮੈਂ "ਕੋਮਲ ਹੁਲਾਰੇ" ਦੀ ਪ੍ਰਸੰਸਾ ਵਜੋਂ ਕੀ ਲਿਖਾਂ, ਜਦ ਕਿ ਪੰਜਾਬੀ ਸਾਹਿਤ ਦੇ ਸਿਰ-ਕਢ ਪਾਰਖੂ ਡਾਕਟਰ ਗੋਪਾਲ ਸਿੰਘ ਜੀ 'ਦਰਦੀ' ਨੇ ਇਸ ਪੁਸਤਕ ਦੀ ਭੂਮਿਕਾ ਲਿਖੀ ਹੈ।

"ਕੋਮਲ" ਜੀ ਨੇ ਸ਼ਾਇਦ ਇਸ ਲਈ ਮੈਨੂੰ ਕੁਝ ਲਿਖਣ ਦੀ ਇੱਛਾ ਪਰਗਟ ਕੀਤੀ ਹੋਵੇ ਕਿ ਮੈਨੂੰ ਪੰਜਾਬੀ ਨਾਲ ਪਿਆਰ ਹੈ ਤੇ ਇਸ ਰਿਆਸਤ ਵਿਚ ਇਸ ਦੀ ਉੱਨਤੀ ਲਈ ਸੇਵਾ ਕਰਨ ਦਾ ਕਦੇ ਕਦੇ ਸੁਭਾਗ ਪ੍ਰਾਪਤ ਹੋਇਆ ਹੈ।

"ਕੋਮਲ" ਜੀ ਨੇ ਕਈ ਕਵੀ ਦਰਬਾਰਾਂ ਦਾ ਪਰਬੰਧ ਕੀਤਾ ਅਤੇ ਜਿੱਥੇ ਇਨ੍ਹਾਂ ਵਿਚ ਆਪ ਵੀ ਵਧ ਚੜ੍ਹ ਕੇ ਹਿੱਸਾ ਲਿਆ, ਉੱਥੇ ਮੈਂ ਵੀ ਕਈ ਦਰਬਾਰਾਂ ਵਿਚ ਆਪਣੀ ਤੁਛ ਜਿਹੀ ਤੁਕ-ਬੰਦੀ ਪੜ੍ਹ ਕੇ ਸੁਣਾਈ। ਮੇਰੇ ਸਿਆਸੀ ਰੁਝੇਵਿਆਂ ਕਾਰਨ ਕਵਿਤਾ ਮੈਥੋਂ ਰੁਸ ਗਈ ਤੇ ਮੈਂ ਉਹਨੂੰ ਮੰਨਾਣ ਦਾ ਉਪਰਾਲਾ ਵੀ ਨਾ ਕੀਤਾ ਅਤੇ ਸ਼ਾਇਦ ਹੁਣ ਕਰ ਵੀ ਨਾ ਸਕਾਂ। ਪਰ ਮੈਨੂੰ ਇਸ ਗੱਲ ਦੀ ਹਦੋਂ ਵਧ ਖ਼ੁਸ਼ੀ ਹੈ ਕਿ ਬਾਵਜੂਦ ਸਿਆਸੀ ਰੁਝੇਵਿਆਂ, ਧਾਰਮਿਕ ਪਰਚਾਰ ਤੇ ਸਮਾਜ-ਸੁਧਾਰ ਦੇ ਭਾਰੀ ਕੰਮਾਂ ਦੇ "ਕੋਮਲ" ਜੀ ਨੇ ਆਪਣੀ ਕੋਸ਼ਸ਼ ਜਾਰੀ ਰਖੀ, ਜਿਸ ਦਾ ਫਲਰੂਪ "ਕੋਮਲ ਹੁਲਾਰੇ" ਹੈ।

"ਕੋਮਲ" ਜੀ ਪਹਿਲੇ ਕਸ਼ਮੀਰੀ ਹਨ ਜੋ ਪਾਠਕਾਂ ਨੂੰ ਪੁਸਤਕ ਦੇ ਰੂਪ ਵਿਚ ਕਾਵਿ-ਸੰਗ੍ਰਹਿ ਪੇਸ਼ ਕਰ ਰਹੇ ਹਨ। ਇਸ ਨਾਤੇ ਮੈਂ ਇਸ ਕਵੀ ਤੇ ਕਸ਼ਮੀਰ ਦੇ ਪੰਜਾਬੀ ਬੋਲਣ ਵਾਲਿਆਂ ਨੂੰ ਵਧਾਈ ਦੇਂਦਾ ਹਾਂ।

ਗਿਆਨੀ ਕਰਤਾਰ ਸਿੰਘ ਜੀ "ਕੋਮਲ" ਦਾ ਕਵਿਤਾ ਲਿਖਣ ਦਾ ਠਰਕ ਢੇਰ ਪੁਰਾਣਾ ਹੈ, ਪਰ ਸੰਗ੍ਰਹਿ ਦੇ ਰੂਪ ਵਿਚ ਇਹ ਇਨ੍ਹਾਂ ਦਾ ਪਹਿਲਾ ਜਤਨ ਹੈ। "ਕੋਮਲ" ਜੀ ਪ੍ਰਸਿਧ ਸਿਖ ਮਿਸ਼ਨਰੀ ਹਨ, ਇਸੇ ਲਈ ਆਪ ਦੀ ਕਵਿਤਾ ਦਾ ਪਿਛਵਾੜਾ ਬਹੁਤਾ ਧਾਰਮਿਕ ਹੀ ਹੈ। ਰਵਾਇਤੀ ਕਵੀਆਂ ਵਾਂਗ, ਕਵੀ ਆਪਣੀ ਕਵਿਤਾ ਦਾ ਅਰੰਭ "ਸਰਬ-ਸ਼ਕਤੀਮਾਨ" ਦੀ ਉਸਤਤ ਨਾਲ ਕਰਦਾ ਹੈ ਤੇ ਸੰਗ੍ਰਹਿ ਦੀ ਸਮਾਪਤੀ "ਸਰਬ ਵਿਆਪੀ ! ਬਖਸ਼" ਦੇ ਧੰਨਵਾਦ ਨਾਲ।

ਇਸ ਸੰਗ੍ਰਹਿ ਦੀਆਂ ਕਈ ਕਵਿਤਾਵਾਂ ਵਿਚ ਕਵੀ ਦਾ ਸਿਖੀ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ। "ਇਕ ਓਅੰਕਾਰ ਦੇ ਛੰਡੇ" ਵਾਲੀ ਕਵਿਤਾ ਵਿਚ ਗੁਰਮਤ ਦੇ ਸਰਬ-ਪ੍ਰਿਅ ਸਿਧਾਂਤ ਨੂੰ ਮੁਖ ਰਖਿਆ ਗਿਆ ਹੈ। "ਜਗਤ ਜਲੰਦਾ ਰਖ ਲੈ", "ਭਾਈ ਕਟੂ ਸ਼ਾਹ" ਆਦਿ ਇਸੇ ਵਿਸ਼ੇ ਦੀਆਂ ਕਵਿਤਾਵਾਂ ਹਨ।

ਭਾਈ ਸਾਹਿਬ ਵੀਰ ਸਿੰਘ ਦੇ "ਮਟਕ ਹੁਲਾਰੇ" ਤੋਂ ਪ੍ਰਭਾਵਿਤ ਹੋ ਕੇ ਕਵੀ ਜੀ ਨੇ "ਲਲੇਸ਼੍ਵਰੀ", "ਮਾਈ ਭਾਗ ਭਰੀ", "ਗੁਰੂ ਨਾਨਕ ਚਰਨ ਅਸਥਾਨ ਬੇਰਵਾ", "ਗੁਰਦੁਆਰਾ ਮਟਨ ਸਾਹਿਬ", "ਕੁਕੜ ਨਾਗ" ਵਾਲੀਆਂ ਕਵਿਤਾਵਾਂ ਲਿਖੀਆਂ ਹਨ। ਇਸ ਸੰਗ੍ਰਹਿ ਵਿਚ ਕਵੀ ਦਾ ਪਹਿਲਾ ਜਤਨ ਸ਼ਲਾਘਾ ਜੋਗ ਹੈ।

੧੯੪੭ ਦੇ ਖ਼ੂਨੀ ਸਾਕੇ ਨੇ ਕਵੀ ਦੇ ਦੇਸ਼-ਪਿਆਰ ਦੇ ਜਜ਼ਬੇ ਨੂੰ ਟੁੰਬਿਆ ਹੈ। "ਕਸ਼ਮੀਰ" ਨਾਮੀ ਕਵਿਤਾ ਵਿਚ ਆਪ ਨੇ ਕਸ਼ਮੀਰ-ਰਖਿਅਕ ਹਿੰਦ ਸੈਨਾ ਤੇ ਕਸ਼ਮੀਰੀ ਨੌਜਵਾਨਾਂ ਦੇ ਕਾਰਨਾਮਿਆਂ ਨੂੰ ਬਾਰ ਬਾਰ ਸਲਾਹਿਆ ਹੈ।

ਕਵੀ ਦੀ ਜਾਚੇ ਅਲ੍ਹੜ ਜਵਾਨੀ ਦੇ ਉਹ ਹੀ ਦਿਨ ਚੰਗੇ ਸਨ ਜਦੋਂ "ਅੱਖਾਂ ਨੇ ਅੱਖਾਂ ਨੂੰ ਕੁਝ ਕਿਹਾ"। ਚਨਾਰ ਦੇ ਕੂਲੇ ਪੱਤੇ ਵਾਂਗ ਠੰਡੇ ਹੱਥਾਂ ਨੂੰ ਘੁਟ ਘੁਟ ਕੇ ਗਰਮ ਕਰਨਾ ਤੇ "ਜ਼ੇਰੀਂ ਕਾਂਗੜੀ ਸਾਂ ਦੇਂਦਾ" ਦਾ ਖ਼ਿਆਲ ਕਿੰਨਾ ਸਾਦਾ ਜਿਹਾ ਘਰੇਲੂ ਵਾਯੂ-ਮੰਡਲ ਪੈਦਾ ਕਰਦਾ ਹੈ। ਪ੍ਰੋ: ਮੋਹਨ ਸਿੰਘ ਦੀ ਕਵਿਤਾ "ਨਿੱਕਾ ਨਿੱਕਾ ਦਿਲ ਕਰਨਾ" ਵਾਂਗ "ਲਾਲ ਗਲਾਸ" ਵਿਚੋਂ ਨਿੱਕੀ ਨਿੱਕੀ ਵਾਸ਼ਨਾ ਪਈ ਆਉਂਦੀ ਹੈ।

ਮੈਨੂੰ ਭਰੋਸਾ ਹੈ ਕਿ 'ਕੋਮਲ' ਜੀ "ਕੋਮਲ ਹੁਲਾਰੇ" ਮਗਰੋਂ ਪੰਜਾਬੀ ਸਾਹਿਤ ਦੀ ਸੇਵਾ ਜਾਰੀ ਰਖਣਗੇ। ਬੜੇ ਚਿਰ ਤੋਂ ਚਰਚਾ ਹੁੰਦੀ ਸੁਣਦੇ ਆ ਰਹੇ ਹਾਂ ਕਿ ਆਪ ਕਸ਼ਮੀਰ ਸਿਖ ਹਿਸਟਰੀ ਦੀ ਖੋਜ ਕਰ ਰਹੇ ਹਨ, ਹੁਣ ਮੌਕਾ ਹੈ ਇਸ ਅੱਤ ਜ਼ਰੂਰੀ ਕੰਮ ਜਾਂ ਸੇਵਾ ਨੂੰ ਮੁਕੰਮਲ ਕਰਨ ਦਾ, ਤਾਂ ਜੋ ਰਿਆਸਤੀ ਸਿਖਾਂ ਦਾ ਮੁਕੰਮਲ ਇਤਿਹਾਸ ਵੀ ਜਨਤਾ ਦੇ ਸਾਹਮਣੇ ਆ ਸਕੇ।

ਪੰਜਾਬੀ ਪਾਠਕਾਂ ਨੂੰ 'ਕੋਮਲ' ਜੀ ਦੇ ਉਦਮ ਦੀ ਕਦਰ ਕਰ ਕੇ ਇਨ੍ਹਾਂ ਦਾ ਹੌਸਲਾ ਵਧਾਉਣਾ ਚਾਹੀਏ, ਤਾਂ ਜੋ ਇਹ ਸਾਹਿਤ-ਸੇਵਾ ਵਿਚ ਰੁਝੇ ਰਹਿਣ।

ਸ੍ਰੀ ਨਗਰ
੨੦ ਦਸੰਬਰ ੧੯੫੮

ਹਰਬੰਸ ਸਿੰਘ "ਆਜ਼ਾਦ"
(ਵਿਦਿਆ-ਮੰਤਰੀ ਜੰਮੂ ਕਸ਼ਮੀਰ)

ਆਪ ਬੀਤੀ

ਤੋਸ਼ਾ ਮੈਦਾਨ : ਕੁਦਰਤੀ ਸੁਹਜਾਂ ਦਾ ਭੰਡਾਰ ਕਸ਼ਮੀਰ ਦਾ ਇਕ ਪ੍ਰਸਿਧ ਪਹਾੜ ਹੈ। ਇਹ ਸੁੰਦਰ ਪ੍ਰਬਤ ਇਲਾਕਾ ਬੇਰਵੇ ਜ਼ਿਲਾ ਸ੍ਰੀ ਨਗਰ ਦਿਆਂ ਲੋਕਾਂ ਨੂੰ ਇਸ ਲਈ ਪਿਆਰਾ ਲਗਦਾ ਆ ਰਿਹਾ ਹੈ ਕਿ ਇਕ ਤਾਂ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਚਰਨ ਕੰਵਲਾਂ ਨਾਲ ਸੁਹਾਵਣਾ ਕੀਤਾ, ਦੂਜਾ ਸੰਮਤ ੧੮੭੬ ਬਿ: ਵਿੱਚ ਸਿਖ ਫ਼ੌਜਾਂ ਕਸ਼ਮੀਰ ਵਿਚ ਇਸ ਰਾਹੋਂ ਭੀ ਦਾਖ਼ਲ ਹੋਈਆਂ ਸਨ ਅਤੇ ਤੀਜਾ ਨੰਗਾਲੀ ਸਾਹਿਬ ਦੇ ਸੰਤ ਮਹਾਂ ਪੁਰਸ਼ ਇਧਰੋਂ ਭੀ ਕਈ ਵਾਰੀ ਕਸ਼ਮੀਰ ਆ ਦਰਸ਼ਨ ਦਿਆ ਕਰਦੇ ਸਨ। ਇਸ ਪ੍ਰਬਤ ਦੇ ਲਾਗੇ ਹੀ ਪਿੰਡ ਫ਼ੌਜੀ ਪੁਰਾ ਦੇ ਵਾਸੀ, ਡੋਗਰਾ ਸਰਕਾਰ ਵਲੋਂ ਗ਼ਰੀਬ ਬਣਾਏ ਗਏ ਤੇ ਲਿਤਾੜੇ ਗਏ, ਫ਼ੌਜੀ ਸਰਦਾਰਾਂ ਦੇ ਇਕ ਘਰਾਂਣੇ ਵਿਚ ਮੇਰਾ ਜਨਮ ਹੋਇਆ। ਉਦੋਂ ਮਹਾਰਾਜਾ ਪਰਤਾਪ ਸਿੰਘ ਜੀ ਰਾਜ ਕਰਿਆ ਕਰਦੇ ਸਨ।

ਬਿਖੜੀਆਂ ਥਾਵਾਂ ਤੇ ਜ਼ੋਰੀਂ ਵਸਾਏ ਗਏ ਜਾਂ ਕਈਆਂ ਕਾਰਨਾਂ ਕਰਕੇ ਆਪ ਜਾ ਵਸੇ ਸਿਖਾਂ ਵਿੱਚ ਉਸ ਸਮੇਂ ਮਿਡਲ ਪਾਸ ਕਰਨਾ ਬੜਾ ਕਠਿਨ ਸੀ। ਉਹ ਇਸ ਲਈ ਕਿ ਪਿੰਡਾਂ ਵਿਚ ਅਠ ਦਸ ਮੀਲ ਦੇ ਘੇਰੇ ਵਿਚ ਮਸਾਂ ਇਕ ਪ੍ਰਾਇਮਰੀ ਸਕੂਲ ਹੋਇਆ ਕਰਦਾ ਸੀ ਤੇ ਮਿਡਲ ਸਕੂਲ ਜ਼ਿਲਿਆਂ ਦੇ ਸਦਰ ਮੁਕਾਮ ਤੇ ਹੀ। ਮੈਨੂੰ ਪਿੰਡ ਖਾਗ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨੇ ਪਾਇਆ ਤਾਂ ਗਿਆ, ਪਰ ਅਠ ਦਸ ਮਹੀਨੇ ਮਗਰੋਂ ਹੀ ਇਸ ਸਕੂਲ ਦੇ ਕਿਤੇ ਹੋਰਥੇ ਲਿਜਾਏ ਜਾਣ ਕਾਰਨ, ਮੈਨੂੰ ਸ਼ਹੀਦ ਗੰਜ ਨਾਨਕੇ ਘਰ ਪੜ੍ਹਨ ਲਈ ਲਿਆਂਦਾ ਗਿਆ। ਜੇ ਮੇਰਾ ਨਾਨਕਾ ਘਰ ਸ੍ਰੀ ਨਗਰ ਨਾ ਹੁੰਦਾ, ਤਾਂ ਇਹ ਅਸੰਭਵ ਸੀ ਕਿ ਅਜ 'ਕੋਮਲ' ਉਪਨਾਮ ਦਾ ਕੋਈ ਜੀਵ, ਸਚ ਬੋਲਣ ਤੇ ਸੱਚ ਕਮਾਉਣ ਕਾਰਨ, ਕਿਰਤੀਆਂ, ਕਿਸਾਨਾਂ, ਮਜ਼ਲੂਮਾਂ ਤੇ ਸਚਿਆਰਾਂ ਦਾ ਪਿਆਰਾ ਅਤੇ ਮਾਇਆਧਾਰੀ, ਕੂੜਿਆਰਾਂ ਤੇ ਸਵਾਰਥੀ ਲੋਕਾਂ ਦਿਆਂ ਦਿਲਾਂ ਲਈ ਅੰਗਿਆਰਾ ਬਣਨ ਦਾ ਕਾਰਨ ਹੁੰਦਾ।

ਮੈਂ ਬਚਪਨ ਤੋਂ ਹੀ ਸੂਝਵਾਨ ਜਿਹਾ ਸਾਬਤ ਹੋਇਆ ਹਾਂ, ਮੈਂ ਆਪਣੇ ਬਜ਼ੁਰਗਾਂ ਦੇ ਫ਼ੌਜੀ ਕਾਰਨਾਮੇ ਸੁਣ ਕੇ ਤੇ ਉਨ੍ਹਾਂ ਦੀ ਸੰਤਾਨ ਦੀ ਉਸ ਵੇਲੇ ਦੀ ਤਰਸ ਯੋਗ ਹਾਲਤ ਦੇਖ ਕੇ ਦੁਖੀ ਹੋਇਆ ਕਰਦਾ। ਮੈਂ ਗੁਰਦੁਆਰਿਆਂ ਵਿਚ ਬੜੀ ਸ਼ਰਧਾ ਨਾਲ ਜਾ ਕੇ ਕੀਰਤਨ ਵਿਆਖਿਆਨ ਬੜੇ ਧਿਆਨ ਨਾਲ ਸੁਣਿਆ ਕਰਦਾ। ਸੰਮਤ ੧੯੯੨-੯੩ ਬਿਕ੍ਰਮੀ ਦੇ ਸਮੇਂ ਵਿਚ ਮੈਂ ਗੁਰ: ਛੇਵੀਂ ਪਾਤਸ਼ਾਹੀ ਸ੍ਰੀਨਗਰ ਦੇ ਮਹੰਤ ਜੀ ਤੇ ਉਨ੍ਹਾਂ ਦਿਆਂ ਹਾਮੀਆਂ ਅਤੇ ਉਸ ਸਮੇਂ ਦੀ ਸੇਵਾ

ਕਮੇਟੀ ਦੇ ਝਗੜੇ ਨੂੰ ਸਮਝਣ ਦੇ ਜਤਨ ਕਰਦਾ, ਪਰ ਮੈਨੂੰ ਕੁਝ ਸਮਝ ਨਹੀਂ ਸੀ ਪੈਂਦਾ। ਮੈਂ ਲੜਾਈ ਝਗੜੇ ਗੁਰਦੁਆਰੇ ਵਿਚ ਵੇਖ ਵੇਖ ਹਰਿਆਨ ਹੋਇਆ ਕਰਦਾ। ਗੁਰਦੁਆਰਾ ਬਾਬਾ ਸ੍ਰੀ ਚੰਦ ਚਿਨਾਰ ਤੇ ਗੁਰ: ਮਹਾਰਾਜ ਗੰਜ ਦੇ ਝਗੜੇ ਅਤੇ ਮੁਕੱਦਮਿਆਂ ਨੂੰ ਮੈਂ ਸੁਣਨ ਸਮਝਣ ਜਾਇਆ ਕਰਦਾ। ਮੇਰੇ ਅੰਦਰ ਜੋਸ਼ ਜਿਹਾ ਪੈਦਾ ਹੁੰਦਾ, ਭਈ ਕਾਸ਼! ਮੈਨੂੰ ਸਟੇਜ ਤੇ ਖੜਾ ਹੋਣ ਤੇ ਬੋਲਣ ਦਾ ਚਜ ਆ ਜਾਏ, ਮੈਂ ਭੀ ਦਿਲ ਦੀਆਂ ਗੱਲਾਂ ਸੁਣਾ ਸਕਾਂ। ਮੈਂ ਗੁਰਪੁਰਬਾਂ ਅਤੇ ਦੀਵਾਨਾਂ ਵਿਚ ਪੁਜ ਕੇ ਜੋੜਿਆਂ ਦੀ ਸੇਵਾ ਕਰਿਆ ਕਰਦਾ, ਜਲੂਸਾਂ ਸਮੇਂ ਜਲ ਛਕਾਉਣ ਤੇ ਨਾਅਰੇ ਲਗਾਉਣ ਵਿਚ ਪ੍ਰਮੁੱਖਤਾ ਪ੍ਰਾਪਤ ਕਰਿਆ ਕਰਦਾ।

ਸਕੂਲੋਂ ਛੁਟੀਆਂ ਹੋਣ ਤੇ ਗਰਮੀਆਂ ਵਿਚ ਮੈਂ ਪਿੰਡ ਜਾ ਕੇ ਜੰਗਲਾਂ ਵਿਚ ਫਿਰ ਫਿਰ ਕੇ ਕੁਦਰਤ ਦੇ ਸਵਾਦ ਮਾਣਿਆ ਕਰਦਾ ਅਤੇ ਜੰਗਲੀ ਪੰਛੀਆਂ ਦੀਆਂ ਕਰੁਣਾ ਰਸ ਪੂਰਤ ਅਵਾਜ਼ਾਂ ਸੁਣ ਕੇ ਮੈਂ ਲਟਬੌਰਾ ਜਿਹਾ ਹੋ ਜਾਂਦਾ। ਕੁਝ ਕੁ ਸਮੇਂ ਲਈ ਮੇਰੇ ਦਿਲ ਦੀਆਂ ਗਹਿਰਾਈਆਂ ਤੇ ਵਿਸਮਾਦ-ਜਨਕ ਦਸ਼ਾ ਛਾ ਜਾਇਆ ਕਰਦੀ। ਕੁਝ ਬਾਹਰ ਆਉਣਾ ਚਾਹੁੰਦਾ, ਪਰ ਨਹੀਂ ਸੀ ਆ ਸਕਿਆ ਕਰਦਾ।

ਮੈਂ ਸਤਵੀਂ ਪੜ੍ਹਿਆ ਕਰਦਾ ਸਾਂ ਕਿ ਇਕ ਗਵਾਂਢਣ ਕੁੜੀ, ਜੋ ਚਾਰ ਪੰਜ ਸਾਲ ਤੋਂ ਮੇਰੇ ਨਾਲ ਖੇਡਿਆ ਤੇ ਪੜ੍ਹਿਆ ਕਰਦੀ ਸੀ, ਦੇ ਪਿਤਾ ਜੀ ਦੀ ਜੰਮੂ ਤਬਦੀਲੀ ਹੋ ਗਈ। ਉਸ ਦੇ ਵਿਛੋੜੇ ਨੇ ਮੇਰੇ ਮਨ ਤੇ ਅਸਹਿ ਸਟ ਮਾਰੀ। ਮੇਰੇ ਮਨ ਤੇ ਕਰੁਣਾ ਰਸ ਦੇ ਸਥਾਈ ਭਾਵ ਨੇ ਕਬਜ਼ਾ ਕਰ ਲਿਆ। ਮੈਂ ਆ-ਮੁਹਾਰੇ ਕੁਝ ਗੁਣ-ਗੁਣਾਉਂਦਾ ਰਹਿੰਦਾ। ਮੇਰੇ ਅੰਦਰੋਂ ਕੁਝ ਬਾਹਰ ਨਿਕਲਣਾ ਲੋਚਦਾ, ਕੁਝ ਬੋਲ ਜਿਹੇ ਬਣਦੇ, ਮੈਂ ਗਾ ਕੇ ਭੁਲ ਜਾਂਦਾ। ਮੈਂ ਸ਼ਾਮ ਵੇਲੇ ਖੇਡਣ ਦੇ ਸਮੇਂ ਚਾਂਦ-ਮਾਰੀ ਪਰੇਡ ਸ੍ਰੀ ਨਗਰ ਦੀ ਝੀਲ ਦੇ ਕੰਢੇ ਤੇ ਜਾ ਕੇ ਅੰਦਰੋਂ ਫੁਟੇ ਬੋਲ ਲੰਮੀਆਂ ਹੇਕਾਂ ਨਾਲ ਗਾਉਂਦਾ ਅਤੇ ਅਥਰੂ ਕੇਰਿਆ ਕਰਦਾ। ਅਤੇ ਇਕ ਸਮਾਂ ਆਇਆ, ਮੈਂ ਕੁਝ ਕਾਗਜ਼ ਤੇ ਪੈਨਸਲ ਨਾਲ ਝਰੀਟੀ ਜਾਂਦਾ। ਕੁਝ ਸਿਧੇ ਪੁਠੇ ਬੋਲ ਬਣਦੇ, ਮੈਂ ਪੜ੍ਹਦਾ, ਗਾਂਦਾ, ਪਰ ਸਦਾ ਉਦਾਸ ਰਹਿੰਦਾ।

ਸਭ ਤੋਂ ਪਹਿਲਾਂ ਚੇਤ ੧੯੮੭ ਬਿਕ੍ਰਮੀ ਵਿਚ ਮੈਂ ਪਹਿਲੀ ਕਵਿਤਾ ਲਿਖੀ ਸੀ, ਜਦੋਂ ਮੈਂ ਅਠਵੀਂ ਸ਼੍ਰੇਣੀ ਵਿਚ ਪੜ੍ਹਿਆ ਕਰਦਾ ਸਾਂ। ਉਹ ਕਵਿਤਾ ਮੈਂ ਗੁਰ: ਟਿਬੀ ਸਾਹਿਬ ਪਿੰਡ ਸਈਮੂੰ ਤਰਾਲ ਵਿਸਾਖੀ ੧੯੮੮ ਦੇ ਦੀਵਾਨ ਤੇ ਸੁਣਾਈ ਸੀ। ਜਿਸ ਵਿਚ ਭੈਣਾਂ ਨੂੰ ਚੂੰਡਾ ਤਿਆਗਣ ਤੇ ਖਦਰ ਪਹਿਨਣ ਦੀ ਪਰੇਰਨਾ ਕੀਤੀ ਗਈ ਸੀ। ਮੇਰਾ ਸਟੇਜ ਤੇ ਖੜੋਣ ਦਾ ਇਹ ਪਹਿਲਾ ਤੇ ਵਿਜਈ ਦਿਹਾੜਾ ਸੀ।

ਮੈਂ ਹਾਲੀ ਵਿਦਿਆਰਥੀ ਹੀ ਸਾਂ ਕਿ ਮੇਰੀ ਇਕ ਪਿਆਰੀ ਛੋਟੀ ਭੈਣ ਸਾਰੇ ਪਰਿਵਾਰ ਨੂੰ, ਦੋ ਕੁ ਸਾਲ ਗਲੇ ਦੀ ਹੱਡੀ ਤੇ ਨਾਸੂਰ ਹੋ ਜਾਣ ਕਾਰਨ ਦੁਖੀ ਲਾਚਾਰ ਕਰ ਕੇ ਅੰਤ ਹੈਜ਼ੇ ਦਾ ਸ਼ਿਕਾਰ ਹੋ ਗਈ। ਮੈਂ ਇਸ ਦੀ ਮੌਤ ਦਾ ਦੋਸ਼ੀ ਆਪਣੇ ਆਪ ਨੂੰ ਸਮਝਿਆ। ਕਿਉਂਕਿ ਪੂਜਯ ਮਾਤਾ ਜੀ ਦੇ ਕਹਿਣ ਦੇ ਬਾਵਜੂਦ ਵੀ, ਮੈਂ ਇਕ ਹਕੀਮ ਦੇ ਆਖੇ ਲਗ ਕੁਰਾਹੇ ਪੈ ਕੇ, ਇਸ ਨੂੰ ਟੀਕਾ ਨਹੀਂ ਸੀ ਕਰਾਇਆ, ਭਈ ਇਸ ਤੇ ਹੈਜ਼ਾ ਅਸਰ ਨਹੀਂ ਕਰ ਸਕਦਾ। ਬੱਚੀ ਹੋਣ ਕਾਰਨ ਉਸ ਦੀ ਰੂਹ ਬੜੀ ਔਖੀ ਤਰ੍ਹਾਂ ਪਿੰਜਰ ਨੂੰ ਛਡ ਕੇ ਉਡ ਸਕੀ ਸੀ। ਇਸ ਲਈ ਇਸ ਦੁਖਦਾਈ ਮੌਤ ਦਾ ਮੇਰੇ ਮਨ ਤੇ ਹਦੋਂ ਵਧ ਭੈ-ਭੀਤ ਅਸਰ ਹੋਇਆ, ਮੈਂ ਕਈ ਮਹੀਨੇ 'ਅੰਮ੍ਰਿਤ' ਦੀ ਯਾਦ ਵਿਚ ਪਛਤਾਂਦਾ ਰਿਹਾ, ਭਈ ਮੈਂ ਉਸ ਨੂੰ ਟੀਕਾ ਕਿਉਂ ਨਹੀਂ ਸੀ ਕਰਾਇਆ ?

ਮੇਰਾ ਦਿਲ ਦੁਹਾਂ ਭੈਣਾਂ ਦੀ ਜੁਦਾਈ ਵਿਚ ਤੜਪ ਪਿਆ। ਇਕ ਤਾਂ ਪਰਲੋਕ ਅਤੇ ਦੂਜੀ ਮੇਰੇ ਨੈਣਾਂ ਦੇ ਉਹਲੇ ਲੋਕ, ਮੇਰੇ ਨਾਲ ਕਈ ਸਾਲ ਖੇਡ ਕੇ ਜੰਮੂ ਚਲੀ ਗਈ ਸੀ। ਹੁਣ ਮੈਂ ਹੋਰ ਭੀ ਉਦਾਸ ਰਿਹਾ ਕਰਦਾ ਅਤੇ ਸ੍ਰੀ ਰਾਮਧਾਰੀ ਸਿੰਘ ਦਿਨਕਰ ਜੀ ਦੇ ਕਥਨ ਅਨੁਸਾਰ :-

"ਜਲ ਕਰ ਚੀਖ ਉੱਠਾ ਵਹਿ ਕਵੀ ਥਾ" ਅਤੇ ਸ੍ਰੀ ਐਂਡਰੇ ਦੇ ਵੀਚਾਰ ਅਨੁਸਾਰ : "ਕਵਿਤਾ ਗ਼ਮ ਦੀ ਭੈਣ ਹੈ, ਹਰ ਆਦਮੀ ਜੋ ਰੋਂਦਾ ਧੋਂਦਾ ਹੈ, ਉਹ ਕਵੀ ਹੈ, ਉਸ ਦੇ ਨੈਣਾਂ ਦਾ ਹਰ ਹੰਝੂ ਕਵਿਤਾ ਦੀ ਸਤਰ ਹੈ।" ਬਸ ਫਿਰ ਕੀ ਸੀ, ਮੈਂ ਹਰ ਸਮੇਂ ਕਿਸੀ ਖ਼ਿਆਲ ਵਿਚ ਡੁੱਬਾ ਸੋਚਦਾ ਰਹਿੰਦਾ ਤੇ ਕਾਗਜ਼ ਕਾਲੇ ਕਰਿਆ ਕਰਦਾ।

ਆਪਣੇ ਬਜ਼ੁਰਗਾਂ ਦੇ ਫ਼ੌਜੀ ਕਾਰਨਾਮੇ ਪੜ੍ਹ ਸੁਣ ਕੇ ਮੈਨੂੰ ਫ਼ੌਜ ਵਿਚ ਭਰਤੀ ਹੋਣ ਦੀ ਹਦੋਂ ਵਧ ਲਾਲਸਾ ਸੀ ਅਤੇ ਇਸ ਸ਼ੌਕ ਦੇ ਵਸ ਹੀ ਮੈਂ ਹਾਕੀ ਅਤੇ ਕਿਰਕਿਟ ਦਾ ਚੰਗਾ ਖਿਲਾੜੀ ਹੋਣ ਕਾਰਨ ਮਿਲਟਰੀ ਪਲੇਅਰ ਪ੍ਰਸਿਧ ਹੋ ਗਿਆ ਸਾਂ। ਸੋ ੧੯੯੦ ਬਿ: ਵਿਚ ਮੈਂ ਸਕੂਲ ਦੀ ਪੜ੍ਹਾਈ ਤੋਂ ਵਿਹਲਾ ਹੋ ਬਦਾਮੀ ਬਾਗ ਛਾਉਣੀ ਬੜੇ ਉਤਸ਼ਾਹ ਤੇ ਸ਼ਗਨਾਂ ਸਹਿਤ ਜਾ ਪੇਸ਼ ਹੋਇਆ, ਪਰ ਅਫ਼ਸੋਸ ! ਦਿਲ-ਧੜਕਨ ਦੇ ਕਾਰਨ ਮੇਰੀ ਇਹ ਅੱਤ ਤੀਬਰ ਇਛਿਆ ਸਿਰੇ ਨਾ ਚੜ੍ਹ ਸਕੀ।

ਮੇਰੇ ਮਨ ਤੇ ਭਾਰੀ ਸਟ ਵਜੀ ਤੇ ਮੈਂ ਕਰੁਣਾ ਰਸ ਵਿੱਚ ਡੁਬਿਆ "ਹੀਰ ਕੋਮਲ" ਬੈਂਤਾਂ ਵਿਚ ਕੁਝ ਕੁ ਮਹੀਨਿਆਂ ਵਿਚ ਲਿਖ ਕੇ ਤਿਆਰ ਕਰ ਲਈ। ਪਰ ਇਸ ਦੇ ਨਾਲ ਭੀ ਮੇਰੀ ਫ਼ੌਜੀ ਅਖਵਾਉਣ ਦੀ ਖ਼ਾਹਿਸ਼ ਮੱਠੀ ਨਾ ਪਈ। ਹੋਰ ਕੋਈ ਨੌਕਰੀ ਕਰਨੀ ਮੈਂ ਆਪਣੀ ਹਤਕ ਸਮਝਦਾ ਸਾਂ, ਇਸ ਲਈ ਮੈਂ ਆਪਣੇ ਦਿਲ ਦੀ ਸਿਹਤ ਬਣਾਉਣ ਦਿਆਂ ਜਤਨਾਂ ਵਿਚ ਜੁਟ ਗਿਆ। ਮਾਸ,

ਮੱਛੀ ਤੇ ਚਾਹ ਮੈਂ ਸੰਮਤ ੧੯੯੪ ਤੋਂ ਤਿਆਗ ਬੈਠਾ ਸਾਂ (ਅਜ ਕਲ੍ਹ ਭੀ ਇਨ੍ਹਾਂ ਦਾ ਤਿਆਗੀ ਹਾਂ) ਇਸ ਲਈ ਤਾਕਤਵਰ ਖ਼ੁਰਾਕਾਂ ਖਾਣ, ਦੌੜਾਂ ਲਗਾਉਣ ਤੇ ਵਰਜ਼ਿਸ਼ ਕਰਨ ਵਿਚ ਲਗਾ ਰਹਿੰਦਾ । ਪਰ ਨਾਲ ਹੀ ਅਲ੍ਹੜ ਜਵਾਨੀ ਦੀਆਂ ਖਰਮਸਤੀਆਂ ਦਾ ਸ਼ਿਕਾਰ ਹੋਇਆ, "ਹੀਰ ਕੋਮਲ" ਸੁਰੀਲੇ ਤੇ ਅਤਿ ਪ੍ਰਭਾਵਸ਼ਾਲੀ ਗਲੇ ਨਾਲ ਗਾ ਕੇ, ਆਪ ਮਸਤ ਹੁੰਦਾ ਤੇ ਕਈਆਂ ਦੇ ਦਿਲ ਝੂਮਾ ਦਿਆ ਕਰਦਾ ਸਾਂ । ਇਸ ਦਾ ਪ੍ਰਤਿਕਰਮ ਇਹ ਹੋਇਆ ਕਿ ਜਵਾਨੀ ਦੀਵਾਨੀ ਅਨੁਸਾਰ ਦਿਲ ਦੀ ਧੜਕਣ ਹਟਾਉਂਦਾ, ਕੁਸੰਗਤ ਦੇ ਪ੍ਰਭਾਵ ਹੇਠਾਂ ਆ, ਮੈਂ ਸਗੋਂ ਤਿੰਨ ਕੁ ਸਾਲ, ਦਿਲ ਇਕ ਦੇ ਹਵਾਲੇ ਕਰ ਕੇ ਸਭ ਕੁਝ ਹੀ ਵਿਗਾੜ ਬੈਠਾ ।

ਮੇਰੇ ਪੂਜਯ ਪਿਤਾ ਜੀ ਮੇਰੀ ਸਰੀਰਕ ਤੇ ਮਾਨਸਿਕ ਨਿਘਰਦੀ ਜਾ ਰਹੀ ਹਾਲਤ ਨੂੰ ਤਾੜ ਗਏ । ਇਕ ਦਿਨ ਇਕਾਂਤ ਵਿਚ ਮੈਨੂੰ ਕਹਿਣ ਲਗੇ, "ਪੁੱਤਰ ! ਮਿਲਟਰੀ ਦੀ ਕਪਤਾਨੀ ਤਾਂ ਹੁਣ ਰਹੀ, ਹੁਣ ਪੋਲੀਸ ਵਿਚ ਹੀ ਭਰਤੀ ਹੋ ਜਾ, ਹਾਲੇ ਭੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਪ੍ਰਾਸਚਿਤ ਕਰ ਕੇ ਸੰਭਲ ਜਾ ।" ਪੂਜਯ ਪਿਤਾ ਜੀ ਦੀ ਇਹ ਇਸ਼ਾਰੇ ਮਾਤ੍ਰ ਝਾੜ ਮੇਰਾ ਜੀਵਨ ਪਲਟਾ ਗਈ । ਮੈਂ ਉਨ੍ਹਾਂ ਦੇ ਸਾਹਮਣੇ ਅੱਖਾਂ ਨੀਵੀਆਂ ਪਾਈ ਪ੍ਰਣ ਕੀਤਾ ਕਿ ਅਗੋਂ ਮੈਂ ਬਫ਼ਜ਼ਲਿ ਅਕਾਲ-ਜੀਵਨ ਭਰ ਲਈ ਪਰ-ਵੇਲਿ ਵਲੋਂ ਚਲਾਏ ਜਪ ਤਪ ਸੀਲ ਬਿਦਾਰਣ ਹਾਰ ਦੇ ਪੁਰਪ-ਤੀਰਾਂ ਦਾ ਨਿਸ਼ਾਨਾ ਨਹੀਂ ਬਣਾਂਗਾ ।

ਸੋ ਦੂਜੇ ਦਿਨ ਹੀ ਪੋਲੀਸ ਵਿਚ ਜਾ ਦਰਖ਼ਾਸਤ ਦਿਤੀ । ਮੇਰਾ ਇਨਟਿਰਵੀਊ ਆਦਿ ਹੋ ਹੀ ਰਿਹਾ ਸੀ ਕਿ ਗੁਰ: ਸ੍ਰੀ ਗੁਰੂ ਨਾਨਕ ਦੇਵ ਜੀ ਸੋਪੁਰ ਦਾ ਮੋਰਚਾ ਅਰੰਭ ਹੋ ਗਿਆ । ਮੈਂ ਪੋਲੀਸ ਵਿਚ ਹਵਾਲਦਾਰ ਭਰਤੀ ਹੋਇਆ ਹੀ ਸਾਂ ਕਿ ਜੱਥੇ ਲਈ ਸ੍ਰੀ ਨਗਰ ਵਿਖੇ ਸਿੰਘਾਂ ਦੀ ਸਖ਼ਤ ਲੋੜ ਪੈ ਗਈ । ਮੈਂ ਪੋਲੀਸ ਦੀ ਨੌਕਰੀ ਠੁਕਰਾ ਕੇ ਜੱਥਾ ਨੰ: ੯ ਦਾ ਜੱਥੇਦਾਰ ਬਣ ਕੇ ਸਾਵਣ ੧੯੯੨ ਨੂੰ ਸੋਪੁਰ ਮੋਰਚੇ ਵਿਚ ਜਾ ਸ਼ਾਮਲ ਹੋਇਆ । ਉਥੇ ਪੁਜ ਮੈਨੂੰ ਮੋਰਚੇ ਦਾ ਮੈਨੇਜਰ ਥਾਪਿਆ ਗਿਆ । ਮੈਂ ਹਰ ਜੱਥੇ ਦੇ ਸਵਾਗਤ ਵਜੋਂ ਹਰ ਰੋਜ਼ ਨਵੀਂ ਹੀ ਕਵਿਤਾ ਲਿਖ ਕੇ ਜੱਥਿਆਂ ਨੂੰ ਸੁਣਾਇਆ ਕਰਦਾ । ਕਸ਼ਮੀਰ ਸਰਕਾਰ ਨੇ ਮੈਨੂੰ ਗ੍ਰਿਫ਼ਤਾਰ ਕਰ ਕੇ ਇਕ ਸਾਲ ਕੈਦ ਤਾਂ ਕੀਤਾ, ਪਰ ਕੁਝ ਕੁ ਦਿਨਾਂ ਮਗਰੋਂ ਸਮਝੌਤਾ ਹੋ ਜਾਣ ਤੇ ਰਿਹਾ ਕਰ ਦਿਤਾ ।

ਜਿਹੜੀ ਚੇਟਕ ਕਵਿਤਾ ਰਚਣ ਦੀ ਮੈਨੂੰ ਲਗ ਗਈ ਸੀ, ਉਸ ਵਿਚ ਮੇਰੇ ਬੇਕਾਰ ਹੋ ਜਾਣ ਤੇ ਅਰ ਸਰਕਾਰ-ਪ੍ਰਸਤ ਲੋਕਾਂ ਵਲੋਂ ਤਾਹਨੇ ਨਹੋਰਿਆਂ ਕਾਰਨ ਭਈ "ਇਸ ਰਿਜ਼ਕ ਨੂੰ ਲਤ ਮਾਰੀ ਹੈ, ਹੁਣ ਆਪੇ ਭੁਖਾ ਮਰੇਗਾ" ਹੋਰ ਭੀ ਵਾਧਾ ਹੋ ਗਿਆ । ਮੈਂ ਰਾਤ ਦਿਨ ਕਲਮ ਫੜੀ ਰਖਦਾ ਅਤੇ ਬਸ ਲਿਖਦਾ

ਹੀ ਰਿਹਾ ਕਰਦਾ। "ਹੀਰ ਕੋਮਲ" ਨੂੰ ਮੁੜ ਸੋਧਣ ਸੰਵਾਰਨ ਤੋਂ ਬਿਨਾਂ, ਮੈਂ ਸੈਂਕੜੇ ਸਿਰਲੇਖਾਂ ਹੇਠ ਕਵਿਤਾਵਾਂ ਲਿਖ ਲਿਖ ਕੇ ਜਮ੍ਹਾ ਕਰਦਾ ਰਿਹਾ।

ਗੁਰਦੁਆਰਾ ਸੇਪੁਰ ਦੇ ਮੋਰਚੇ ਨੇ, ਮੈਨੂੰ ਨੀਤਕ ਤੌਰ ਤੇ ਹਦੋਂ ਵਧ ਦੁਬੇਲ ਰਿਆਸਤੀ ਸਿਖਾਂ ਦੀ ਵਿਦਿਅਕ, ਸਮਾਜਕ, ਆਰਥਿਕ ਅਤੇ ਰਾਜਨੀਤਕ ਦਸ਼ਾ ਸੰਵਾਰਨ ਲਈ ਵਕਤਾ (Orator) ਬਣਨ ਲਈ ਪਰੇਰਿਆ। ਮੈਨੂੰ ਅੰਦਰੋਂ ਅਵਾਜ਼ ਆ ਰਹੀ ਸੀ ਕਿ ਕੌਮਾਂ ਦੀ ਤਕਦੀਰ ਵਿਦਵਾਨ ਤੇ ਆਚਾਰਵਾਨ ਵਕਤੇ, ਕਵੀ ਅਤੇ ਲਿਖਾਰੀ ਬਦਲ ਸਕਦੇ ਹਨ। ਸੋ ਮੈਂ ੧੦ ਮਘਰ ੧੯੯੨ ਨੂੰ ਵਕਤਾ ਬਣਨ ਦੀ ਲਾਲਸਾ ਪੂਰੀ ਕਰਨ ਲਈ, ਮਾਤਾ ਜੀ ਪਾਸੋਂ ੧੦) ਲੈ ਕੇ ਬਾਰ੍ਹਾਂ ਮੂਲੇ ਮੀਟਿੰਗ ਤੇ ਜਾਣ ਦਾ ਬਹਾਨਾ ਕਰ ਕੇ, ਘਰੋਂ ਖਿਸਕ ਗਿਆ। ਮੁਜ਼ਫ਼ਰਾਬਾਦ ਥਾਣੀ ਹੁੰਦਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕਰ ਮੈਂ ਰਾਵਲਪਿੰਡੀ ਜਾ ਪੁਜਾ। ਰਾਵਲਪਿੰਡੀ ਪੁਜ ਕੇ ਮੇਰੀ ਜੇਬ ਖ਼ਾਲੀ ਹੋ ਗਈ ਤੇ ਰਾਵਲਪਿੰਡੀ ਤੋਂ ਪੈਦਲ ਤੁਰ ਮੈਂ ਲਾਹੌਰ ਪੁਜਾ। ਲਾਹੌਰ ਸ਼ਹਿਰ ਵਿਖੇ ਸਰਕਾਰ ਨੇ ਕਿਰਪਾਨ ਤੇ ਪਾਬੰਦੀ ਲਗਾ ਰਖੀ ਸੀ ਤੇ ਸਿਖਾਂ ਨੇ ਪਾਬੰਦੀ ਤੋੜਨ ਲਈ ਮੋਰਚਾ ਲਾ ਰਖਿਆ ਸੀ। ਮੈਨੂੰ ਭੀ ਚਾਅ ਚੜ੍ਹ ਗਿਆ ਤੇ ਕਈ ਜੋਸ਼ੀਲੀਆਂ ਕਵਿਤਾਵਾਂ ਸੁਣਾ ਕੇ ਜੱਥੇ ਵਿਚ ਸ਼ਾਮਲ ਹੋ ਗ੍ਰਿਫ਼ਤਾਰ ਹੋ ਗਿਆ। ਡੇਢ ਕੁ ਮਹੀਨਾ ਜੇਲ੍ਹ ਯਾਤਰਾ ਕਰ ਮੈਂ ਰਿਹਾ ਹੋ ਗਿਆ।

ਲਾਹੌਰੋਂ ਪੈਦਲ ਤੁਰ ਕੇ ਮੈਂ ਸ੍ਰੀ ਅੰਮ੍ਰਿਤਸਰ ਦੀ ਪਵਿਤ੍ਰ ਧੂੜੀ ਮਸਤਕ ਤੇ ਲਗਾ ਕੇ, ਪੈਦਲ ਹੀ ਬਹੁਤ ਸਾਰੇ ਗੁਰਦੁਆਰਿਆਂ ਦਾ ਦਰਸ਼ਨ ਕਰਦਾ ਸ੍ਰੀ ਅਨੰਦ ਪੁਰ ਦੀ ਧੂੜੀ ਮੱਥੇ ਤੇ ਲਾ ਮੁੜ ਪੈਦਲ ਹੀ ਵਾਪਸ ਸ੍ਰੀ ਤਰਨ ਤਾਰਨ ਪੁਜਾ। ਇਸ ਪੈਦਲ ਸਫ਼ਰ ਵਿੱਚ ਮੈਨੂੰ ਕਈ ਪ੍ਰਕਾਰ ਦਿਆਂ ਗੁੰਥੀਆਂ ਅਤੇ ਸੇਵਾਦਾਰਾਂ ਨਾਲ ਵਾਹ ਪਿਆ। ਕਿਸੇ ਪਾਸੋਂ ਆਦਰ, ਕਿਸੇ ਪਾਸੋਂ ਰੋਟੀ ਬਿਸਤਰੇ ਲਈ ਝਾੜ ਹੀ ਖਾ ਕੇ ਮੈਂ ਤੁਰਿਆ ਜਾਂਦਾ ਰਿਹਾ। ਪਰ ਮੇਰੇ ਉਦ੍ਰਾਸ ਮਨ ਤੇ ਕਰੁਣਾ ਰਸ ਦਾ ਸਥਾਈ ਭਾਵ ਹੀ ਤਾਰੀ ਰਿਹਾ ਤੇ ਮੈਂ ਦਰਜਨਾਂ ਸਿਰਲੇਖਾਂ ਹੇਠ ਕਵਿਤਾਵਾਂ ਝਰੀਟ ਕੇ ਸੰਭਾਲ ਕੇ ਜਮ੍ਹਾ ਰਖਦਾ ਰਿਹਾ।

ਸ੍ਰੀ ਤਰਨ ਤਾਰਨ ਪੁਜ ਮੈਂ ੧੫ ਚੇਤ ੧੯੯੨ ਨੂੰ ਖ਼ਾਲਸਾ ਪ੍ਰਚਾਰਕ ਵਿਦਿਆਲਾ ਵਿਚ ਸਿਖ ਮਿਸ਼ਨਰੀ ਕਲਾਸ ਵਿਚ ਦਾਖ਼ਲ ਹੋ ਗਿਆ। ਸੀਨੀਅਰ ਸਿਖ ਮਿਸ਼ਨਰੀ ਕਲਾਸ ਦਾ ਕੋਰਸ ਮੁਕੰਮਲ ਕਰ ਕੇ ਅਤੇ ਇਮਤਿਹਾਨ ਵਿਚੋਂ ਸਫ਼ਲਤਾ ਪ੍ਰਾਪਤ ਕਰ, ਮੈਂ ਗਿਆਨੀ ਆਦਿ ਦੀਆਂ ਪ੍ਰੀਖਿਆਵਾਂ ਚੰਗੇ ਮਾਣ ਨਾਲ ਪਾਸ ਕਰ ਕੇ, ਅਕਾਲ ਪੁਰਖ ਦਾ ਧੰਨਵਾਦ ਕੀਤਾ। ਵਿਦਿਆਲੇ ਵਿਖੇ ਮੈਂ ਪ੍ਰਸਿਧ ਟ੍ਰੈਕਟ "ਧਰਮ ਧੁਜ" ਲਿਖ ਕੇ ਪ੍ਰਕਾਸ਼ਤ ਕਰਵਾਇਆ। ਇਹ ਮੇਰੀ ਪਹਿਲੀ ਇਤਿਹਾਸਕ ਖੋਜ ਸੀ। ਡਾ: ਰਘਬੀਰ ਸਿੰਘ ਜੀ M. D., ਸ: ਸ਼ੇਰ

ਸਿੰਘ Eng. ਰਾਮ ਗਲੀ ਤੇ ਸ: ਜੈ ਸਿੰਘ ਖਸਲਾ ਰੀ: ਸੁਪ੍ਰੰਟੈਂਡੈਂਟ ਟੈਲੀਗਰਾਫ਼ਸ ਲਾਹੌਰ (ਅਜ ਕਲ੍ਹ ਲੋਧੀ ਕਾਲੋਨੀ ਨਵੀਂ ਦਿਲੀ) ਨੇ ਮੇਰੀ ਮਾਲੀ ਸਹਾਇਤਾ ਕਰ ਕੇ, ਪਰੇਸ਼ਾਨੀਆਂ ਤੋਂ ਬਚਾਈ ਰਖਿਆ ।

ਵਿਦਿਆਲੇ ਤੋਂ ਵਿਦਿਆ ਹੋ ਮੈਂ ਰਿਆਸਤ ਮੰਡੀ ਤੇ ਜ਼ਿਲਾ ਕਾਂਗੜਾ ਵਿਚ ਪ੍ਰਚਾਰ-ਅਭਿਆਸ ਕਰਨ ਚਲਾ ਗਿਆ । ਸ੍ਰੀ ਗੁਰੂ ਸਿੰਘ ਸਭਾ ਜੋਗਿੰਦਰ ਨਗਰ ਦਾ ਆਨਰੇਰੀ ਪ੍ਰਚਾਰਕ ਬਣ ਕੇ ਮੈਂ ਗੁਰਮਤ ਦਾ ਪ੍ਰਚਾਰ ਕੀਤਾ ਤੇ ਕਈ ਨਵੇਂ ਸਿੰਘ ਸਜਾਏ । ਮੇਰੇ ਦੀਵਾਨਾਂ ਤੇ ਹਿੰਦੂ ਭਰਾਵਾਂ ਕਈ ਥਾਈਂ ਪੱਥਰ ਵੀ ਵਰਸਾਏ ਤੇ ਮੈਂ ਰਾਜਾ ਮੰਡੀ ਨਾਲ ਮੁਲਾਕਾਤ ਕਰ ਕੇ ਰਿਆਸਤੀ ਸਿਖਾਂ ਦੀਆਂ ਕਈ ਮੁਸ਼ਕਲਾਂ ਹਲ ਕਰਵਾਈਆਂ ।

ਮੈਨੂੰ ਛੀ ਕੁ ਮਹੀਨੇ ਇਸ ਪਹਾੜੀ ਇਲਾਕੇ ਵਿਚ ਗੁਰਮਤ ਦਾ ਪ੍ਰਚਾਰ ਕਰਨ ਦੇ ਨਾਲ ਨਾਲ ਕੁਦਰਤ ਤੋਂ ਭੀ ਪ੍ਰਭਾਵਿਤ ਹੋਣ ਦਾ ਅਵਸਰ ਮਿਲਿਆ ਤੇ ਮੈਂ ਕਈ ਰਸਾਂ ਦੀਆਂ ਕਵਿਤਾਵਾਂ ਇਸ ਸੁਹਾਵਣੇ ਇਲਾਕੇ ਵਿਚ ਫਿਰਦਾ ਲਿਖਦਾ ਰਿਹਾ, ਜਿਨ੍ਹਾਂ ਵਿਚ ਕੁਦਰਤ ਨੂੰ ਬਿਆਨ ਕੀਤਾਂ ਗਿਆ ਸੀ ।

ਪ੍ਰਚਾਰ-ਅਭਿਆਸ ਦੌਰਾ ਖ਼ਤਮ ਕਰਕੇ ਮੈਂ ਅਸੂ ੧੯੯੬ ਵਿਚ ਕਸ਼ਮੀਰ ਆ ਗਿਆ । ਕਤਕ ੧੯੯੬ ਬਿ: ਵਿਚ ਮੈਂ ਗ੍ਰਹਿਸਤ ਧਰਮ ਧਾਰਨ ਕਰ ਲਿਆ ।

ਕਤਕ ਪੂਰਨਮਾਸ਼ੀ ੧੯੯੬ ਬਿ: ਨੂੰ ਮੈਂ ਪਹਿਲੀ ਵਾਰੀ ਕਸ਼ਮੀਰ ਨਿਵਾਸੀ ਸਿਖਾਂ ਦੇ ਸਾਹਮਣੇ ਸਟੇਜ ਤੇ ਆਇਆ । ਪਹਿਲਾਂ ਸਵੇਰੇ ਗੁਰੂ ਗ੍ਰੰਥ ਸਾਹਿਬ ਦੀ ਕਥਾ ਕੀਤੀ ਤੇ ਦੁਪਹਿਰ ਦੇ ਦੀਵਾਨ ਵਿਚ ਧਾਰਮਕ ਲੈਕਚਰ । ਆਪਣੇ ਇਸ ਪਹਿਲੇ ਪਰ ਇਤਿਹਾਸਕ ਲੈਕਚਰ ਵਿਚ ਮੈਂ ਸਿਖਾਂ ਨੂੰ ਇਕ ਲੜੀ ਵਿਚ ਪਰੁਚੇ ਰਹਿਣ ਲਈ ਕੇਂਦਰੀ ਪ੍ਰਤਿਨਿਧ ਜੱਥੇਬੰਦੀ ਕਾਇਮ ਕਰਨ ਤੇ ਜ਼ੋਰ ਦਿਤਾ । ਮੇਰਾ ਜਜ਼ਬੇ ਭਰਪੂਰ ਲੈਕਚਰ ਤੇ ਕਥਾ ਸੁਣ ਕੇ ਸੂਝਵਾਨ ਕਸ਼ਮੀਰੀ ਸਿਖਾਂ ਤੇ ਵਿਦਵਾਨਾਂ ਦੇ ਸੁਤੇ ਜਜ਼ਬੇ ਭੜਕ ਪਏ ; ਕਿਉਂਕਿ ਮੈਂ ਇਨ੍ਹਾਂ ਨੌਜਵਾਨਾਂ ਨੂੰ ਆਪਣੇ ਅਸਲੇ ਤੋਂ ਜਾਣੂ ਕਰਵਾ ਕੇ ਨਿਸਚੇ ਕਰਵਾ ਦਿਤਾ ਸੀ ਕਿ ਤੁਸੀਂ ਕਰਨੈਲਾਂ, ਸੂਬੇਦਾਰਾਂ ਤੇ ਜਮਾਦਾਰਾਂ ਦੀ ਸੰਤਾਨ ਹੋ ਅਤੇ ਸਿਖ ਰਾਜ ਤੋਂ ਭੀ ਪਹਿਲਾਂ ਅਫ਼ਗਾਨੀ ਹਕੂਮਤ ਵਿਚ ਫ਼ੌਜ ਤੇ ਸਿਵਲ ਵਿਚ ਤੁਹਾਨੂੰ ਸ਼ਾਨਦਾਰ ਮਾਣ ਪ੍ਰਾਪਤ ਸੀ, ਇਸ ਲਈ ਜਾਗੋ ਅਤੇ ਆਪਣੇ ਹੱਕਾਂ ਤੇ ਪੋਜੀਸ਼ਨ ਨੂੰ ਪ੍ਰਾਪਤ ਕਰਨ ਲਈ ਜਥੇਬੰਦ ਹੋ ਕੇ ਹੰਭਲਾ ਮਾਰੋ । ਇਸ ਤਾਰੀਖ਼ੀ ਤਕਰੀਰ ਤੋਂ ਬਾਅਦ ਮੈਂ ਹਰਿਕ ਇਲਾਕੇ ਵਿਚ ਪੁਜ ਪੁਜ ਕੇ ਉਪ੍ਰੋਕਤ ਖ਼ਿਆਲਾਂ ਦਾ ਪ੍ਰਚਾਰ ਕਰਦਾ ਰਿਹਾ ।

ਫਗਣ ੧੯੯੬ ਵਿਚ ਮੈਨੂੰ ਗੁਰਦਵਾਰਾ ਸ੍ਰੀ ਗੁਰੂ ਨਾਨਕ ਚਰਨ ਅਸਥਾਨ ਬੇਰਵਾ ਦਾ ਆਨਰੇਰੀ ਜਨਰਲ ਸਕਤ੍ਰ ਬਣਾ ਦਿਤਾ ਗਿਆ ਤੇ ੧੫ ਫਗਣ ੧੯੯੭

ਵਿਚ ਮੈਨੂੰ ਮਿਤਰਾਂ ਨੇ ਖ਼ਾਲਸਾ ਬੋਰਡਿੰਗ ਹਾਊਸ ਬਾਰਾਂ ਮੂਲਾ ਦਾ ਸੁਪ੍ਰੰਟੈਂਡੈਂਟ ਚੁਕ ਬਣਵਾਇਆ।

੨੨ ਕਤਕ ੧੯੯੯ ਨੂੰ ਮਹੰਤ ਮੰਗਲ ਸਿੰਘ ਜੀ ਨੰਗਾਲੀ ਸਾਹਿਬ ਨੇ ਸ੍ਰੀ ਨਗਰ ਵਿਖੇ ਭਾਰੀ ਕਨਵੈਨਸ਼ਨ ਕਰ ਕੇ ਸ਼੍ਰੋਮਣੀ ਖ਼ਾਲਸਾ ਦਰਬਾਰ ਜੰਮੂ ਕਸ਼ਮੀਰ ਦੀ ਵਾਹਿਦ ਪ੍ਰਤਿਨਿਧੀ ਜਮਾਤ ਕਾਇਮ ਕੀਤੀ। ਮੈਨੂੰ ਹਦੋਂ ਵਧ ਖ਼ੁਸ਼ੀ ਪ੍ਰਾਪਤ ਹੋਈ, ਭਈ ਮੇਰੀ ਦਿਲੀ ਮੁਰਾਦ ਪੂਰੀ ਹੋਈ।

ਖ਼ਾ: ਬੋ: ਹਾਊਸ ਬਾਰ੍ਹਾਂ ਮੂਲੇ ਰਹਿ ਕੇ ਮੈਂ ਦਰਜਨਾਂ ਸਿੱਖ ਬੱਚੀਆਂ ਨੂੰ ਮਿਡਲ ਤੇ ਗਿਆਨੀ ਦੀ ਪ੍ਰੀਖਿਆ ਵਿਚੋਂ ਪਾਸ ਕਰਾਉਣ, ਸ੍ਰੋ: ਖ਼ਾਲਸਾ ਦਰਬਾਰ ਤੇ ਨੈਸ਼ਨਲ ਕਾਨਫਰੰਸ ਲਈ ਅਮਲੀ ਪ੍ਰਚਾਰ ਕਰਨ, ਅਖ਼ਬਾਰ "ਹਮਦਰਦ" ਸ੍ਰੀ ਨਗਰ ਦਾ ਪਤ੍ਰ-ਪਰੇਰਕ ਹੋਣ ਅਤੇ ਆਪਣੇ ਲੈਕਚਰਾਂ, ਕਵਿਤਾਵਾਂ ਕਾਰਨ ਚੰਗਾ ਨਾਮਣਾ ਤਾਂ ਖਟਿਆ, ਪਰ "ਵਰਹ-ਗੀਗੀ" ਧੜਿਆਂ ਦੀ ਫੁਟ ਕਾਰਨ ਪ੍ਰਬੰਧਕ, ਸਟਾਫ਼ ਦੀ ਤਨਖ਼ਾਹ ਪੈਦਾ ਨਾ ਕਰ ਸਕੇ, ਜਿਸ ਲਈ ਮੈਨੂੰ ੧੦ ਫਗਣ ੧੯੯੯ ਨੂੰ ਬੋਰਡਿੰਗ ਛਡ ਕੇ, ਵਾਂ ਪੁਰੇ (ਕਾਮਰਾਜ) ਸਕੂਲ ਮਾਸਟਰ ਜਾ ਲਗਣਾ ਪਿਆ। ਰੱਬ ਨੂੰ ਮੇਰੀ ਜ਼ਬਾਨ-ਬੰਦੀ ਪਰਵਾਨ ਨਹੀਂ ਸੀ, ਸੋ ਉਸ ਡਵੀਜਨ ਦਾ ਵਸਨੀਕ ਨਾ ਹੋਣ ਕਾਰਨ ਮੈਨੂੰ ਮਹੀਨੇ ਕੁ ਮਗਰੋਂ ਅਡ ਕਰ ਕੇ, ਅਪਣੇ ਜ਼ਿਲੇ ਦਾ ਉਮੀਦਵਾਰ ਬਣਾ ਦਿਤਾ ਗਿਆ। ਪਰ ਮੈਂ ਵੀ ਇਰਾਦਾ ਕਰ ਲਿਆ ਕਿ ਸਰਕਾਰੀ ਨੌਕਰੀ ਨਹੀਂ ਕਰਨੀ।

ਸ: ਨਿਰਮਾਣ ਜੀ ਤੇ ਜਥੇਦਾਰ ਕਪੂਰ ਸਿੰਘ ਜੀ ਦੀ ਪਰੇਰਨਾ ਤੇ ਮੈਂ ੧੫ ਚੇਤ ੧੯੯੯ ਨੂੰ ਸ਼੍ਰੋਮਣੀ ਖ਼ਾਲਸਾ ਦਰਬਾਰ ਦਾ ਆਨਰੇਰੀ ਪ੍ਰਚਾਰਕ ਬਣ ਗਿਆ। ੯ ਜੇਠ ਤੋਂ ਅਖੀਰ ਭਾਦ੍ਰੋਂ ੨੦੦੦ ਬਿ: ਤੀਕ ਮੈਂ ਊਧਮਪੁਰ, ਜੰਮੂ, ਰਨਬੀਰ ਸਿੰਘ ਪੁਰਾ, ਅਖਨੂਰ, ਛੰਭ, ਮੁਨਾਵਰ, ਭੰਗਾਲੀ, ਦੇਵਾ ਬਟਾਲਾ, ਭਿੰਬਰ, ਅਲੀ ਬੇਗ, ਮੀਰ ਪੁਰ, ਡਡਿਆਲ, ਹਿਲ, ਖੂਹੀ ਰਟਾ, ਕਿੱਲਾ ਦਰਹਾਲ, ਕੋਟਲੀ ਅਤੇ ਪੁਣਛ ਆਦਿ ਥਾਵਾਂ ਤੇ ਸਖਤ ਗਰਮੀ ਵਿਚ ਸੈਂਕੜੇ ਮੀਲ ਪੈਦਲ ਫਿਰ ਕੇ, ਗੁਰਮਤ ਤੇ ਸ਼੍ਰੋ: ਖ਼ਾ: ਦਰਬਾਰ ਨੂੰ ਮਜ਼ਬੂਤ ਕਰਨ ਦਾ ਪ੍ਰਚਾਰ ਕਰਦਾ ਰਿਹਾ। ਇਸ ਸਮੇਂ ਵਿਚ ਵੀ ਮੈਨੂੰ ਕਵਿਤਾ ਦੀ ਚੇਟਕ ਲਗੀ ਹੀ ਰਹੀ।

ਦੌਰੇ ਤੋਂ ਵਾਪਸ ਆਉਣ ਤੇ ਮਹੰਤ ਜੀ ਗੁਰ: ਛੇਵੀਂ ਪਾਤਸ਼ਾਹੀ ਸ੍ਰੀਨਗਰ ਦੇ ਵਿਰੁਧ ਸ਼੍ਰੋਮਣੀ ਖ਼ਾਲਸਾ ਦਰਬਾਰ ਨੇ ਭਾਰੀ ਅੰਦੋਲਨ ਅਰੰਭ ਕਰ ਰਖਿਆ ਸੀ। ਮੈਨੂੰ ਵੀ ਸਾਥੀਆਂ ਦੀ ਪਰੇਰਨਾ ਤੇ ਇਸ ਅੰਦੋਲਨ ਵਿਚ ਕੁਦਣਾ ਪਿਆ ਤੇ ਮੈਂ ੨-੩ ਅਸੂ ੨੦੦੦ ਦੀ, ਮਹੰਤ ਜੀ ਵਿਰੁਧ, ਭਾਰੀ ਕਾਨਫਰੰਸ ਦਾ ਸਟੇਜ ਸਕਤ੍ਰ ਬਣ ਕੇ "ਮਹੰਤ ਸ਼ਾਹੀ ਖਤਮ ਕਰੋ" ਦਾ ਮੱਤਾ ਪੇਸ਼ ਕਰ ਕੇ, ਗੁਰ:

ਬੇਰਵੇ ਪਾਸ ਕਰਵਾਇਆ।

ਮਘਰ ੨੦੦੦ ਵਿਚ ਸ: ਰਘਬੀਰ ਸਿੰਘ ਜੀ "ਮੁਕਤ" ਅਖ਼ਬਾਰ "ਸ਼ਮਸ਼ੇਰ" ਸ੍ਰੀਨਗਰ ਦੀ ਐਡੀਟਰੀ ਮੈਨੂੰ ਸੌਂਪ ਆਪ ਪੁਣਛ ਚਲੇ ਗਏ। ਮੈਂ ਛੀ ਸਤ ਮਹੀਨੇ ਐਡੀਟਰੀ ਦੇ ਫ਼ਰਜ਼ ਸਫਲਤਾ ਸਹਿਤ ਨਿਭਾਏ। ਕਾਗਜ਼ ਤੇ ਛਪਾਈ ਦਾ ਪ੍ਰਬੰਧ ਤਾਂ ਮੁਕਤ ਜੀ ਕਰ ਗਏ, ਪਰ ਮੇਰੀ ਖ਼ੁਰਾਕ ਆਦਿ ਦੀ ਸੌਂਪਣੀ ਰਾਜ਼ਕ ਨੂੰ ਹੀ ਸੌਂਪ ਗਏ। ਇਸ ਸਮੇਂ ਮੈਂ ਰਜ ਕੇ ਭੁਖ ਦਾ ਟਾਕਰਾ ਕੀਤਾ। ਹਫ਼ਤੇ ਵਿਚ ਚਾਰ ਪੰਜ ਡੰਗ ਵਰਤ ਹੀ ਰਖ ਕੇ ਮੈਂ ਨਿਰਬਾਹ ਕਰਦਾ ਰਿਹਾ ਸਾਂ।

ਅੰਤ ਭੁਖੋਂ ਤੰਗ ਆ ਕੇ ਸ੍ਰੀਮਾਨ ਡਾਕਟਰ ਜਸਵੰਤ ਸਿੰਘ ਜੀ ਸ੍ਰੀਨਗਰ ਦੇ ਉਦਮ ਤੇ ਸ: ਨਿਰਮਾਣ ਜੀ ਦੀ ਅਤੇ ਮੇਰੀ ਪਰੇਰਨਾ ਦਾ ਸਦਕਾ, ਦੋ ਵਿਸਾਖ ੨੦੦੧ ਨੂੰ ਖ਼ਾਲਸਾ ਹਾਈ ਸਕੂਲ ਸ੍ਰੀਨਗਰ ਦੇ ਹੋਂਦ ਵਿਚ ਆਉਣ ਤੇ, ਮੈਂ ਪੰਜ ਵਿਸਾਖ ੨੦੦੧ ਨੂੰ, ਤੁਛ ਜਿਹੀ ਤਨਖ਼ਾਹ ਤੇ ਅਧਿਆਪਕ ਲਗ ਪਿਆ। ਤਾਂ ਜੋ ਸ੍ਰੀਨਗਰ ਵਿਚ ਰਹਿੰਦਾ ਹੋਇਆ, ਮੈਂ ਸ਼੍ਰੋ: ਖ਼ਾ: ਦਰਬਾਰ ਦੇ ਪ੍ਰੋਗਰਾਮ ਤੇ ਪਾਲਿਸੀ ਅਨੁਸਾਰ ਸਿਖ ਜਾਤੀਯ ਤੇ ਕੌਮ ਦੀ ਸੇਵਾ ਕਰ ਸਕਾਂ।

੧੦ ਵਿਸਾਖ ੨੦੦੨ ਬਿ: ਨੂੰ ਮੈਨੂੰ ਇਲਾਕਾ ਬੇਰਵਾ ਦੇ ਹਲਕੇ ਵਿਚੋਂ ਸ਼੍ਰੋ: ਖ਼ਾ: ਦਰਬਾਰ ਦਾ ਮੈਂਬਰ ਨੀਅਤ ਕੀਤਾ ਗਿਆ। ਵਿਰੋਧੀ ਧੜੇ ਦੇ ਇਕ ਸਜਣ ਨੇ ਇਸ ਹੀ ਦਿਨ ਮੈਨੂੰ ਇਹ ਪ੍ਰੱਣ ਕਰਵਾ ਕੇ ਹੀ ਦਮ ਲਿਆ, ਭਈ ਮੈਂ ਸਰਕਾਰੀ ਨੌਕਰੀ ਨਹੀਂ ਕਰਾਂਗਾ। ਮੈਂ ਇਹ ਪ੍ਰਣ ਅਜ ਤੀਕ ਪੂਰਾ ਕਰ ਰਖਿਆ, ਭਾਵੇਂ ਭਾਰੀ ਮਾਲੀ ਔਕੜਾਂ ਆਈਆਂ।

੨੮ ਵਿਸਾਖ ੨੦੦੨ ਨੂੰ ਮੈਨੂੰ ਸ਼੍ਰੋ: ਖ਼ਾ: ਦਰਬਾਰ ਦਾ ਸਕਤ੍ਰ ਬਣਾਇਆ ਗਿਆ। ਮੈਂ ਸਕਤ੍ਰ ਕਾਹਦਾ ਬਣਿਆ, ਆਪਣੇ ਜੀਵਨ ਨੂੰ ਸਦਾ ਲਈ ਭੁਖ ਨੰਗ ਤੇ ਪਰੇਸ਼ਾਨੀਆਂ ਵਿਚ ਜਕੜਵਾ ਕੇ, ਆਪਣਾ ਕੇਰੀਅਰ ਹੀ ਜਿਥੇ ਵਿਗਾੜ ਬੈਠਾ, ਉਥੇ ਸਚ ਬੋਲਣ ਤੇ ਸਚ ਕਮਾਉਣ ਕਾਰਨ, ਸਭ ਨੂੰ ਆਪਣਾ ਵਿਰੋਧੀ ਬਣਾਉਂਦਾ ਪਰੇਸ਼ਾਨ ਹੀ ਹੁੰਦਾ ਰਿਹਾ ਹਾਂ। ਸ: ਦਿਆਲ ਸਿੰਘ ਜੀ ਸਕਤ੍ਰ m/c ਖ਼ਾਲਸਾ ਹਾਈ ਸਕੂਲ ਨੇ ਮੈਨੂੰ, ਸਕੂਲ ਮਾਸਟਰ ਲਗਣ ਤੇ ਹੀ ਕਈ ਵਾਰੀ ਐਫ਼. ਏ., ਬੀ. ਏ. ਕਰ ਲੈਣ ਲਈ ਪਰੇਰਿਆ, ਪਰ ਇਮਤਿਹਾਨ ਦੇਣੇ ਤਾਂ ਇਕ ਪਾਸੇ ਰਹੇ, ਮੈਂ ਆਪਣੀ ਕਲਮ ਤੋਂ ਭੀ ਕੋਈ ਲਾਭ ਪ੍ਰਾਪਤ ਨਾ ਕਰ ਸਕਿਆ।

੭ ਸਾਵਣ ੨੦੦੨ ਨੂੰ ਸ੍ਰੋਮਣੀ ਖ਼ਾਲਸਾ ਦਰਬਾਰ ਨੇ ਗੁਰ: ਅਨੰਤਨਾਗ ਦੀ ਹਿਮੁਮਤ ਦਾ ਕੰਮ ਅਰੰਭਿਆ। ਧਰਮ ਅਰਥ ਕੌਂਸਲ ਨੇ ਗੁਰ: ਅਨੰਤਨਾਗ ਗੁਰ: ਮਟਨ ਸਾਹਿਬ ਵਿਰੁਧ ਕੇਸ ਦਾਇਰ ਕਰ ਦਿਤੇ, ਜਿਨ੍ਹਾਂ ਦੀ ਪੈਰਵੀ ਦਾ ਭਾਰੀ ਬੋਝ ਮੇਰੇ ਸਿਰ ਤੇ ਹੀ ਆ ਪਿਆ, ਜੋ ੩੦ ਅਸੂ ੨੦੦੪ ਤੀਕ ਧਰਮ

ਅਰਥ ਕੌਂਸਲ ਦੀ ਦਸਤ-ਬਰਦਾਰੀ ਦੇਣ ਤੀਕ ਜਾਰੀ ਰਿਹਾ। ਪਜ ਪੋਹ ੨੦੦੨ ਨੂੰ ਕਸ਼ਮੀਰ ਸਰਕਾਰ ਨੇ ਮੇਰੇ ਵਿਰੁਧ ਗੁਰ: ਸ਼ੇਰਗੜ੍ਹੀ ਨੂੰ ਸਾਬਤ ਕਰਨ ਦਾ ਕੇਸ ਦਾਇਰ ਕਰ ਦਿਤਾ, ਜੋ ਕਬਾਇਲੀ ਰੇਡ ਤੀਕ ਜਾਰੀ ਰਿਹਾ। ਸ੍ਰੀ: ਨਿਰਮਾਣ ਜੀ ਨੂੰ ਗੁਰ: ਅਨੰਤ ਨਾਗ ਦੇ ਕੇਸ ਵਿਚ ਧਰਮ ਅਰਥ ਕੌਂਸਲ ਨੇ ਤਿੰਨ ਮਹੀਨੇ ਕੈਦਿ ਮਹਿਜ਼ ਦੀ ਸਜ਼ਾ ਭੁਗਤਾਈ, ਜਿਸ ਕਾਰਨ ਮੈਨੂੰ ਬੰਦ ਹੋ ਚੁਕੀ ਅਖਬਾਰ "ਸ਼ਮਸ਼ੇਰ" ਸ੍ਰੀਨਗਰ ੪ ਫਗਣ ੨੦੦੩ ਨੂੰ ਮੁੜ ਜਾਰੀ ਕਰਕੇ, ਐਡੀਟਰੀ ਦੀ ਭਾਰੀ ਜ਼ਿੰਮੇਵਾਰੀ ਸੰਭਾਲਣੀ ਪਈ।

੬ [redacted] ੨੦੦੪ ਨੂੰ ਕਬਾਇਲੀ ਹਮਲਾ ਹੋ ਜਾਣ ਤੇ ਜ਼ਿਲਾ ਅਨੰਤ ਨਾਗ ਤੋਂ ਬਿਨਾਂ ਸਾਰੀ ਵਾਦੀ ਦੇ ਸਿਖ ਸ਼ਰਨਾਰਥੀ ਬਣ ਗਏ। ਇਨ੍ਹਾਂ ਦੇ ਰਾਸ਼ਨ, ਮੁੜ ਵਸਾਉਣ ਆਦਿ ਮਸਲਿਆਂ ਬਾਰੇ ਮੈਨੂੰ ਭਾਰੀ ਜਦੋ ਜਹਿਦ ਕਰਨੀ ਪਈ। ੧੨ ਵਿਸਾਖ ੨੦੦੬ ਨੂੰ ਮਹੰਤ ਜੀ ਗੁਰ: ਛੇਵੀਂ ਪਾਤਸ਼ਾਹੀ ਤੇ ਸ੍ਰੀਨਗਰ ਪ੍ਰਧਾਨ ਜੀ ਨਾਲ ਸਿਖਾਂ ਨੂੰ ਭਾਰੀ ਟਕਰ ਲੈਣੀ ਪਈ। ਸਾਨੂੰ ਕਈ ਸਾਲ ਮਹੰਤ ਜੀ ਦੀ "ਮਹੰਤਾ ਸ਼ਾਹੀ" ਵਿਰੁਧ ਆਇਨੀ ਲੜਾਈ ਲੜਨੀ ਪਈ।

ਸ਼ਰਨਾਰਥੀਆਂ ਦੀ ਤਰਜਮਾਨੀ ਕਰਨ ਤੋਂ ਚਿੜ ਕੇ ਸ਼ੇਖ ਮੁਹੰਮਦ ਅਬਦੁਲਾ ਦੀ ਸਰਕਾਰ ਨੇ ਮੈਨੂੰ ੭ ਵਿਸਾਖ ੨੦੦੭ ਨੂੰ ਤਿੰਨ ਮਹੀਨੇ ਲਈ ਨਜ਼ਰਬੰਦ ਕਰ ਦਿਤਾ।

ਸਾਡੇ ਜੇਲ੍ਹੋਂ ਬਾਹਰ ਆਉਣ ਤੇ ਸ਼੍ਰੋ: ਖ਼ਾ: ਦਰਬਾਰ ਦੇ ਆਰਜ਼ੀ ਪ੍ਰਧਾਨ ਜੀ, ਬਿਨਾਂ ਹਿਸਾਬ ਔਡਿਟ ਕਰਵਾਏ ਤੇ ਅਸਤੀਫ਼ਾ ਦੇਣ ਦੇ ਇਕ ਨਵੀਂ ਜਮਾਤ ਵਿਚ ਜਾ ਦਾਖ਼ਲ ਹੋਏ ਤੇ ਰਿਆਸਤੀ ਸਿੱਖਾਂ ਦਾ ਸ਼ੀਰਾਜ਼ਾ ਬਿਖੇਰ ਦਿਤਾ। ਸ਼੍ਰੋ: ਖ਼ਾ: ਦਰਬਾਰ ਦੀ ਕਾਇਮੀ ਤੇ ਇਸ ਨੂੰ ਅਮਰ ਰਖਣ ਲਈ ਜੀਵਨ ਦਾ ਕੈਰੀਅਰ ਵਿਗਾੜ ਦਿਤਾ ਸੀ। ਸੋ ਮੈਂ ਬਾਵਜੂਦ ਵਿਰੋਧੀਆਂ ਦੇ ਭਾਰੀ ਜਤਨਾਂ ਦੇ ਸ਼੍ਰੋ: ਖ਼ਾ: ਦਰਬਾਰ ਨੂੰ ਪਹਿਲੀ ਸਟੇਜ ਤੇ ਹੀ ਲਿਆ ਕੇ ਸਾਹ ਲਿਆ।

ਸ਼੍ਰੋਮਣੀ ਖ਼ਾਲਸਾ ਦਰਬਾਰ ਦੇ ਹੋਂਦ ਵਿਚ ਆਉਣ ਤੋਂ ਕਈ ਸਾਲ ਪਹਿਲਾਂ ਹੀ ਮੈਂ ਸ: ਬੁਧ ਸਿੰਘ ਤਿਆਗੀ ਦੀ ਪਰੇਰਨਾ ਨਾਲ ਨੈਸ਼ਨਲ ਕਾਨਫਰੰਸ ਦਾ ਸਰਗਰਮ ਅਮਲੀ ਪ੍ਰਚਾਰਕ ਬਣ ਚੁਕਿਆ ਸੀ ਅਤੇ ਦਰਬਾਰ ਦੀ ਪਾਲਿਸੀ ਤੇ ਪ੍ਰੋਗਰਾਮ ਅਨੁਸਾਰ ਮੈਂ ਨੈਸ਼ਨਲ ਕਾਨਫਰੰਸ ਲਈ ਕਈ ਸਾਲ ਨਿਸ਼ਕਾਮ ਕੰਮ ਕਰਦਾ ਰਿਹਾ ਅਤੇ ਅਜ ਤੀਕ ਮੁਢਲਾ ਮੈਂਬਰ ਚਲਿਆ ਆ ਰਿਹਾ ਹਾਂ। ਪਰ ਮੈਂ ਕਦੀ ਜ਼ਾਤੀ ਗ਼ਰਜ਼ਾਂ ਲਈ ਪੈਂਤੜੇ ਨਹੀਂ ਬਦਲੇ ਅਤੇ ਨਾ ਝੋਲੀ ਚੁਕੀ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਸਿਖ ਜਨਤਾ ਦੀਆਂ ਯੋਗ ਮੰਗਾਂ ਲਈ ਹਰ ਔਖੇ ਸਮੇਂ ਨਿਧੜਕ ਤੇ ਨਿਸ਼ਕਾਮ ਤਰਜਮਾਨੀ ਕੀਤੀ ਹੈ।

ਪਰ ਮੈਨੂੰ ਅਫਸੋਸ ਹੈ ਕਿ ਮੈਂ ਰਾਜਨੀਤੀ ਵਿਚ ਉਲਝ ਕੇ ਜ਼ਿੰਦਗੀ ਦੇ

ਕੀਮਤੀ ੨੦ ਸਾਲ ਹੀ ਵਿਅਰਥ ਗੰਵਾਏ। ਮੈਨੂੰ ਹੁਣ ਸਮਝ ਆ ਰਹੀ ਹੈ ਕਿ ਮੇਰੇ ਵਰਗੇ ਨਿਸ਼ਕਾਮ ਤੇ ਨਿਸ਼-ਕਪਟ ਗਿਰਗਟ ਦੀ ਤਰ੍ਹਾਂ ਰੰਗ ਨਾ ਬਦਲ ਸਕਣ ਵਾਲੇ ਲੋਕ, ਅੰਤ ਦੁਖੀ ਹੋ ਪਛਤਾਂਦੇ ਹੀ ਰਹਿੰਦੇ ਹਨ। ਹੁਣ ਮੈਨੂੰ ਆਪਣੀ ਪੂਜ ਮਾਤਾ ਜੀ ਦੇ ਸ਼ਹੀਦ ਹੋਣ ਤੋਂ ਤਿੰਨ ਦਿਨ ਪਹਿਲਾਂ ਦੇ ਉਹ ਸ਼ਬਦ ਯਾਦ ਆਉਂਦੇ ਤੇ ਸਤਾਉਂਦੇ ਹਨ ਜਦੋਂ ਉਨ੍ਹਾਂ ਅਥਰੂ ਕੇਰਦੇ ਕਿਹਾ ਸੀ, "ਪੁੱਤਰ! ਤੇਰੇ ਸਚ ਤੇ ਗੁਣਾਂ ਦੀ ਕੋਈ ਕਦਰ ਨਹੀਂ ਕਰਦਾ, ਤੂੰ ਕਿਉਂ ਖੁਦ-ਗਰਜ਼ਾਂ ਦੀਆਂ ਨਜ਼ਰਾਂ ਵਿਚ ਬੁਰਾ ਬਣਦਾ ਅਤੇ ਹਰ ਇਕ ਨਾਲ ਸਚ ਤੇ ਅਸੂਲ ਲਈ ਲੜਦਾ ਰਹਿੰਦਾ ਹੈਂ, ਹੁਣ ਕਿਸੀ ਨਾਲ ਨਾ ਲੜੀਂ।" ਕਾਸ਼! ਮੈਂ ਇਨ੍ਹਾਂ ਪਵਿਤ੍ਰ ਬੋਲਾਂ ਤੇ ਉਸ ਦਿਨ ਤੋਂ ਹੀ ਅਮਲ ਕੀਤਾ ਹੁੰਦਾ।

ਮੈਂ ਸੰਮਤ ੨੦੦੧ ਵਿਚ "ਕਸ਼ਮੀਰ ਖ਼ਾਲਸਾ ਤਰੰਗਨੀ" ਅਤੇ ਸੰਮਤ ੨੦੦੪ ਵਿਚ "ਕਬਾਇਲੀ ਹਮਲੇ ਦਾ ਇਤਿਹਾਸ" ਲਿਖਣਾ ਅਰੰਭਿਆ ਸੀ ਪਰ ਉਪਰੋਕਤ ਰੁਝੇਵਿਆਂ ਕਾਰਨ, ਕਈ ਦਸਤੇ ਕਾਗਜ਼ ਝਰੀਟ ਮਾਰਨ ਤੇ ਵੀ ਹਾਲੀ ਤੀਕ ਮੁਕੰਮਲ ਨਹੀਂ ਕਰ ਸਕਿਆ। ਇਹ ਤੁਛ ਜਿਹੀ ਰਚਨਾ ਵੀ ਤੁਹਾਡੇ ਹੱਥਾਂ ਵਿਚ ਨਾ ਪੁਜਦੀ ਜੇ ਮੇਰੀਆਂ ਗਿਆਨੀ ਕਲਾਸ ਦੀਆਂ ਵਿਦਿਆਰਥਣਾਂ ਮੈਨੂੰ ਨਾ ਪਰੇਰਦੀਆਂ, ਭਈ ਤੁਸੀਂ ਤਾਂ "ਕਵੀ ਕੋਮਲ" ਕਰ ਕੇ "ਚੋਣਵੇਂ ਰਤਨ" ਇਤਿਹਾਸ ਰਾਹੀਂ ਪ੍ਰਸਿਧ ਹੋ, ਪਰ ਤੁਹਾਡੀ ਕੋਈ ਕਾਵਿ-ਰਚਨਾ ਛਪੀ ਅਸੀਂ ਨਹੀਂ ਡਿਠੀ। ਕਬਾਇਲੀ ਹਮਲੇ ਕਾਰਨ ਮੇਰੀ ਭਾਰੀ ਲਾਇਬਰੇਰੀ ਤੇ ਸੈਂਕੜੇ ਸਿਰ-ਲੇਖਾਂ ਹੇਠ ਲਿਖੀਆਂ ਕਵਿਤਾਵਾਂ ਅਗਨ ਭੇਟ ਹੋ ਚੁਕੀਆਂ ਸਨ, ਜਿਹੜੀਆਂ ਕੁਝ ਕੁ ਸ੍ਰੀਨਗਰ ਪਈਆਂ ਰਹਿਣ ਕਾਰਨ ਬਚ ਗਈਆਂ ਸਨ, ਉਨ੍ਹਾਂ ਨੂੰ ਇਕੱਠਾ ਕਰਵਾ ਤੇ ਕੁਝ ਕੁ ਹੋਰ ਲਿਖ ਕੇ, ਮੈਂ ਇਹ ਸੰਗ੍ਰਹਿ ਛਪਵਾ ਕੇ ਆਪ ਤੀਕ ਪਹੁੰਚਾ ਰਿਹਾ ਹਾਂ। ਮੈਂ ਅਨੁਭਵ ਕਰਦਾ ਹਾਂ ਕਿ ਇਹ ਤੁਛ ਜਿਹੀ ਰਚਨਾ ਮੇਰੀ ਪਹਿਲੀ ਅਤੇ ਕਸ਼ਮੀਰੀ ਪ੍ਰਭਾਵ ਹੇਠ ਆਈ ਹੋਣ ਕਾਰਨ ਚੂੜਾ-ਮਣੀਆਂ ਦੀਆਂ ਨਜ਼ਰਾਂ ਵਿਚ ਨਹੀਂ ਜਚੇਗੀ, ਪਰ ਤਾਂ ਵੀ ਵਿਦਵਾਨ ਅਤੇ ਕਵੀ ਜਨਾਂ ਦੇ ਪੇਸ਼ ਕਰਨ ਦਾ ਹੌਸਲਾ ਇਸ ਲਈ ਹੀ ਕਰ ਰਿਹਾ ਹਾਂ ਕਿ ਕਸ਼ਮੀਰੀ ਹੁੰਦਾ ਹੋਇਆ, ਮੈਂ ਵੀ ਪੰਜਾਬੀ ਮਾਤ ਭਾਸ਼ਾ ਦੀ ਤੁਛ ਜਿਹੀ ਸੇਵਾ ਕਰ ਸਕਾਂ।

ਜੇ ਵਾਹਿਗੁਰੂ ਨੇ ਮੈਨੂੰ ਸਵਾਰਥੀ ਦੁਨੀਆ ਦੀ ਕੁਟਿਲ ਨੀਤੀ ਤੋਂ ਅਗੋਂ ਲਈ ਬਚਾ ਲਿਆ ਤਾਂ ਆਸ ਹੈ ਕਿ ਮੈਂ ਛੇਤੀ ਹੀ "ਕਸ਼ਮੀਰ ਦਾ ਮੁਕੰਮਲ ਸਿਖ ਇਤਿਹਾਸ" ਤੇ "ਹੀਰ ਕੋਮਲ" ਆਦਿ ਆਪ ਦੇ ਪੇਸ਼ ਕਰਨ ਦੇ ਜਤਨ ਕਰਾਂਗਾ।

ਮੈਂ ਸਤਿਕਾਰ ਯੋਗ ਵਿਦਿਆ ਮਾਰਤੰਡ ਸ੍ਰੀਮਾਨ ਪੰਥ ਰਤਨ ਡਾਕਟਰ ਗੋਪਾਲ ਸਿੰਘ ਜੀ 'ਦਰਦੀ' ਐਮ. ਏ., ਪੀ-ਐਚ. ਡੀ. ਦਾ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਸੰਗ੍ਰਹਿ ਦੀ ਭੂਮਿਕਾ ਲਿਖ ਕੇ, ਇਸ ਤੁਛ ਜਿਹੀ ਰਚਨਾ ਨੂੰ

ਆਪਣੇ ਪ੍ਰਸਿਧ ਨਾਂ ਸਦਕਾ ਉਜਾਗਰ ਹੋਣ ਦਾ ਸੁਭਾਗ ਬਖ਼ਸ਼ਿਆ ਹੈ । ਸ੍ਰੀਮਾਨ ਸ੍ਰ: ਹਰਬੰਸ ਸਿੰਘ "ਆਜ਼ਾਦ" ਵਿਦਿਆ ਮੰਤਰੀ ਜੰਮੂ ਕਸ਼ਮੀਰ ਦਾ ਸ਼ੁਕਰ-ਗੁਜ਼ਾਰ ਹਾਂ, ਜਿਨ੍ਹਾਂ ਨੇ ਪੁਸਤਕ ਦੀ ਪ੍ਰਸ਼ੰਸਾ ਲਿਖ ਕੇ ਸਚਾ ਸਾਥੀ ਤੇ ਹਮਦਰਦ ਹੋਣ ਦਾ ਮਾਣ ਬਖਸ਼ਿਆ ਹੈ ।

ਮੈਂ ਆਪਣੀ ਸ਼ਾਗਿਰਦਾ ਬੀ: ਸੁਰਿੰਦਰ ਕੌਰ ਜੀ ਗਿਆਨੀ ਸਿੰਘਪੁਰਾ ਦੇ ਉਦਮ ਨੂੰ ਭੁਲ ਨਹੀਂ ਸਕਦਾ, ਜਿਨ੍ਹਾਂ ਨੇ ਮੇਰੇ ਰੀਕਾਰਡ ਵਿਚੋਂ ਮੇਰੀਆਂ ਕਵਿਤਾਵਾਂ ਢੂੰਡ ਢੂੰਡ ਕੇ ਲਭੀਆਂ ਅਤੇ ਵਿਦਿਆਰਥੀ ਸ: ਪਰਮਜੀਤ ਸਿੰਘ ਜੀ ਦਤ ਢਕਾਰੀ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀਆਂ ਝਰੀਟੀਆਂ ਕਵਿਤਾਵਾਂ ਨੂੰ ਬੜੀ ਮਿਹਨਤ ਨਾਲ ਸਾਫ਼ ਤੇ ਸ਼ੁਧ ਲਿਖ ਕੇ ਪ੍ਰੈਸ ਲਈ ਖਰੜਾ ਤਿਆਰ ਕੀਤਾ ।

ਮੈਂ ਅਪਣੇ ਸੁਹਿਰਦ ਮਿਤਰ ਸ: ਮੋਹਣ ਸਿੰਘ ਜੀ 'ਨਿਰਮਾਣ' ਐਮ. ਐਲ. ਸੀ., ਸ: ਨਾਮਾ ਸਿੰਘ ਜੀ ਰੈਂਜ ਔਫ਼ੀਸਰ ਰਾਜ ਪੁਰਾ ਤਰਾਲ, ਸ: ਬਲਵੰਤ ਸਿੰਘ ਜੀ ਰੀਟ: ਐਸ ਪੀ. (ਪ੍ਰਧਾਨ ਸ਼੍ਰੋ: ਖ਼ਾ: ਦਰਬਾਰ) ਬਾਰਾਂਮੂਲਾ, ਸ: ਮਨੋਹਰ ਸਿੰਘ ਜੀ ਬੀ. ਡੀ. ਓ. ਸ੍ਰੀਨਗਰ, ਸ: ਗੁਰਬਖਸ਼ ਸਿੰਘ ਜੀ "ਗੁੰਥੀ" ਟਰਾਂਸਪੋਰਟਰ ਸਿੰਘ ਪੁਰਾ, ਭਾਈ ਨਿਰਮਲ ਸਿੰਘ ਜੀ ਜ਼ਿੰਦਾ ਸ਼ਹੀਦ ਨਰਸਿੰਘ ਪੁਰਾ, ਸ: ਸ਼ਿਵਨਾਥ ਸਿੰਘ ਜੀ "ਚਮਕ" ਜ਼ਜ਼ ਬੁਗ, ਸ: ਚਰਨ ਸਿੰਘ ਜੀ ਕੌਮ ਸੇਵਕ ਅਤੁਨਾ, ਪੰ: ਪ੍ਰਿਥਵੀ ਨਾਥ ਜੀ ਖੁੱਭਾ ਹੈਡਮਾਸਟਰ ਖ਼ਾਲਸਾ ਹਾਈ ਸਕੂਲ, ਵੀਰ ਪਿਸ਼ੌਰੀ ਸਿੰਘ ਜੀ ਅਤੇ ਸ: ਜੋਧ ਸਿੰਘ ਜੀ ਰੈਂਜ ਔਫ਼ੀਸਰ ਬਾਗ਼ ਮਘਰ ਮਲ, ਸ੍ਰੀਨਗਰ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਸੰਗ੍ਰਹਿ ਦੇ ਛਪਾਉਣ ਲਈ ਮੇਰਾ ਉਤਸ਼ਾਹ ਵਧਾਇਆ ।

ਅੰਤ ਵਿੱਚ ਮੈਂ ਸਿੰਘ ਬ੍ਰਦਰਜ਼ ਅੰਮ੍ਰਿਤਸਰ ਦਾ, ਜਿਨ੍ਹਾਂ ਇਸ ਪੁਸਤਕ ਨੂੰ ਛਪਵਾਣ ਵਿਚ ਮੇਰੀ ਸਹਾਇਤਾ ਕੀਤੀ, ਦਿਲੋਂ ਧੰਨਵਾਦੀ ਹਾਂ ।

ਐਕਸਚੇਂਜ ਰੋਡ,
ਸ੍ਰੀਨਗਰ (ਕਸ਼ਮੀਰ)
੨੫ ਦਸੰਬਰ ੧੯੫੮

ਕਰਤਾਰ ਸਿੰਘ "ਕੋਮਲ"



ਲੇਖਕ

ੴ ਸ੍ਰੀ ਅਕਾਲ ਜੀ ਸਹਾਇ ॥

ਸਰਬ - ਸ਼ਕਤੀਮਾਨ

ਇਕ ਅਕਾਲ ਪੁਰਖ ਹੈ ਜੁ ਇਕ ਰਸ,
ਵਿਆਪਕ ਹੈ ਹਰ ਥਾਈਂ।
ਕਿ ਸਤਿ ਨਾਮ ਜਿਸ ਦਾ ਸ਼ੁਭ ਹੈ ਨਾਂ,
ਹੋਂਦ ਵਾਲੜਾ ਸਾਈਂ।
ਆਤਮਾ ਉਹ ਰਮਿਆ ਸ੍ਰਿਸ਼ਟੀ 'ਚ,
ਭੈ ਵੈਰ ਰਹਿਤ ਹੈ ਜੋਈ।
ਨਾਸ਼ ਰਹਿਤ ਦੇਹ ਜੂਨ ਰਹਿਤ ਜੁ,
ਸ੍ਵਯੰ ਭੂ ਜੱਗ ਗੁਸਾਈਂ। (੧)

ਮੁੱਢ ਤੋਂ ਹੋਂਦ ਵਾਲੜਾ ਹੈ ਜੋ,
ਜੁਗ ਆਦਿ ਤੋਂ ਜੁ ਹੈ ਸੀ।
ਹੈ ਇਸ ਵੇਲੇ ਭਿ ਬਸ ਇਕੋ ਹੀ,
ਭਿ ਅਗਾਂਹ ਨੂੰ ਰਹੈ ਜੀ।
ਬ੍ਰਹਮਾ ਬਿਸ਼ਨ ਮਹੇਸ਼ੋਂ ਪਹਿਲਾਂ,
ਸਭੇ ਹੁਕਮ ਉਸ ਦੇ ਬਧੇ,
ਹੁਕਮ ਆਪਣੇ ਸੰਗ ਜੱਗ ਰਚ ਕੇ,
ਜੀਵਣ - ਨਦਿ ਲਖ ਵਹੈ ਜੀ। (੨)

ਕੁਦਰਤਿ ਵਿੱਚ ਵਸਿਆ ਉਹ ਕਾਦਰ,
ਜ਼ਰੇ ਜ਼ਰੇ 'ਚ ਰਹਿ ਸਮਾਯਾ।
ਬਾਸ ਜਿਵੇਂ ਵਸਦੀ ਫੁਲ ਅੰਦਰ,
ਸ਼ੀਸ਼ੇ ਵਿਚ ਅਕਸ ਰਹਾਯਾ।
ਤਿਵੇਂ ਉਹ ਕਾਦਰ ਵਸੇ ਨਿਰੰਤਰਿ,
ਹਰ ਘਟ ਵਿੱਚ ਜੋਤਿ ਟਿਕਾ,
ਨੂਰ ਤੋਂ ਅਪਣੇ ਜਗ ਕੁਲ ਜੀਵਾਂ,
ਉਸ ਕਾਦਰ ਹਿ ਉਪਜਾਯਾ। (੩)

ਹਿੰਦੂ ਮੁਸਲਿਮ ਸਿੱਖ ਈਸਾਈ,
ਧਰਮ ਨਿਆਰੇ ਨਿਆਰੇ।
ਯਹੂਦੀ ਪਾਰਸੀ ਬੋਧੀ ਜੈਨੀ,
ਉਸ ਉਪਜਾਏ ਸਾਰੇ।
ਕਾਦਰ ਦੀ ਸੰਤਾਨ ਜੁ ਸਾਰੀ,
ਹੈ ਜ਼ਾਤ ਸਭਸੁ ਦੀ ਇਕੋ,
ਏਕ ਪਿਤਾ ਸਭ ਉਸ ਦੇ ਬਾਲਕ,
ਉਸੇ ਦੀ ਅੱਖ ਦੇ ਤਾਰੇ। (੪)

ਹਰ ਘਟ ਵਿੱਚ ਹਰਿ ਜੂ ਹੈ ਵਸਦਾ,
ਹਰ ਥਾਂ ਵਸੇ ਪਿਆਰਾ।
ਜਲ ਥਲ ਮਹੀਅਲ ਮਹਾਂ ਦੀਪਾਂ 'ਚ,
ਕੀਤਾ ਓਸ ਪਸਾਰਾ।
ਮੰਦਿਰ ਗਿਰਜਾ ਅਤੇ ਮਸੀਤੀ,
ਗੁਰਦੁਆਰੇ ਵਿਚ ਵਸਦਾ,
ਓਮ ਖ਼ੁੱਦਾ ਰੱਬ ਗਾਡ ਜਾਹਵੇ,
ਵਾਹਿਗੁਰੂ ਨਿਰੰਕਾਰਾ। (੫)

ਇੱਕ ਉਅੰਕਾਰ ਦੇ ਝੰਡੇ

ਝੂਲ ਝੂਲ ਇਕ ਉਅੰਕਾਰ ਦੇ ਝੰਡੇ।
ਪੂਰਨ ਗੁਰ ਅਵਤਾਰ ਦੇ ਝੰਡੇ।
ਖ਼ਾਲਸਾ ਪਰਉਪਕਾਰ ਦੇ ਝੰਡੇ।
ਹਰ ਮਜ਼ਲੂਮ ਦੁਖਿਆਰ ਦੇ ਝੰਡੇ।

ਸੁਹਣਾ ਰੰਗ ਬਸੰਤੀ ਪਿਆਰਾ।
ਮਨ ਮਉਲੇ ਸੰਗ ਨਾਮ ਸ਼ਿੰਗਾਰਾ।
ਚਕਰ ਸ੍ਰੀ ਖੰਡਾ ਦੋਧਾਰਾ।
ਮਜ਼ਲੂਮਾਂ ਦੁਖੀਆਂ ਦਾ ਸਹਾਰਾ। ਝੂਲ ... ...

ਗੁਰ ਅਰਜਨ ਗੁਰੂ ਤੇਗ਼ ਬਹਾਦਰ।
ਹੋਏ ਸ਼ਹੀਦ ਧਰਮ ਦੀ ਖ਼ਾਤਰ।
ਪਿਆਰੇ ਸਾਹਿਬਜ਼ਾਦੇ ਚਾਰ।
ਮਾਤਾ ਗੂਜਰੀ ਆਪਾ ਵਾਰ। ਝੂਲ ... ...

ਕਲਗੀਧਰ ਦੇ ਖ਼ਾਲਸੇ ਪਿਆਰੇ।
ਉਦੇਸ਼ ਤੇਰੇ ਲਈ ਲੱਖਾਂ ਵਾਰੇ।
ਰੰਬੀਆਂ ਆਰਿਆਂ ਹੇਠਾਂ ਆਏ।
ਖ਼ੁਸ਼ ਹੋ ਕੇ ਬੰਦ ਬੰਦ ਕਟਾਏ। ਝੂਲ ... ...

ਚਰਖੜੀਆਂ ਤੇ ਗਏ ਭਵਾਏ।
ਸਿਰਾਂ ਦੇ ਵੀ ਮੁਲ ਪਵਾਏ।
ਪੀਸਣ ਬੀਬੀਆਂ ਖ਼ੁਸ਼ ਹੋ ਪਾਏ।
ਅੱਖਾਂ ਸਾਹਮਣੇ ਲਾਲ ਕੁਹਾਏ। ਝੂਲ ... ...

ਨੀਵਾਂ ਦਿੱਤਾ ਹੋਣ ਨਾ ਤੈਨੂੰ।
ਵੈਰੀ ਦੇ ਹੱਥ ਔਣ ਨਾ ਤੈਨੂੰ।
ਗੀਧੀ ਭੁਲ ਅਖਾਉਣ ਨਾ ਦਿੱਤਾ।
ਜ਼ੁਲਮ ਨਾ ਕੀਤਾ, ਹੋਣ ਨਾ ਦਿੱਤਾ। ਝੂਲ ... ...

ਲੁਟ ਪੁਟ ਹਿੰਦ ਨੂੰ ਸਨ ਲੈ ਜਾਂਦੇ।
ਬੜੇ ਰਾਠ ਸਨ ਸ਼ੇਰ ਸਦਾਂਦੇ।
ਉਨ੍ਹਾਂ ਨੂੰ ਮੁੜ ਆਉਣ ਨਾ ਦਿੱਤਾ।
ਹਿੰਦ ਵੱਲ ਫੇਰਾ ਪਾਉਣ ਨਾ ਦਿੱਤਾ। ਝੂਲ ... ...

ਹਿੰਦੂ ਮੁਸਲਿਮ ਸਿੱਖ ਈਸਾਈ।
ਇਕੋ ਨੂਰ ਤੋਂ ਹੋਇ ਭਾਈ।
ਜ਼ਿੰਦਾ ਰਹੁ, ਦੇਵਹੁ ਰਹਿਣ ਭਾਈ।
ਜੱਗ ਨੂੰ ਤੂੰ ਹੀ ਰਾਹ ਦਿਖਾਈ। ਝੂਲ ... ...

ਸ਼ਾਲਾ ! ਪਰਲੋ ਤੀਕ ਤੂੰ ਝੂਲੇਂ।
ਜਲ ਥਲ ਬਨ ਪਰਬਤ ਤੂੰ ਝੂਲੇਂ।
ਚਾਰ ਕੂੰਟ ਦਹ - ਦਿਸ ਹੀ ਝੂਲੇਂ।
ਹਰ ਪਾਸੇ ਇਸ ਉਸ ਹੀ ਝੂਲੇਂ। ਝੂਲ ... ...

ਨਾਮ ਅਕਾਲ ਜਪਾਵੇਂ ਹਰ ਦਮ।
ਪਾਪ ਅਧਰਮ ਹਟਾਵੇਂ ਹਰ ਦਮ।
ਹਰ ਪਾਸੇ ਫੈਲਾਵੇਂ ਚਾਨਣ।
ਗੁਰਮੁਖ ਨਾਮ ਮਹਾਂ ਰਸ ਮਾਨਣ। ਝੂਲ ... ...

ਪੰਥ ਵਧੇ ਤੇਰੇ ਸਾਏ ਤਲੇ।
ਸਗਲੇ ਭੇਦ ਮਿਟਾਏ ਤਲੇ।
"ਕੋਮਲ" ਝੂਲ ਉਪਕਾਰ ਦੀ ਖ਼ਾਤਰ।
ਆਪਣੇ ਤੇ ਸੰਸਾਰ ਦੀ ਖ਼ਾਤਰ। ਝੂਲ ... ...

ਸ਼ਹੀਦ

ਸ਼ਹੀਦ ਦੀ ਜੋ ਮੌਤ ਹੈ,
ਉਹ ਕੌਮ ਦੀ ਹੈ ਜ਼ਿੰਦਗੀ,
ਜ਼ਿੰਦਾ ਹੀ ਕੌਮ ਰਹੇ ਸਦਾ,
ਕਰੇ ਇਨ੍ਹਾਂ ਦੀ ਬੰਦਗੀ।

ਇਨ੍ਹਾਂ ਦਾ ਲਹੂ ਲਾਲ ਜੋ,
ਬੇਕਦਰੀ 'ਚ ਰੁਲਿਆ,
ਜਿੰਨਾ ਰੋਲੋ ਇਹ ਉਤਨਾ,
ਸੋਏ ਦੇ ਵਾਂਗੂ ਫੁਲਿਆ।

ਕਮਜ਼ੋਰ ਨਿਰਬਲ ਕੌਮ ਨੂੰ,
ਇਹ ਲਹੂ ਦਿੰਦਾ ਤਾਨ ਹੈ।
ਇਹ ਕੌਮ ਲਈ ਸੰਜੀਵਨੀ,
ਤੇ ਖਾਦ ਵੀ ਮਹਾਨ ਹੈ।

ਸਾਬਰ ਸਾਦਕ, ਭਰਮ ਭਉ ਖੋਹ,
ਸ਼ਹੀਦ ਹੋਏ ਈਮਾਨ ਲਈ,
"ਕੋਮਲ" ਸਦਾ ਨੇ ਉਹ ਜ਼ਿੰਦਾ,
ਚਾਨਣ-ਮੀਨਾਰ ਜਹਾਨ ਲਈ।

ਕਿਸਮਤ ਹਿੰਦ ਦੀ !

ਸੁੰਦਰ ਥਾਂ ਰਮਣੀਕ ਇਕਾਂਤ ਪਰਬਤ,
ਚੋਟੀ ਵਾਂਗ ਚਾਂਦੀ ਲਿਸ਼ਕ ਮਾਰ ਰਹੀ ਸੀ।
ਝੁੱਗੀ ਵਿਚ ਨਿਹਾਲ ਹੋਈ ਆਤਮਾ ਇੱਕ,
ਤੂੰ ਹੀ ਤੂੰ ਕਰਤਾਰ ਉਚਾਰ ਰਹੀ ਸੀ।
ਤੂੰ ਤੂੰ ਕਰਦਿਆਂ ਤੂੰ ਦਾ ਰੂਪ ਹੋ ਕੇ,
ਆਪਾ ਭਾਵ ਨੂੰ ਦਿਲੋਂ ਵਿਸਾਰ ਰਹੀ ਸੀ।
ਇਕ ਮਿਕ ਜੋਤੀ ਸੰਗ ਜੋਤਿ ਮਿਲ ਕੇ,
ਆਪ ਤਰ ਇੱਕੀ ਕੁਲਾਂ ਤਾਰ ਰਹੀ ਸੀ।
ਖੀਵੀ ਹੋਈ ਹੋਈ ਇਸ ਆਤਮਾ ਨੂੰ,
ਅਕਾਲ ਪੁਰਖ ਖ਼ੁਦ ਹੁਕਮ ਸੁਨਾਉਣ ਆਇਆ।
ਪੁਤ ਆਪਣਾ ਤੈਨੂੰ ਨਿਵਾਜ ਘਲਾਂ,
ਕਿਸਮਤ ਹਿੰਦ ਦੀ ਸੁੱਤੀ ਜਗਾਉਣ ਆਇਆ।੧।

ਭਾਵੇਂ ਤੱਪੀ ਦਾ ਚਿੱਤ ਨਾ ਚਾਹੁੰਦਾ ਸੀ,
ਐਪਰ ਹੁਕਮ ਮੰਨ ਵਿਦਾ ਹੋ ਆਂਵਦਾ ਏ
ਭਾਗਾਂ ਭਰੀ ਸੁਲੱਖਣੀ ਮਾਤ ਗੂਜਰੀ,
ਜਿਹਦੀ ਕੁੱਖ ਤਾਈਂ ਭਾਗ ਲਾਂਵਦਾ ਏ।
ਭਾਰਤ ਮਾਤ ਹੋ ਖ਼ੁਸ਼ ਪੁਕਾਰ ਉਠੀ,
ਤੋੜਨਹਾਰ ਸੰਗਲ ਤੁਰੀ ਆਂਵਦਾ ਏ।
ਪਟਨੇ ਸ਼ਹਿਰ ਤਾਈਂ ਚਾਰ ਚੰਨ ਲਗੇ,
ਸੁਰਨਰ ਮੁਨਿ ਜਨ ਖ਼ੁਸ਼ੀ ਮੰਨਾਂਵਦਾ ਏ।
ਪੂਰਨ ਯੋਗੀ, ਨਿਡਰ ਜਰਨੈਲ ਉੱਚਾ,
ਗ੍ਰਿਹਸਤੀ, ਕਵੀ, ਵਿਦਿਵਾਨ ਅਖਵਾਉਣ ਆਇਆ।
ਦੇਸ਼ ਭਗਤ, ਜ਼ਿੰਦਾ ਦਿਲ, ਕੌਮ ਕਰਤਾ,
ਕਿਸਮਤ ਹਿੰਦ ਦੀ ਸੁੱਤੀ ਜਗਾਉਣ ਆਇਆ।੨।

ਸ਼ਾਨ ਰਾਮ ਜੀ ਦੀ, ਸ਼ਕਤੀ ਕ੍ਰਿਸ਼ਨ ਸੰਦੀ,
ਸ਼ਿਵ ਦਤ ਵੇਖ ਕੇ ਹੋਇਆ ਨਿਹਾਲ ਕੌਤਕ।
'ਬਾਲਾ ਪ੍ਰੀਤਮ' ਬਣ ਕਈਆਂ ਤੇ ਕਰਮ ਕੀਤਾ,
ਰਾਣੀ ਮੈਨੀ ਦੇ ਬਣੇ ਕਰ ਬਾਲ ਕੌਤਕ।
ਰਹੀਮ ਬਖ਼ਸ਼ ਕਰੀਮ ਨਵਾਬ ਭਾਈ,
ਬਣੇ ਭਗਤ, ਕਟੇ ਭਰਮ - ਜਾਲ ਕੌਤਕ।
ਸਤ ਵਾਰੀ ਸਲਾਮ ਕਰ ਸ਼ਾਹ ਭੀਖਣ,
ਕੀਤਾ ਉੱਚਤਾ ਦਾ ਇਕਬਾਲ ਕੌਤਕ।

ਹਿੰਦੂ ਮੁਸਲਮਾਨਾਂ ਤਾਈਂ ਪਿਆਰ ਇਕੋ,
ਕਰ ਕੇ ਤੀਸਰਾ ਪੰਥ ਬਨਾਉਣ ਆਇਆ।
ਸਹੁੰ ਅਲਾਹ ਦੀ ਅਲਾਹ ਦਾ ਭੇਜਿਆ ਏ,
ਕਿਸਮਤ ਹਿੰਦ ਦੀ ਸੁੱਤੀ ਜਗਾਉਣ ਆਇਆ।੩।

ਜਦ ਕੀਤੀ ਫ਼ਰਿਆਦ ਕੇਸ਼ਿਰ ਪੰਡਤਾਂ ਨੇ,
ਨੌਵੇਂ ਗੁਰੂ ਸਨ ਪੈ ਗਏ ਵੀਚਾਰ ਅੰਦਰ।
ਸੂਰਤਾਂ ਗ਼ਮ ਤੇ ਚਿੰਤਾ ਦੇ ਨਾਲ ਭਰੀਆਂ,
ਵੇਖੀਆਂ ਗੋਬਿੰਦ ਜਾਂ ਆਏ ਦਰਬਾਰ ਅੰਦਰ।
ਝਟ ਸਮਝ ਕੇ ਆਖਿਆ ਪਿਤਾ ਜੀਉ,
ਕਿਉਂ ਨਹੀਂ ਰੌਣਕ ਅਜ ਬਾਗ਼ਿ ਬਹਾਰ ਅੰਦਰ।
ਹਾਕਮ ਹੋਏ ਨਿਰਦਈ, ਨੌਵੇਂ ਗੁਰੂ ਕਿਹਾ,
ਜ਼ੁਲਮ ਕਰਨ ਡਾਢੇ ਆ ਹੰਕਾਰ ਅੰਦਰ।

ਇਹੋ ਜਿਹੀ ਕੁਰਬਾਨੀ ਦੀ ਲੋੜ ਡਾਢੀ,
ਹਸਤੀ ਉਤਮ ਜੋ ਧੁਰੋਂ ਚਮਕਾਉਣ ਆਇਆ।
ਉਤਮ ਚੋਣ ਕੀਤੀ ਦੇਖੋ ਕਿਵੇਂ ਸੂਰੇ,
ਕਿਸਮਤ ਹਿੰਦ ਦੀ ਸੁੱਤੀ ਜਗਾਉਣ ਆਇਆ।੪।

"ਉਤਮ ਨਹੀਂ ਸੰਸਾਰ ਵਿਚ ਬਿਨਾਂ ਤੇਰੇ,
ਸੱਚੇ ਪਾਤਸ਼ਾਹ ਨਾ ਕਹਿਣੋਂ ਡਰਾਂਗਾ ਮੈਂ।
"ਬਲੀਦਾਨ ਦੇਵੇ ਤੇ ਬਚਾਵੇ ਹਿੰਦ ਨੂੰ,
ਕਿਰਪਾ ਅਕਾਲ ਪੂਰੇ ਫ਼ਰਜ਼ ਕਰਾਂਗਾ ਮੈਂ।
"ਇਵਾਣਾ ਨਹੀਂ ਹਾਂ, ਮੈਂ ਜਵਾਨ ਪੂਰਾ,
ਦੇਖੋ ਤੀਰ ਇਨ੍ਹਾਂ ਸੰਗ ਲੜਾਂਗਾ ਮੈਂ।
"ਬਾਹੂ - ਬਲ ਸੰਗ ਦੇਸ਼ ਅਜ਼ਾਦ ਕਰ ਕੇ,
ਜ਼ੁਲਮ ਖ਼ਤਮ, ਧਰਮ ਪ੍ਰਚੁਰ ਕਰਾਂਗਾ ਮੈਂ

ਪਿਤਾ ਜੀ ਦੀ ਸ਼ਹੀਦੀ ਤੇ ਹੋਈ ਜੈ ਜੈ,
ਰੱਬੀ ਗੀਤ ਉਹ ਧੁਰੀ ਸੁਨਾਉਣ ਆਇਆ।
ਰਖਿਆ ਤਿਲਕ ਜੰਞੂ ਕਾਇਮ ਹਿੰਦੂਆਂ ਦਾ,
ਕਿਸਮਤ ਹਿੰਦ ਦੀ ਸੁੱਤੀ ਜਗਾਉਣ ਆਇਆ।੫।

ਨਿਘਰ ਗਏ ਨਿਤਾਣੇ ਬਲ-ਹੀਨ ਹੋ ਕੇ,
ਨਹੀਂ ਸਨ ਆਪਣਾ ਆਪ ਬਚਾਉਣ ਜੋਗੇ।
ਜ਼ੁਲਮ ਸਹਿਣ ਬੇਪਤਿ ਤੇ ਹੀਣ ਥੀਵਣ,
ਰਹਿ ਗਏ ਹਿੰਦੂ ਸਨ ਸਿਰਫ਼ ਕੁਰਲਾਉਣ ਜੋਗੇ।
ਫੁਟ ਸਨ, ਪਾਟੇ ਪਏ ਕਈ ਘਾਟੇ,
ਹਾਲ ਪਾਰ੍ਹਿਆ ਭੀ ਨਹੀਂ ਸਨ ਪਾਉਣ ਜੋਗੇ।
ਦੀਨ ਛੱਡ ਕੇ ਈਨ ਮੰਨ ਥੀਣ ਮੁਸਲਿਮ,
ਜਾਂ ਸਨ ਰਹਿ ਗਏ ਸਿਰ ਕਤਲਾਉਣ ਜੋਗੇ।

ਇਨ੍ਹਾਂ ਕਮ-ਦਿਲਾਂ ਨੂੰ ਦਿਲ ਬਖ਼ਸ਼ਣੇ ਲਈ,
ਸੁੱਤੀਆਂ ਆਤਮਾਂ ਨੂੰ ਉਠਾਉਣ ਆਇਆ।
ਕੰਨਿਘਮ ਭੀ ਕੂਕ ਕੇ ਕਹਿ ਗਿਆ ਸੱਚ,
ਕਿਸਮਤ ਹਿੰਦ ਦੀ ਸੁੱਤੀ ਜਗਾਉਣ ਆਇਆ।੬।

ਨੀਚਹੁ ਊਚ ਕੀਤੇ, ਜ਼ਾਤ ਪਾਤ ਮੇਟੀ,
ਸੰਤ-ਸਿਪਾਹੀ ਬਣਾਏ ਸਰ-ਫ਼ਰੋਸ਼ ਭਾਰੀ।
ਦਿਲ ਦਿਮਾਗ਼ ਤੇ ਮਨਾਂ ਤੇ ਪਏ ਫਾਹੇ,
ਦੂਰ ਕੀਤੇ ਚਾ ਕੌਮ ਦੇ ਦੋਸ਼ ਭਾਰੀ।
ਸ਼ਸ਼ਤ੍ਰ-ਧਾਰੀ ਸ਼ੁਭ ਗੁਣੀ ਭਰਪੂਰ ਬਾਂਕੇ,
ਵੇਖ ਵੈਰੀ ਦੀ ਸੀ ਜਾਂਦੀ ਹੋਸ਼ ਮਾਰੀ।
ਜ਼ੁਲਮ ਅਤੇ ਗ਼ੁਲਾਮੀ ਤੋਂ ਕੌਮ ਸਾਰੀ,
ਦਿੱਤੀ ਇਨ੍ਹਾਂ ਛੁਡਾ, ਭਰ ਕੇ ਜੋਸ਼ ਭਾਰੀ।

ਰਣ 'ਚ ਸੂਰਮਾ, ਤਖ਼ਤ ਤੇ ਪਾਤਸ਼ਾਹ ਇਹ,
ਗੱਦੀ ਉਤੇ ਕਾਨੂੰਨ ਬਨਾਉਣ ਆਇਆ।
ਫ਼ਕੀਰ ਖ਼ਾਲਸੇ ਸੰਦੀ ਬਰਾਦਰੀ 'ਚ,
ਕਿਸਮਤ ਹਿੰਦ ਦੀ ਸੁਤੀ ਜਗਾਉਣ ਆਇਆ।੭।

ਤੁਪਕ ਤੀਰ ਤਲਵਾਰ ਸਮੂੰਹ ਸ਼ਸ਼ਤ੍ਰਾਂ ਨੂੰ,
ਪੀਰ ਸਮਝ ਕੇ ਪੂਜਾ ਸਿਖਾਈ ਇਸ ਨੇ।
ਡੰਡਾ ਡਾਂਗ ਬਰਛੀ ਦੇ ਕਰ ਈ ਭਾਰੀ,
ਸਾਧ, ਮਾਹੀ ਹਲਵਾਈ ਤੋਂ ਲੜਾਈ ਇਸ ਨੇ।
ਚਿੜੀ ਬਾਜ਼ ਪਾੜੇ, ਇਕ ਸਵਾ ਲਖ ਮਾਰੇ,
ਦਸ ਲਖ ਤੇ ਭੀ ਫ਼ਤਹਿ ਪਾਈ ਇਸ ਨੇ।
ਦਸਮ ਗ੍ਰੰਥ ਤੇ ਹੋਰ ਬੇਅੰਤ ਕਵਿਤਾ,
ਰਚ ਕੇ ਮੁਰਦਿਆਂ 'ਚ ਜਾਨ ਪਾਈ ਇਸ ਨੇ।

ਹੱਥ ਤਲਵਾਰ ਦਿਲ ਵਿਚ ਪਿਆਰ ਸਾਰਿਆਂ ਲਈ,
ਮੂੰਹ ਤੇ ਨਾਮ ਕਰਤਾਰ ਜਪਾਉਣ ਆਇਆ।
ਜਾਤੁ ਮਾਨਸ ਕੀ "ਕੋਮਲ" ਪਹਿਚਾਣ ਇਕੋ,
ਕਿਸਮਤ ਹਿੰਦ ਦੀ ਸੁੱਤੀ ਜਗਾਉਣ ਆਇਆ।੮।

ਦਿਲਬਰ ਪਿਆਰੜੇ ਜੀ !

ਆ ਜਾ ਦਿਲਬਰ ਪਿਆਰੜੇ ਜੀ,
ਸਜਨ ! ਵਿਚ ਨੈਣੀਂ ਆਸਣ ਆ ਲਾਵੋ ।
ਅੱਗ ਬ੍ਰਿਹਾ ਸੰਗ ਦਿਲ ਜਲਦਾ,
ਮਾਹੀ ! ਦੇ ਕੇ ਦਰਸ਼ਨ ਠੰਢ ਵਰਤਾਵੋ ।

ਅਖੋਂ ਵਰ੍ਹ ਨੀਰ ਛੜਕਾ ਏ ਕਰਦਾ,
ਉੱਡੇ ਨਾ ਗਰਦ ਗਲੀ 'ਚ ਦਿਲ ਡਰਦਾ ।
ਪੁਤਲੀਆਂ ਵਿਛ ਕੇ ਫ਼ਰਸ਼ ਬਨਾਵਣ,
ਮਾਹੀ ਆਏ ਦਿਲ ਖੋਲ੍ਹ ਵਿਖਾਵਣ !

ਹੋਵੇ ਸਮਾਂ ਕਦ ਸੁਹਾਣਾ ਜੀ,
ਸਜਨ ਜਦ ਚਰਨ ਵਿਹੜੇ ਆ ਪਾਵੋ !
ਆ ਜਾ ਦਿਲਬਰ ਪਿਆਰੜੇ ਜੀ,
ਸਜਨ ! ਵਿਚ ਨੈਣੀਂ ਆਸਣ ਆ ਲਾਵੋ ।

ਸੁੰਦਰ ਕਦ ਸੱਰੂ ਸਮ ਬੇਲੀ,
ਬਾਂਕੀ ਚਾਲ ਚਲੋ ਅਲਬੇਲੀ ।
ਅੱਖ ਮਸਤਾਨੀ ਚੜ੍ਹਦੀ ਜੁਆਨੀ,
ਖ਼ਲਕਤ ਦੇਖ ਹੋਇ ਦੀਵਾਨੀ ।
ਮੈਂ ਭੀ ਭੁਲ ਹੋਸ਼ ਭੁਲਾਨਾ ਜੀ,
ਸਜਨ ! ਮੇਰੀ ਝੋਲੀ ਖੈਰ ਚਾ ਪਾਵੋ ।
ਆ ਜਾ ਦਿਲਬਰ ਪਿਆਰੜੇ ਜੀ,
ਸਜਣ ! ਵਿਚ ਨੈਣੀਂ ਆਸਣ ਆ ਲਾਵੋ ।

ਸੁੰਦਰ ਜ਼ੁਲਫ਼ਾਂ ਮਨ ਭਰਮਾਵਣ,
ਬੁਲ੍ਹ ਯਾਕੂਤੀ ਖਿਚ ਚਾ ਪਾਵਣ।
ਮੁਖ ਵਿਚ ਚਮਕਣ ਦੰਦ ਨੂਰਾਨੀ,
ਨੱਕ ਸੁੰਦਰ ਤਲਵਾਰ ਸਮਾਨੀ।

ਮਿਠ-ਬੋਲੜਾ ਸਜਨ ਸੁਜਾਨਾ ਜੀ,
ਸਜਨ ! ਅੰਗ ਲਾਵੇ ਛੱਡ ਨਾ ਜਾਵੇ।
ਆ ਜਾ ਦਿਲਬਰ ਪਿਆਰੜੇ ਜੀ,
ਸਜਣ ! ਵਿਚ ਨੈਣੀਂ ਆਸਣ ਆ ਲਾਵੇ।

ਧੰਧਿਆਂ ਵਿੱਚ ਹੱਥ ਧਾਂਦਾ ਰਹਿੰਦਾ,
ਦਿਲ ਪੀਆ ਵਲ ਜਾਂਦਾ ਰਹਿੰਦਾ।
ਸੱਸ, ਨਿਨਾਣਾਂ ਤਾਹਨੇ ਮਾਰਨ,
ਸਹਿ ਸਹਿ ਨੋਕਾਂ ਮੈਂ ਦੁਖਿਆਰਨ।

ਹੋ ਬੌਰੀ ਤਨ ਮਨ ਜਲਾਨਾ ਜੀ,
"ਕੋਮਲ" ਦੇ ਕੇ ਦਰਸ਼ਨ ਠੰਢ ਵਰਤਾਵੇ।
ਆ ਜਾ ਦਿਲਬਰ ਪਿਆਰੜੇ ਜੀ,
ਸਜਣ ! ਵਿਚ ਨੈਣੀਂ ਆਸਣ ਆ ਲਾਵੇ।

ਲੱਲੋਸ਼ੂਰੀ

ਲੱਲੀ ਅੰਮ੍ਰਿਤ ਵੇਲੇ ਤੁਰ ਪਈ ਘਰੋਂ ਸੀ,
ਜਾ ਵੇਖਾਂ ਗੁਰ ਦੇਵ ਨਿਵਾਵਾਂ ਸੀਸ ਜਾ।
ਪਹੁੰਚ ਗੁਰੂ ਦੇ ਘਰ ਮਿਲੀ ਗੁਰ ਮਾਤ ਨੂੰ,
ਜੁ ਰੋਟੀ ਰਹੀ ਪਕਾ ਗੁਰ ਰੱਬ ਰਿਹਾ ਧਿਆ।
"ਮਾਂ ਕਿਥੇ ਨੇ ਸਿੱਧ ਜੀ" ਲੱਲੀ ਨੇ ਜੁ ਪੁਛਿਆ,
"ਜਪ ਵਿੱਚ ਨੇ ਉਹ ਮਗਨ" ਉਤਰ ਇਹ ਆਇਆ।
"ਘੋੜੇ ਨੂੰ ਨੰਦ ਮਰਗ ਉਹ ਮਾਰਨ ਲਤ ਨੇ,
ਕਿ ਜਪ ਨਹੀਂ ਕਰ ਰਹੇ" ਲੱਲੀ ਫ਼ੁਰਮਾਇਆ।
ਆਖਿਆ ਗੁਰ ਮਾਤਾ "ਪਗਲੀ ਹੋਈ ਏਂ,
ਕਿ ਵਾਂਗ ਸ਼ੁਦਾਈ ਹੈਂ ਜੁ ਬਚਨ ਉਚਾਰਦੀ।
ਜਪੁ ਵਿਚ ਗੁਰ ਜੀ ਮਗਨ ਫਿਰੇਂ ਨੰਦ ਮਰਗ ਤੂੰ"
ਸੁਣ ਚੁਪ ਲੱਲੀ ਹੋਈ ਨ ਰੋਹ ਚਿਤਾਰਦੀ।
ਕੁਝ ਚਿਰ ਪਿਛੋਂ ਸਿਧ ਜੀ ਆਇ ਹੇਠਾਂ ਉਤਰ,
ਲੱਲੀ ਨਾਲ ਸਤਿਕਾਰ ਕਿ ਸੀਸ ਨਿਵਾਇਆ।
ਪਤਨੀ ਅਪਣੇ ਪੂਜ ਨੂੰ ਦਿਤਾ ਸਭ ਆਖ,
ਕਿਵੇਂ ਸ਼ਾਗਿਰਦਾ ਨੇ ਮਖ਼ੌਲ ਉਡਾਇਆ।
ਸਿਧ ਕਾਕ ਕਿਹਾ, "ਠੀਕ ਲੱਲੀ ਨੇ ਹੈ ਕਿਹਾ,
ਉਸ ਸਮੇਂ ਜਦ ਜਪੁ ਵਿਚ ਕਿ ਮੈਂ ਜੁੜ ਰਿਹਾ ਸਾਂ।
ਆਂਵਦਾ ਸੀ ਮਨ 'ਚ ਖ਼ਿਆਲ ਘੋੜੇ ਦਾ,
ਨੰਦ ਮਰਗ ਘਲੇ ਹੋਇ ਮਗਰ ਜਾ ਰਿਹਾ ਸਾਂ।

ਗੁਰੂ ਨੂੰ ਫੇਰ ਲੱਲੀ ਕਿਹਾ ਐ ਗੁਰ ਦੇਵ !
ਇਹ ਮਨ ਜੁ ਚੰਚਲ ਹੈ ਕਿੰਞ ਵਸ ਆਂਵਦਾ।
ਅਹੰਕਾਰ ਬੁਰਾ ਹੈ ਜੁ ਜਗਿਆਸ ਨੂੰ ਕਿ,
ਨਾਮ ਤੋਂ ਸਦਾ ਲਈ ਦੂਰ ਰਖਾਂਵਦਾ।
"ਅਜ਼ਪਾ ਗਾਇਤ੍ਰੀ ਸੂਖਮ ਸੂ ਜ਼ਪਿਤ,
ਅਹਮ ਤਰੇਵਿਥ ਸੂਈ ਅੱਦ ਰੱਟ,
ਖਿਮ ਤਰੇਵ ਵਹਿਮ ਸੂਈ ਹੂਦ ਪਾਨੇ,
ਬੋ ਨੋ ਆਸਨ, ਛੂਈ ਉਪਦੇਸ਼"।
ਅਜਪਾ ਗਾਇਤ੍ਰੀ ਤੇ ਸੋਹੰ ਸੋ ਜਪ ਕੇ,
ਕਿ ਤਜ ਕੇ ਅਹੰਕਾਰ ਉਹ ਨੂੰ ਗਹਿ ਹਮੇਸ਼,
ਤੋੜੀ ਜਿਸ ਭ੍ਰਮ ਭੀਤ ਭਿ ਉਸ 'ਚ ਰਿਹਾ ਉਹੋ,
ਮੈਂ, ਮੇਰਾ ਕੁਝ ਨਹੀਂ ਇਹੋ ਹੈ ਉਪਦੇਸ਼।
ਕਹਿੰਦੇ ਨੇ ਇਕ ਦਿਨ ਪੂਰਨਮਾਸ਼ੀ ਦੇ,
ਲੱਲੀ ਸਾਫ਼ ਜੁ ਕਮਰੇ, ਕਿ ਵਿਚ ਸੀ ਜਾ ਵੜੀ।
ਪੈਰਾਂ ਹੇਠ ਤਗਾਰ ਕਿ ਇਕ ਸੀ ਰਖ ਲਿਆ,
ਦੂਜਾ ਸਿਰੇ ਤੇ ਧਰ ਚੁਪ ਹੋ ਰਹੀ ਖੜੀ।
ਚੰਦ ਲਗਾ ਜਦ ਘਟਣ ਨਾਲ ਹੀ ਲੱਲੀ ਦਾ,
ਹੌਲੀ ਹੌਲੀ ਜਿਸਮ ਕਿ ਘਟਣੇ ਲਗ ਪਿਆ।
ਅਮਾਵਸ ਵਾਲੇ ਦਿਨ ਮਿਲੇ ਤਗਾਰ ਦੋਇ,
ਇਕ ਦੂਜੇ ਦੇ ਮੂੰਹ ਸੰਗ ਮੂੰਹ ਲਗ ਗਿਆ।
ਸੀ ਸਿਧ ਜੀ ਹਰ ਰੋਜ਼ ਕਿ ਇਹਨੂੰ ਦੇਖਦੇ,
ਜਦ ਮਿਲ ਗਏ ਤਗਾਰ ਕਿ ਉਨ੍ਹਾਂ ਚੁਕ ਤਕਿਆ।
ਡਿੱਠਾ ਪਾਰੇ ਵਾਂਗੂ ਕਿ ਕੁਝ ਸ਼ੈ ਹਿਲ ਰਹੀ,
ਤੱਕ ਕੇ ਹੋ ਹੈਰਾਨ ਕਿ ਉਨ੍ਹਾਂ ਮੁੜ ਢੱਕਿਆ।

ਸ਼ੁਕਲਾ ਪਖ ਦੇ ਦਿਨਾਂ ਉਹ ਹੌਲੀ ਹੌਲੀ,
ਵਧਣ ਜਿਸਮ ਲਗਾ ਸੀ ਜੁ ਵਧਦਾ ਹੀ ਗਿਆ ।
ਪੂਰਨ-ਮਾਸ਼ੀ ਦੇ ਕਿ ਦਿਵਸ ਨੂੰ ਜਿਸਮ ਉਹ,
ਅਪਣੀ ਅਸਲੀ ਦਸ਼ਾ ਵਿਚ ਮੁੜ ਜੁ ਆ ਗਿਆ ।
ਸਿਧ ਕਾਕ ਨੇ ਪੁਛਿਆ "ਦੇਵੀ ਪਿਆਰੜੀ !
ਜਦੋਂ ਢਕਣੇ ਦੋਵੇਂ ਆਪਸ 'ਚ ਮਿਲੇ ਸੀ ।
ਮੈਂ ਢਕਣਾ ਉਪਰ ਦਾ ਚੁਕ ਕੇ ਸੀ ਤੱਕਿਆ,
ਡਿਠੀ ਹਿਲਦੀ ਕੁਝ ਸ਼ੈ ਕਿ ਇਹ ਕਿਉਂ ਹਿਲੇ ਸੀ ?"
ਦਿੱਤਾ ਲੱਲੀ ਉਤਰ "ਜੀ ਮੈਂ ਕੰਬ ਰਹੀ ਸਾਂ,
ਕਿ ਤੱਪ ਇਹ ਰੱਬ ਜੀ ਨੂੰ ਭਲਾ ਪਰਵਾਨ ਹੈ ।
ਕਿਉਂ ਜੁ ਉਸ ਦੀ ਮੇਹਰ ਬਿਨ ਨ ਨੇ ਕੰਮ ਦੇ,
ਕਰਮ ਜਪੁ ਤਪੁ ਦਾਨ ਜੁ ਕਰਦਾ ਇਨਸਾਨ ਹੈ ।"
"ਗਵ ਸ਼ਿਸ਼ ਗੋਰਸ ਸੱਠਾ ਖਸਥੀ ਸੂਈ ਵਰ
ਦਿਤਮ ਦੇਵ" 'ਕੋਮਲ' ਭਿ ਹੁਇ ਰੱਬ ਤਿਹੋ ਜਿਹਾ ।
ਗੁਰੂ ਕਿਹਾ 'ਕਿ ਸ਼ਿਸ਼ ਵੱਧ ਹੈ ਗੁਰੂ ਤੋਂ ਗਿਆ,
ਐ ਪ੍ਰਭੂ ! ਮੈਨੂੰ ਭੀ ਕਿ ਬਣਾ ਇਹੋ ਜਿਹਾ ।"

ਸ਼ਾਨਿ ਖ਼ਾਲਸਾ

ਪੈਦਾ ਹੋਇਉਂ ਤੂੰ ਖੰਡੇ ਦੀ ਧਾਰ ਵਿਚੋਂ,
ਸਿਰ ਧਰ ਤਲੀ ਸੈਂ ਜਦੋਂ ਦਰਬਾਰ ਆਇਆ।
'ਦਇਆ''ਧਰਮ' 'ਮੁਹਕਮ' ਸਹਿਤ 'ਸਾਹਿਬੀ' ਦੇ,
'ਹਿੰਮਤ' ਨਾਲ ਲੈ ਬਣ ਸਰਦਾਰ ਆਇਆ।
ਜ਼ਾਤ ਪਾਤ ਤੇ ਨੀਚਤਾ ਊਚ ਸਾਰੀ,
ਵਹਿਮ ਭਰਮ ਸੈਂ ਸਭ ਵਿਸਾਰ ਆਇਆ।
ਪੀ ਕੇ ਅੰਮ੍ਰਿਤ ਅਮਰ ਕਰਾਉਣ ਵਾਲਾ,
ਦੀਨਾਂ ਦੁਖੀਆਂ ਦਾ ਸੈਂ ਮਦਦਗਾਰ ਆਇਆ।
ਸਾਬਤ ਸੂਰਤ ਰੱਬੀ, ਨਾਲੇ ਨੂਰ ਨੂਰੀ,
ਵੇਖ ਹੋਇਆ ਵਿਸਮਾਦ ਜਹਾਨ ਤੇਰੀ।
ਹੋ ਹਰਿਆਨ ਮੁਹਾਰਾ ਹੀ ਕਹਿ ਉਠਿਆ,
ਉੱਚੀ ਖ਼ਾਲਸਾ ਜੱਗ ਤੇ ਸ਼ਾਨ ਤੇਰੀ।੧।
ਤੂੰ ਹੀ ਸਿੰਘ ਬਣ ਕਾਇਰਾਂ ਗਿਦੜਾਂ ਤੋਂ,
ਚਿੜੀਉਂ ਬਾਜ਼ ਬਣ, ਬਾਜ਼ ਤੁੜਵਾ ਦਿੱਤੇ।
ਉੱਚੀ ਜ਼ਾਤ ਤੇ ਬਲ ਵਿਚ ਮਸਤਿਆਂ ਨੂੰ,
ਬਾਈ-ਧਾਰਾਂ ਦੇ ਛਕੇ ਛੁੜਵਾ ਦਿੱਤੇ।
ਕਈ ਵਾਰ ਸ਼ਾਹੀ ਫ਼ੌਜ ਨੂੰ ਭਾਜੜਾਂ ਦੇ,
ਹੋਸ਼ ਯੋਧਿਆਂ ਦੇ ਉਡਵਾ ਦਿੱਤੇ।
ਉਚਾ ਦਸ ਕੇ ਧਰਮ ਆਚਾਰ ਆਪਣਾ,
ਡੋਲੇ ਵੈਰੀਆਂ ਫੜ ਫੜ ਮੁੜਵਾ ਦਿੱਤੇ।
ਵੈਰੀ ਰਹਿਓਂ ਕੇਵਲ ਸਦਾ ਜ਼ੁਲਮ ਦਾ ਤੂੰ,
ਪਾਣੀ ਸਾਰਿਆਂ ਦੇਣੀ ਰਹੀ ਬਾਣ ਤੇਰੀ।
ਸੱਚੇ ਹਿੰਦੂ ਮੁਸਲਿਮ ਤੇਰੇ ਜੱਸ ਗਾਵਣ,
ਉੱਚੀ ਖ਼ਾਲਸਾ ਜੱਗ ਤੇ ਸ਼ਾਨ ਤੇਰੀ।੨।

ਗੜ੍ਹੀ ਕਚ੍ਚੀ ਚਮਕੌਰ ਵਿਚ ਚਾਲੀਆਂ ਨੇ,
ਲਖਾਂ ਜਾਬਰਾਂ ਨੂੰ ਦਿੱਤੀ ਹਾਰ ਤੂੰਹੇਂ।
ਜ਼ੁਲਮ ਪੁਟ ਕੇ ਜੜ੍ਹੋਂ ਉਖਾੜਨੇ ਲਈ,
ਦਿੱਤਾ ਆਪਣਾ ਆਪ ਸੀ ਵਾਰ ਤੂੰਹੇਂ।
ਦੇਸ਼, ਕੌਮ ਤੇ ਧਰਮ ਦੀ ਰੱਖਿਆ ਹਿਤ,
ਕੀਤਾ ਜੱਗ ਤੇ ਪਰਉਪਕਾਰ ਤੂੰਹੇਂ।
ਘਰੋਂ ਹੋ ਬੇਘਰ ਛਡ ਸੁਖ ਸਾਰੇ,
ਕੀਤਾ ਜੰਗਲਾਂ ਨਾਲ ਪਿਆਰ ਤੂੰਹੇਂ।

ਸਹੇ ਕਸ਼ਟ ਅਕਹਿ ਅਸਹਿ ਭਾਵੇਂ,
ਅਟੱਲ ਜੱਗ ਤੇ ਰਹੀ ਅਣਖ ਆਨ ਤੇਰੀ।
ਤਾਹੀਉਂ ਨੂਰ ਮੁਹੰਮਦ ਕਾਜ਼ੀ ਆਖਦਾ ਏ,
ਉੱਚੀ ਖ਼ਾਲਸਾ ਜਗ ਤੇ ਸ਼ਾਨ ਤੇਰੀ।੩।

ਇਸੇ ਅਣਖ ਤੇ ਸੱਚ ਦੀ ਕਾਇਮੀ ਲਈ,
ਤੇਰੇ ਸਿਰ ਤੇ ਆਰੀਆਂ ਫਿਰਦੀਆਂ ਸਨ।
ਚੜ੍ਹ ਕੇ ਚਰਖੜੀ ਤੇ ਰਹਿਉਂ ਹਸਦਾ ਤੂੰ,
ਪਈਆਂ ਪਿਸਦੀਆਂ ਹੱਡੀਆਂ ਸਿਰ ਦੀਆਂ ਸਨ।
ਬੰਦ ਬੰਦ ਕਟਾਏ ਸਨ ਖ਼ੁਸ਼ ਹੋ ਤੂੰ,
ਲਹੂ ਵਗਿਆ ਹੱਡੀਆਂ ਚਿਰਦੀਆਂ ਸਨ।
ਅੱਸੀ ਦਮੜੇ ਵੀ ਤੇਰੀ ਰਹੀ ਕੀਮਤ,
ਪਈਆਂ ਕੀਮਤਾਂ ਵੀ ਮੋਏ ਸਿਰ ਦੀਆਂ ਸਨ।

ਤੇਰੀਆਂ ਬੱਚੀਆਂ ਵੀ ਪੀਸਣ ਪੀਸ ਭਾਰੇ,
ਸ਼ਰਮ ਧਰਮ ਕਾਇਮ ਰਖੀ ਆਨ ਤੇਰੀ।
ਅੱਖਾਂ ਸਾਹਮਣੇ ਲਾਲ ਕੁਹਾਏ ਕਿਹਾ :
ਉੱਚੀ ਖ਼ਾਲਸਾ ਜੱਗ ਤੇ ਸ਼ਾਨ ਤੇਰੀ।੪।

ਫੜ ਫੜ ਬੱਚੀਆਂ ਨੂੰ ਲੈ ਜਾਣ ਜ਼ਾਲਮ,
ਲਖਾਂ ਤਾਈਂ ਤੂੰ ਜਾ ਛੁੜਾਵੰਦਾ ਸੈਂ।
ਤਾਲ ਹਰੀ-ਮੰਦਰ ਪਾਪੀ ਪੂਰਦੇ ਜੇ,
ਮੁੜ ਮੁੜ ਸ਼ੇਰ ਬਣ ਤੂੰ ਬਣਾਵੰਦਾ ਸੈਂ।
ਆਪ ਭਾਵੇਂ ਕੜਾਕੇ ਹੀ ਰਹੇਂ ਕਈ ਦਿਨ,
ਐਪਰ ਭੁੱਖਿਆਂ ਭੋਜਨ ਛਕਾਵੰਦਾ ਸੈਂ।
ਅਹਿਮਦ ਸ਼ਾਹ ਦੁਰਾਨੀ ਪਠਾਨ ਨੂੰ ਭੀ,
ਬਿਨਾ ਸਾਜ਼ ਤੂੰ ਛਕੇ ਛਡਾਵੰਦਾ ਸੈਂ।

ਦੇਸ਼ ਕੌਮ ਨੂੰ ਕਰਨ ਅਜ਼ਾਦ ਹਰਦਮ,
ਲਖਾਂ ਸਹੇ ਅਜ਼ਾਬ ਹਨ ਜਾਨ ਤੇਰੀ।
ਤਾਹੀਉਂ ਸਾਰੇ ਇਤਿਹਾਸ ਇਹ ਦਸਦੇ ਨੇ,
ਉੱਚੀ ਖ਼ਾਲਸਾ ਜਗ ਤੇ ਸ਼ਾਨ ਤੇਰੀ।੫।

ਤੇਰੀ ਅਣਖ ਨੇ ਜਦੋਂ ਉਬਾਲ ਖਾਧਾ,
ਬਾਰ੍ਹਾਂ ਮਿਸਲਾਂ ਦਾ ਵਾਲੀ ਅਖਾਉਣ ਲਗੋਂ।
ਮਿਲ ਕੇ ਸਾਰੀਆਂ ਦੇ ਸਰਦਾਰ ਬਾਂਕੇ,
ਰਾਜੇ ਭੂਰੀਆਂ ਵਾਲੇ ਬਨਾਉਣ ਲਗੋਂ।
ਪੈਦਾ ਸ਼ੇਰਿ ਪੰਜਾਬ ਸ਼ੁਕਰਚਕੀਆਂ ਥੀਂ,
ਕਰ ਕੇ ਖ਼ਾਲਸਾ ਰਾਜ ਚਮਕਾਉਣ ਲਗੋਂ।
ਕਸ਼ਮੀਰ, ਜੰਮੂ, ਗਿਲਗਿਤ, ਕਾਂਗੜਾ ਤੇ,
ਸਿਖੀ ਝੰਡਾ ਭੀ ਕਾਬਲ ਲਹਿਰਾਉਣ ਲਗੋਂ।

ਹਰੀ ਸਿੰਘ ਨਲੂਆ, ਮਹਾਂ ਸਿੰਘ ਬਾਲੀ,
ਫੂਲਾ ਸਿੰਘ ਵਰਗੇ ਸਨ ਜਾਨ ਤੇਰੀ।
ਸ਼ਾਮ ਸਿੰਘ ਭੀ ਕਿਹਾ ਸੀ ਮਰਨ ਸਮੇਂ,
ਉੱਚੀ ਖ਼ਾਲਸਾ ਜਗ ਤੇ ਸ਼ਾਨ ਤੇਰੀ।੬।

ਚੰਦਰੀ ਫੁਟ ਕਾਰਨ ਫੁਟੇ ਬਖ਼ਤ ਤੇਰੇ,
ਨਾ ਹੈ ਰਾਜ ਨਾ ਰਹੀ ਉੱਚੀ ਸ਼ਾਨ ਸ਼ੇਰਾ।
ਤੇਰੀ ਅਣਖ ਸ੍ਵੈਮਾਨ ਵਿਸ਼ਵਾਸ-ਸਿੱਖੀ,
ਔਖੇ ਵੇਲੇ ਮੁੜ ਵੇਖੇ ਜਹਾਨ ਸ਼ੇਰਾ।
ਗੁਰਧਾਮਾਂ ਅਜ਼ਾਦ ਕਰਾਉਣ ਬਦਲੇ,
ਤੇਰੀ ਸਹੇ ਅਜ਼ਾਬ ਸਨ ਜਾਨ ਸ਼ੇਰਾ।
ਇਤਿਹਾਸ ਦੁਹਰਾਉਣਾ ਸਿਫ਼ਤ ਤੇਰੀ,
ਹੋਇਆ ਵੇਖ ਅੰਗ੍ਰੇਜ਼ ਹੈਰਾਨ ਸ਼ੇਰਾ।

ਮਾਰ ਮਾਰ ਜਦੋਂ ਬੀ. ਟੀ. ਥੱਕ ਬੈਠਾ,
ਐਪਰ ਥਕੀ ਨਾ ਸੀ ਜਦੋਂ ਜਾਨ ਤੇਰੀ।
ਤੇਰੀ ਧੌਣ ਅਟਕਾਉਂਦੀ ਗੱਡੀਆਂ ਨੂੰ,
ਉੱਚੀ ਖ਼ਾਲਸਾ ਜਗ ਤੇ ਸ਼ਾਨ ਤੇਰੀ।੭।

ਲੀਗੀ ਥਕ ਹਾਰੇ ਤੈਨੂੰ ਮੇਟਣੇ ਲਈ,
ਪਰ ਤੂੰ ਸਿੱਖੀ ਲਈ ਪਿਆਰੀ ਨਾ ਜਾਨ ਕੀਤੀ।
ਨਾ ਤੂੰ ਆਨ ਮੰਨੀ, ਧਰਮ ਛਡਿਆ ਨਹੀਂ,
ਹਸ ਹਸ ਜੂਝਿਓਂ ਮੌਤ ਪਰਵਾਨ ਕੀਤੀ।
ਲਗਦੇ ਵਾਹ ਧਰਮ ਸ਼ਰਮ ਰਖਣ ਖ਼ਾਤਰ,
ਤੇਰੀਆਂ ਬੱਚੀਆਂ ਪਿਆਰੀ ਨਾ ਜਾਨ ਕੀਤੀ।
ਖੂਹੀਂ ਡੁਬ ਮੋਈਆਂ, ਅੱਗੀਂ ਜਲ ਸੜੀਆਂ,
ਨਦੀ ਡੁਬ ਜਿੰਦ ਭੇਟ ਕਿਰਪਾਨ ਕੀਤੀ।

ਪਰਲੋ ਤੀਕ ਸ਼ਾਲਾ ਤੂੰ ਤੇ ਅਣਖ ਤੇਰੀ,
ਕਾਇਮ ਧਰਮ ਰਹੇ ਜਿੰਦ ਤੇ ਜਾਨ ਤੇਰੀ।
ਦਰਿਆ ਵਾਦੀ ਪਹਾੜ ਭੀ ਕਹਿਣ "ਕੋਮਲ",
ਉੱਚੀ ਖ਼ਾਲਸਾ ਜਗ ਤੇ ਸ਼ਾਨ ਤੇਰੀ।੮।

ਅੱਗ-ਬਿਰਹਾ

ਚੰਦਨ ਲੇਪ ਨਾ ਠੰਢ ਪਾਵੇ,
ਰਹੀ ਅੱਗ-ਬਿਰਹਾ ਸਾੜ ਮੈਨੂੰ।
ਚੰਦ-ਚਾਂਦਨੀ ਚੁਭ ਚੁਭ ਚੀਰੇ,
ਮਾਹੀ ਬਿਨਾ ਕਿਵੇਂ ਮਨ ਧੀਰੇ,
ਉਲਟੇ ਪੈ ਗਏ ਰਾੜਿ ਮੈਨੂੰ,
ਰਹੀ ਅੱਗ-ਬਿਰਹਾ ਸਾੜ ਮੈਨੂੰ। ਚੰਦਨ ਲੇਪ......
ਸਿਕਣ ਲੁਛਣ ਸੀਨਾ ਸਾੜੇ,
ਸਸੀਅਰ ਗ੍ਰੀਖਮ ਬਣ ਕਾੜ੍ਹੇ,
ਬਸੰਤ ਜਾਪੇ ਰੁਤ ਝਾੜ ਮੈਨੂੰ,
ਰਹੀ ਅੱਗ-ਬਿਰਹਾ ਸਾੜ ਮੈਨੂੰ। ਚੰਦਨ ਲੇਪ......
ਹਿਮ ਵਿੱਚ ਲੇਟਾਂ ਘਾਮ ਘਟੇ ਨਾ,
ਸ਼ਾਂਤਿ ਕਿਥੇ ਜੀਭ ਨਾਮ ਰੱਟੇ ਨਾ,
ਪਾਪੀ ਪੰਜ ਦੇਣ ਪਾੜ ਮੈਨੂੰ,
ਰਹੀ ਅੱਗ-ਬਿਰਹਾ ਸਾੜ ਮੈਨੂੰ। ਚੰਦਨ ਲੇਪ......
ਸਹਿਤ ਪਲੰਘ ਚੂੜਾ ਭੰਨ ਸੁਟਾਂ,
ਅੱਗ ਵਿਚ ਬਾਂਹ ਬੰਗਾਂ ਤੁਨ ਸੁਟਾਂ,
ਭੇੜਾ ਗਿਆ ਕਿਉਂ ਚਾੜ੍ਹ ਮੈਨੂੰ,
ਰਹੀ ਅੱਗ-ਬਿਰਹਾ ਸਾੜ ਮੈਨੂੰ। ਚੰਦਨ ਲੇਪ......
"ਵੇਸਿ ਨਾ ਪਾਈਐ ਮਹਾਂ ਦੁਖਿਆਰੀ",
ਲਗਾਂ ਸਜਨ ਨੂੰ ਮੈਂ ਕਿਵੇਂ ਪਿਆਰੀ,
"ਕੋਮਲ" ਨਾਮ ਪੀਂਘ ਚਾੜ੍ਹ ਮੈਨੂੰ,
ਰਹੀ ਅੱਗ-ਬਿਰਹਾ ਸਾੜ ਮੈਨੂੰ। ਚੰਦਨ ਲੇਪ......

ਮਾਈ ਭਾਗ ਭਰੀ

ਭਗਤਨ ਭਾਗ ਭਰੀ ਨੇ ਸੁਣਿਆ,
ਛੇਵਾਂ ਗੁਰ ਵਡ ਪਰ-ਉਪਕਾਰੀ।
ਮਾਰਗ ਪਾਂਦਾ ਪਾਰ ਲਗਾਂਦਾ,
ਕਈਆਂ ਦੀ ਉਸ ਪੈਜ ਸਵਾਰੀ।
ਸੁਣਦਾ ਜਨੁ ਆਪਣੇ ਦੀ ਹੈ ਉਹ,
ਜਿਹੜਾ ਉਸ ਨੂੰ ਦਿਲੋਂ ਧਿਆਏ।
ਉਹ ਤੁਰ ਆਏ ਦੇਰ ਨਾ ਲਾਇ,
ਪੈਣ ਨਾ ਦਿੰਦਾ ਨਰਕ ਮਝਾਰੀ।
ਦਿਲ ਡੂੰਘੇ ਦੀਆਂ ਵਿੱਚ ਡੂੰਘਾਣਾਂ,
ਤਾਰੀ ਸੀ ਝਟ ਲਾਈ ਮਾਈ।
ਸ੍ਰੀ ਸ੍ਰੀ ਗੁਰੂ ਹਰਿ ਗੋਬਿੰਦ ਜੀ,
ਨਾਂ ਸ਼ੁਭ ਸੰਗ ਰਹੇ ਲਿਵ ਲਾਈ।
ਵਡ ਜੋਧੇ ਦੇ ਧਿਆਨ 'ਚ ਖੀਵੀ,
ਮਨ ਆਪਣੇ ਨੂੰ ਕਰ ਕੇ ਖੀਵਾ,
ਪ੍ਰੇਮ-ਡੋਰ ਦੇ ਪਾ ਕੇ ਡੋਰੇ,
ਗੁਰ ਛੇਵੇਂ ਨੂੰ ਰਹਿ ਖਿਚ ਪਾਈ।
ਸਧਰ ਨਾਲ ਪਸ਼ਮ ਨੂੰ ਤੁੰਬ ਤੁੰਬ,
ਕਤ ਉਣ ਮਾਤ ਸਜਾਇਆ ਚੋਲਾ।
ਤੰਦ ਤੰਦ 'ਚ ਪ੍ਰੇਮ ਦੀਆਂ ਗੰਢਾਂ,
ਪਾ ਅਖੋਂ ਨੀਰ ਧੁਆਇਆ ਚੋਲਾ।
ਪ੍ਰੇਮ-ਚੋਲੜਾ ਕਰ ਕੇ ਪੂਰਨ,
ਕਰਨ ਫਿਰ ਜੁੜੀ ਅਰਜ਼ੋਈਆਂ।
ਦਰਸ਼ਨ ਨੂੰ ਹੁਣ ਅੱਖੀਂ ਤਰਸਨ,
ਹੈ ਬਿਰਹਾ ਦਿਲ ਤਾਇਆ ਮੌਲਾ।

ਆ ਜਾ ਤੇ ਠੰਢ ਪਾ ਜਾ ਸਜਣ!
ਦੇ ਦਰਸ਼ਨ ਚੋਲਾ ਪਾ ਜਾ ਜੀ।
ਅੱਗ-ਬਿਰਹਾ ਮਿਟਾ ਤੇ ਚਰਨੀਂ ਲਾ,
ਭਵ-ਸਾਗਰੋਂ ਪਾਰ ਲਗਾ ਜਾ ਜੀ।
ਬੁੱਢੀ ਠੇਰੀ ਗ਼ਮਾਂ ਨੇ ਘੇਰੀ,
ਕਰਾ ਜਾ ਬੰਦ ਖਲਾਸਿ ਮੇਰੀ।
*ਕਸ਼ੀਰ ਦਿਲਗੀਰ ਬਿਨਾ ਐ ਪੀਰ,
ਚਰਨਾਂ ਸੰਗ ਪਾਕ ਬਣਾ ਜਾ ਜੀ।
"ਗੋਬਿੰਦ ਭਾਉ ਭਗਤਿ ਦਾ ਭੁਖਾ",
ਸੁਧਾ ਸਰੋਂ ਤੁਰ ਸਤਿਗੁਰ ਆਏ।
ਪੰਧ ਬਿਖੜੇ ਬਿਖਮ ਘਾਟੀਆਂ,
ਪਰੇਮ-ਡੋਰ ਖਿਚੇ ਗੁਰ ਧਾਏ।
ਮਾਈ ਦੇ ਘਰ ਚਰਨ ਪਾਇ ਕੇ,
ਸਤਿਗੁਰ ਪਰਉਪਕਾਰ ਜੁ ਕੀਤਾ।
ਚੁਕ ਭਾਗ ਨੂੰ ਕੰਠ ਲਗਾਇਆ,
ਚੋਆ ਉਹ ਗਲ ਸਤਿਗੁਰ ਪਾਏ।
ਦਰਸਨ ਪਰਸਨ ਕਰ ਕੇ ਮਾਈ,
ਮਨ ਆਪਣੇ ਦੀ ਭੁੱਖ ਮਿਟਾਈ।
ਕੁਝ ਕੁ ਸਮਾਂ ਸਤਿਗੁਰ ਢਿਗ ਰਹਿ ਕੇ,
ਭਾਗ ਭਰੀ ਬੈਕੁੰਠ ਸਿਧਾਈ।
ਖਿਚ ਨਿਰਾਲੀ ਭਾਗ ਭਰੀ ਸੰਗ,
ਪਾਵਨ ਸੀ ਕਸ਼ੀਰ ਇਹ ਹੋਈ।
ਗੁਰ-ਚਰਨਾਂ ਲਗ ਟੁਕੜੀ ਨਿਆਰੀ,
ਚਮਕੀ "ਕੋਮਲ" ਦੂਣ ਸਵਾਈ।

*ਕਸ਼ਮੀਰ ਨੂੰ ਕਸ਼ਮੀਰੀ ਕਸ਼ੀਰ ਆਖਦੇ ਹਨ।

ਗੁਰੂ ਨਾਨਕ ਚਰਨਾਸਥਾਨ *ਬੇਰਵਾ

ਇਹ ਅਸਥਾਨ ਸੁਹਾਵਾ ਹਰਿਆਵਲਾ ਉਹ,
ਨਾਨਕ ਨਿਰੰਕਾਰੀ ਜਿਥੇ ਚਰਨ ਪਾਏ।

ਚਰਨ ਪਾਏ ਚਰਨੀਂ ਲਾਏ ਰਾਹੇ ਪਾਏ,
ਜਿਨ੍ਹਾਂ ਦਰਸ ਪਾਏ ਨਾਲੇ ਸ਼ਰਨ ਆਏ।

ਰੱਬੀ ਕੀਰਤਨ ਰੱਬੀ ਰਬਾਬ ਰਾਹੀਂ,
ਰੱਬੀ ਕੰਠ ਤੋਂ ਸੁਣਨ ਸਿੰਘ ਹਰਨ ਧਾਏ।

ਰੱਬੀ ਸ਼ਬਦ ਲਹਿਰਾਉਂਦਾ ਫ਼ਿਜ਼ਾ 'ਚ ਰਹੇ,
ਜਦ ਤਕ ਬਿਨਸ ਨਾ ਗਗਨ ਤੇ ਧਰਨ ਜਾਏ।

ਇਸ ਦੀ ਸਮਝ ਮਹੱਤਤਾ ਸ੍ਰੀ ਭਾਈ,
ਸੰਤ ਹਜ਼ਾਰਾ ਸਿੰਘ ਜੀ ਇਥੇ ਲਾਏ ਡੇਰੇ।
ਕਈ ਸਾਲ ਤਪਸਿਆ ਕਰੀ ਉਨ੍ਹਾਂ,
ਤੇ ਪ੍ਰਚਾਰ ਲਈ ਹਰ ਥਾਂ ਪਾਏ ਫੇਰੇ।

ਵਸੋਆ ਪੂਰਬ ਮੰਨਾਉਣਾ ਨੀਅਤ ਕੀਤਾ,
ਝੰਡਾ ਖ਼ਾਲਸਈ ਆਪ ਝੁਲਾਇਆ ਇਥੇ।

---

*ਸ੍ਰੀਨਗਰ ਤੋਂ ਪਛਮ ਵਲ ੨੧ ਮੀਲ, ਸ੍ਰੀਨਗਰ-ਗੁਲਮਰਗ ਰੋਡ ਦੇ ਖੱਬੇ ਪਾਸੇ,ਮਾਗਾਮ ਤੋਂ ਸਤ ਮੀਲ ਦੂਰ। ੧੬ਕਤਕ ੨੦੦੪ ਬਿ: ਨੂੰ ਕਬਾਇਲੀ ਵਹਿਸ਼ੀਆਂ ਨੇ ਇਸ ਪਵਿਤ੍ਰ ਇਤਿਹਾਸਕ ਗੁਰਦੁਆਰੇ ਦੀਆਂ ਸ਼ਾਨਦਾਰ ਇਮਾਰਤਾਂ ਹਰਿਮੰਦਰ ਸਾਹਿਬ ਨੂੰ ਖੰਡਰਾਤ ਬਣਾ ਦਿੱਤਾ ਤੇ ਸੱਚੇ ਗ੍ਰੰਥੀ ਜੀ ਨੂੰ ਹੌਰਨਾਂ ਪੰਜਾਂ ਸਿੰਘਾਂ ਸਹਿਤ ਸ਼ਹੀਦ ਕੀਤਾ।

"ਕੋਮਲ"

ਹਰ ਕਿਸੇ ਦੀ ਹੁੰਦੀ ਮੁਰਾਦ ਪੂਰੀ,
ਚਰਨ ਸਰਨ ਗੁਰ ਸਿਦਕ ਸੰਗ ਆਇਆ ਇਥੇ।
ਰਖਣ ਲਈ ਪਵਿਤ੍ਰਤਾ ਇਸ ਥਾਂ ਦੀ,
ਸੇਵਕ ਸਿੰਘ ਇਤਿਹਾਸ ਦੁਹਰਾਇਆ ਇਥੇ।
ਗ੍ਰੰਥੀ ਸਚਾ ਗੁਰ ਗ੍ਰੰਥ ਦਾ ਬਣਨ ਲਈ,
ਸੀਨਾ ਛਾਨਣੀ ਛਾਨਣੀ ਕਰਾਇਆ ਇਥੇ।

ਗੁਰਦੇਵ ਦੇ ਚਰਨਾਂ ਸੰਗ ਪਾਕ ਹੋਈ,
ਜ਼ਰਾ ਜ਼ਰਾ ਇਹਦਾ ਮਹਿਕੇ ਨਾਲ ਭਗਤੀ।
"ਕੋਮਲ" ਖ਼ੂਨ ਸ਼ਹੀਦਾਂ ਦਾ ਕਰੇ ਇਥੇ,
ਪੈਦਾ ਅਣਖ ਸਿਮਰਨ ਤੇ ਕਮਾਲ ਸ਼ਕਤੀ।

ਬਣ ਵੀਰਾ ਇਨਸਾਨ !

ਬਣ ਵੀਰਾ ਇਨਸਾਨ !
ਬਣ ਵੀਰਾ ਇਨਸਾਨ !!

ਬਣਿਆ ਰਹੁ ਹਿੰਦੂ ਸਿੱਖ ਬੋਧੀ,
ਈਸਾਈ ਮੁਸਲਮਾਨ,
ਪਾਰਸੀ ਜੈਨੀ ਅਤੇ ਯਹੂਦੀ।
ਜਪੁ ਅਲਾਹ ਭਗਵਾਨ !
ਬਣ ਵੀਰਾ ਇਨਸਾਨ !

ਕਾਦਰ ਹਰ ਇਕ ਨੂੰ ਉਪਜਾ,
ਹੈ ਜਗ ਬਾਗ ਸਜਾਇਆ।
ਰੰਗ-ਬਰੰਗੇ ਫੁੱਲ ਚਮਨ ਵਿੱਚ,
ਭਿੰਨ ਭਿੰਨ ਨਸਲਾਂ ਨੂੰ ਉਪਜਾਇਆ।
ਉਸ ਬਿਨ ਸਾਜ ਸਕੇ ਨ ਕੋਈ,
ਉਪਜੇ ਨੂਰ ਤੋਂ ਕੁਲ ਜਹਾਨ।
ਅੰਗ ਸਭਸ ਦੇ ਇਕੋ ਜਿਹੇ,
ਤੱਤ ਸਭ ਵਿੱਚ ਏਕ ਸਮਾਨ।
ਬਣ ਵੀਰਾ ਇਨਸਾਨ !

ਦੇਖ ਮਾਲੀ ਫੁੱਲ ਰੰਗ-ਬਰੰਗੇ,
ਖ਼ੁਸ਼ ਹੋ ਸਭ ਦਾ ਕਰੇ ਖ਼ਿਆਲ।
ਤਿਵੇਂ ਉਹ ਕਾਦਰ ਸੱਚਾ ਮਾਲੀ,
ਪਾਲੇ ਵਿਗਸੇ ਕਰੇ ਸੰਭਾਲ।

ਕੌਮ ਨਸਲ ਤੇ ਦੀਨ ਜੇ ਕੋਈ,
ਹੁੰਦਾ ਨਾ ਉਸ ਨੂੰ ਪਰਵਾਨ।
ਪੈਦਾ ਨਾ ਕਰਦਾ ਨਾ ਹੁੰਦਾ,
ਉਸ ਦਾ ਨਾਮ ਨਿਸ਼ਾਨ।
ਬਣ ਵੀਰਾ ਇਨਸਾਨ !

ਛੱਡ ਤੁਅੱਸਬ ਨਸਲੀ ਘਿਰਣਾ,
ਜੇ ਚਾਹੇਂ ਅਮਨ ਅਮਾਨ।
ਇਕੋ ਰੱਬ ਦਾ ਰਾਹ ਵਿਖਾਏ,
ਗੀਤਾ, ਗ੍ਰੰਥ, ਅੰਜੀਲ, ਕੁਰਾਨ।
ਉਨਸ ਧਾਤੂ ਤੋਂ ਬਣੇ ਇਨਸਾਂ,
'ਕੋਮਲ' ਆਪਣਾ ਫ਼ਰਜ਼ ਪਹਿਚਾਨ।
ਪ੍ਰੀਤ ਕਰੋ ਭਈ ਪ੍ਰੀਤ ਕਰੋ,
ਇਨਸਾਨ ਬਣੋ ਇਨਸਾਨ !
ਬਣ ਵੀਰਾ ਇਨਸਾਨ !!



ਜਗਤ ਜਲੰਦਾ ਰਖ ਲੈ !

ਛੁਪਿਆ ਧਰਮ ਛਾਇਆ ਅੰਧੇਰ,
ਜਗ ਵਿਚ ਹੋਵਣ ਪਾਪ ਚੁਫੇਰ,
ਸ਼ਰਮ ਉਡੀ ਰਿਹਾ ਕੀ ਫੇਰ ?
ਮੱਚੀ ਹਰ ਥਾਂ ਹਾ ਹਾ ਕਾਰ ! ਜਗਤ ਜਲੰਦਾ......

(ਰੱਬਾ) ਕੀ ਤੂੰ ਆਪੇ ਜੀਅ ਭੁਲਾਏ,
ਧਰਮੋਂ ਕਰਮੋਂ ਚੁਕ ਹਟਾਏ,
ਨਾਮ ਸਿਮਰਨੋਂ ਬਾਜ਼ ਰਖਾਏ ?
ਲਗ ਪਏ ਨਾਲੇ ਐਸ਼ ਬਹਾਰ। ਜਗਤ ਜਲੰਦਾ......

ਸਿਖਾਂ ਸਿੱਖੀ ਚੁਕ ਭੁਲਾਈ,
ਮਨ-ਮਤ ਦੀ ਹੀ ਰੀਤ ਚਲਾਈ,
ਉਲਟੇ ਰਸਤੇ ਪੈ ਗਏ ਭਾਈ,
ਬਾਹਰੋਂ ਭੇਖ, ਰਖੇ ਕਕਾਰ। ਜਗਤ ਜਲੰਦਾ......

ਸਿੱਖੀ ਸਿਖਿਆ ਗੁਰ ਵੀਚਾਰ,
ਸਿਖਾਂ ਲਈ ਹੋਈ ਔਖੀ ਕਾਰ,
ਖੰਡਿਤ ਕਰ ਲਏ ਪੰਜ-ਕਕਾਰ,
ਤਾਂ ਭੀ ਨਾਉਂ ਸਿੰਘ ਸਰਦਾਰ। ਜਗਤ ਜਲੰਦਾ......

ਪੰਜ ਬਾਣੀਆਂ ਪੰਜ ਕਕਾਰ,
ਸਿਖਾਂ ਦਿੱਤੇ ਮਨੋਂ ਵਿਸਾਰ,
ਬਜਰ ਕੁਰਹਿਤਾਂ ਨਾਲ ਪਿਆਰ,
ਭੇਖ ਲਿਆ ਹੈ ਬਾਹਰੋਂ ਧਾਰ। ਜਗਤ ਜਲੰਦਾ......

ਦਾਹੜਾ ਕੇਸ ਰਖ ਕੁਠਾ ਖਾਵਣ,
ਬਣ ਪਰਧਾਨ ਪਰਤ੍ਰਿਅ ਰਾਵਣ,
ਸ਼ਰਾਬ ਪੀਂਦਿਆਂ ਨਾ ਲਜਾਵਣ,
ਨਸ਼ਿਆਂ ਨਾਲ ਪਾ ਲਿਆ ਪਿਆਰ। ਜਗਤ ਜਲੰਦਾ......

ਸ਼ਰਮ ਆਵੰਦੀ ਪਾ ਕਿਰਪਾਣ,
ਪੈਂਟ ਪਾਣ ਕੱਛਾ ਨਾ ਪਾਣ,
ਦਾੜ੍ਹੀ ਕੇਸ ਕਈ ਲਗੇ ਮੁੰਨਾਣ,
ਮੁੱਛਾਂ ਕਟ - ਵੱਢ ਲੈਣ ਸਵਾਰ। ਜਗਤ ਜਲੰਦਾ......

ਬੀਬੀਆਂ ਭੈਣਾਂ ਲਾਹੀ ਲੋਈ,
ਫ਼ੈਸ਼ਨ ਦੀ ਇਥੇ ਹੱਦ ਹੋਈ,
ਸਿਰ ਤੇ ਲੀੜਾ ਰਖੇ ਨਾ ਕੋਈ,
ਕੇਸ ਬਣੇ ਫੁੱਲਾਂ ਦੇ ਹਾਰ। ਜਗਤ ਜਲੰਦਾ......

ਕੀ ਇਹ ਕੇਸ ਨਹੀਂ ਨੇ ਭੈਣਾਂ?
ਇਨ੍ਹਾਂ 'ਚ ਅੰਮ੍ਰਿਤ ਪਿਆ, ਨਾ ਪੈਣਾ?
ਤੀਵੀਂ ਮਰਦ ਕੀ ਇਕ ਨਹੀਂ ਭੈਣਾਂ?
ਨਾ ਭੁਲ ਨਾਨਕ ਦਾ ਉਪਕਾਰ। ਜਗਤ ਜਲੰਦਾ......

ਹੁਸਨ ਜਵਾਨੀ ਦੋਵੇਂ ਫ਼ਾਨੀ,
ਬੰਦਾ ਨਿਰਾ ਬੁਲਬੁਲਾ ਪਾਨੀ,
ਇਸ ਲਈ ਪੜ੍ਹ ਨਾਨਕ ਦੀ ਬਾਨੀ,
ਕਰ ਕਰਨੀ ਤੇ ਸ੍ਰੇਸ਼ਟ ਆਚਾਰ। ਜਗਤ ਜਲੰਦਾ......

ਸ਼ੁਭ ਮਾਰਗ ਰੱਬ ! ਤੂੰ ਹੀ ਪਾ,
ਸਾਡੇ ਸਾਰੇ ਬਖ਼ਸ਼ ਗੁਨਾਹ,
ਪੁਰਾਤਨਤਾ ਵਿੱਚ ਸਾਡੇ ਲਿਆ,
"ਕੋਮਲ" ਮੇਹਰ ਕਰ ਅਪਰ ਅਪਾਰ।
"ਜਗਤ ਜਲੰਦਾ ਰਖ ਲੈ ਆਪਣੀ ਕਿਰਪਾ ਧਾਰ।"

ਮਧੁਰ ਨਾਮ

ਮਧੁਰ ! ਮਧੁਰ ਦੀ ਮਧੁਰ ਧੁਨੀ ਮੈਂ,
ਜੀਵਨ ਭਰ ਲ਼ਗਾਂਦਾ ਰਹਿਸਾਂ।
ਸੁਰ-ਇੰਦਰ ਕਰਣਾ-ਕਰ ਨੂੰ ਮੈਂ,
ਮਧੁਰ ਜਾਣ ਨਿਤ ਧਿਆਂਦਾ ਰਹਿਸਾਂ।
ਜਾਗ੍ਰਤ ਸੁਪਨ ਲਗੇ ਕੰਮ ਧੰਦੀਂ,
ਅਨਾਮ ਮਧੁਰ ਘੁਟ ਘਟਿ 'ਚ ਰਖਸਾਂ।
ਅਧਾਮ ਮਧੁਰ ਖਿਚਿਆ ਘਟਿ ਆਸੀ,
ਸਚੀ ਖਿਚ ਜਾਂ ਪਾਂਦਾ ਰਹਿਸਾਂ। ੧।
ਭਾਵੇਂ ਨਾਂ ਵਿਗਾੜ ਲਿਆ ਮੈਂ,
ਲਗਦਾ ਮੈਨੂੰ ਇਹੋ ਪਿਆਰਾ।
ਕਰਮ ਨਾਮ ਪਰ ਬ੍ਰਹਮ ਦੇ ਸਾਰੇ,
ਜੋ ਜਿਸ ਪਿਆਰਾ ਇਹੋ ਸਹਾਰਾ।
ਸਭ ਵਸਤਾਂ ਤੋਂ ਮਿੱਠਾ ਮਧੁਰ ਜੋ,
ਸਿਧਿ ਦਾਤਾ ਭਗਤਾਂ ਦਾ ਪ੍ਰੇਮੀ।
ਪੋਖਣ - ਹਾਰਾ ਬਖ਼ਸ਼ਣ - ਹਾਰਾ,
ਮਧੁਰ ਪਿਆਰਾ ਇਹੋ ਨਿਆਰਾ। ੨।
ਸਾਰੇ ਸਾਕ ਸਵਾਰਥੀ ਡਿੱਠੇ,
ਦੇਵਣ ਕੂੜੇ ਲਾਰੇ ਸਾਰੇ।
ਖਾਣ ਪੀਣ ਤੇ ਗ਼ਰਜ਼ਾਂ ਕਾਰਨ,
ਮਿੱਠਾ ਬੋਲਣ ਸਾਰੇ ਖਾਰੇ।
ਗ਼ਰਜ਼ ਪੁਨੀ, ਹੋ ਸਕੀ ਨ ਪੂਰੀ,
ਉਡ ਗਈ ਮੱਖੀ, ਰਿਹਾ ਜਾਂ ਗੁੜ ਨ।
ਦੁਰਮਤਿ ਵੰਞੈ ਨਾਮ ਜਪਦਿਆਂ,
ਮਧੁਰ ਨਾਮ ਤੋਂ ਵਾਰੇ ਵਾਰੇ। ੩।

ਸਵਾਰਥ-ਕਰਤਵ

ਸਵਾਰਥ ਸਮੇਂ ਸਰੋਜ ਸਮ ਹੀ,
ਵਿਗਸੇ ਨੇ ਸੰਗ ਰਹਿੰਦੇ।

ਪ੍ਰੱਣ ਕਰਦੇ ਜਿੰਦ ਵਾਰੇ ਕਰਦੇ,
ਬੋਲ ਮਿਠੜੇ ਕਹਿੰਦੇ।

ਸਾਰੀ ਉਮਰ ਪ੍ਰੀਤ ਨਿਘ ਦੇ ਲੈ,
ਅਲ ਮੁਕਰੰਦ ਬਣ ਰਹਿਸਾਂ।

ਗਰਜ਼ ਪੁਨੀ "ਕਿਸਿ ਨਾਲ ਕੀ ਸਾਨੂੰ",
ਫੇਰ ਅੱਖਾਂ ਝਟ ਬਹਿੰਦੇ।

ਚਾਰ ਦਿਹਾੜੇ ਦਾ ਜਗ ਮੇਲਾ,
ਫ਼ਾਨੀ ਹੁਸਨ ਜਵਾਨੀ।

ਕਾਸ ਪਿਛੇ ਬੰਦਾ ਪ੍ਰੱਣ ਤੋੜੇ,
ਬਣ ਬੈਠੇ ਅਭਿਮਾਨੀ।

ਪਰ-ਉਪਕਾਰ ਭੁਲਾ ਕੇ ਬੰਦਾ,
ਬਣ ਅਕਿਰਤਘਣ ਜਾਂਦਾ।

ਭੁਲੇ ਨ ਨੇਕੀ ਪ੍ਰੀਤ ਪੁਰਾਣੀ,
ਇਹ ਕਰਤਵ ਇਨਸਾਨੀ।

ਲਲੇਸ਼ਵਰੀ ਵਾਕਯ

(ਪੁਰਾਤਨ ਕਸ਼ਮੀਰੀ ਦਾ ਪੰਜਾਬੀ ਅਨੁਵਾਦ)

ਮੂਰਤਿ ਵਟੇ ਦੀ ਮੰਦਿਰ ਵਟੇ ਦਾ,
ਉਪਰ ਹੇਠ ਵਟਾ ਜੁ ਵਟਾ ਹਰ ਦੇਸ।

ਐ ਪੰਡਿਤ! ਪੂਜਾ ਕਿਸ ਦੀ ਕਰਸੈਂ,
ਮਨ ਪ੍ਰਾਣ ਨੂੰ ਇਕ ਥਾਂ ਕਰ *ਆਦੇਸ।

ਸ਼ਿਲਾ ਉਹੋ ਵਿਚ ਸੜਕ ਅਤੇ ਪੌੜੀ,
ਉਹੋ ਸ਼ਿਲਾ ਵਿਚ ਹੈ ਉਤਮ ਅਸਥਾਨ।

ਫਿਰਦੀ ਜੰਦਰ ਵਿਚ ਸ਼ਿਲਾ ਉਹੋ ਹੀ,
ਕਠਿਨ ਜਾਣਨਾ ਸ਼ਿਵ ਨੂੰ, ਲੈ ਉਪਦੇਸ਼।

ਸਮਾਇ ਨ ਇਸ ਸਰ ਸਰ੍ਹੋਂ ਦਾ ਦਾਣਾ,
ਸ੍ਰਿਸ਼ਟੀ ਇਸ ਦਾ ਜਲ ਸਾਰੀ ਪੀਵੇ।

ਹਿਰਨ †ਸ਼ਿਰਗਾਲ ਗੈਂਡੇ ਜਲ ਹਸਤੀ,
ਜੰਮ ਮਰਦੇ ਧਰ ਮਝਾਰੀ ਹੀ ਵੇ।

ਜਿਸ ਬ੍ਰਹਮ ਅਸਥਾਨ ਪਹਿਚਾਨ ਲਿਆ,
ਪ੍ਰਾਣ ਅਨਹਤ ਰਵਿ ਪ੍ਰਵਾਹ ਨੂੰ ਜਾਨ।

ਮਿਟੀਆਂ ਕਲਪਨਾਂ ਮਨੋਂ ਜਿਸ ਦਿਓਂ,
ਖ਼ੁਦ ਦੇਵਤਾ, ਕਿਉਂ ਪੁਜਾਰੀ ਥੀਵੇ।

---

*ਪਦਮ ਪੁਰ ਦੇ ਇਕ ਬ੍ਰਾਹਮਣ ਸਿਧ ਸ੍ਰੀ ਕੰਠ ਨੂੰ ਲੱਲੀ ਦਾ ਉਪਦੇਸ਼।
†ਗਿੱਦੜ।

ਕੂਕੜ ਨਾਗ

ਹਰੇ - ਭਰੇ ਪਰਬਤ ਦੇ ਉਪਰ,
ਹੈ ਕੁਦਰਤ ਬਾਗ ਲਗਾਇਆ।
ਕੇਲੋਂ ਦੇਵਦਾਰ ਕਈ ਰੰਗੇ,
ਬ੍ਰਿਛ ਬੂਟਿਆਂ ਰੰਗ ਜਮਾਇਆ।
ਭਾਂਤ ਕਈ ਦੀਆਂ ਝਾੜੀਆਂ,
ਪੁਸ਼ਪਾਂ ਸੰਗ ਮਹਿਕ ਖਿਲਾਰਨ;
ਰੰਗ ਬਰੰਗੇ ਜਾਨਵਰਾਂ ਨੇ,
ਮਨ-ਕੋਹਣਾ ਰਾਗ ਅਲਾਇਆ।

ਇਸ ਮਨ-ਮੋਹਣੇ ਪ੍ਰਬਤ ਹੇਠੋਂ,
ਜਲ ਫੁਟ ਫੁਟ ਬਾਹਰਿ ਆਂਦਾ ਹੈ।
ਟਿਕਦਾ ਨਾ ਅਟਕਾਏ ਨ ਅਟਕੇ,
ਵਿਚ ਲਗਨ ਕਿਸੀ ਜਲ ਧਾਂਦਾ ਹੈ।
ਰੁੜਦਾ ਜਾਏ ਨਾਗ ਬਲ ਖਾਏ,
ਸਭ ਟਪਦਾ ਜਾਂਦਾ ਹਦ ਬੰਨੇ;
ਇਉਂ ਦੌੜੇ ਸਾਹ ਚੜ੍ਹਿਆ ਜਾਪੇ,
ਗੀਤ ਬਿਰਹਾ ਗਾਂਦਾ ਜਾਂਦਾ ਹੈ।

ਪ੍ਰਸ਼ਨ : ਦਸ ਭਈ ਕਿਸ ਦੀ ਵਿਚ ਜੁਦਾਈ,
ਖਾ ਖਿਚ ਤੂੰ ਦੌੜੀ ਜਾਵੇਂ ਜੀ?
ਕਿਉਂ ਨਾ ਇਕ ਥਾਂ ਟਿਕ ਬਹੇਂ ਤੂੰ,
ਭਜ ਦੌੜ ਕੇ ਦੁਖ ਉਠਾਵੇਂ ਜੀ?
ਸੁਭਰ ਤਾਲ ਬਣਾ ਕੇ ਇਕ ਥਾਂ,
ਸਦ ਕੰਵਲਾਂ ਸੰਗ ਰਹੇਂ ਭਰਿਆ;
ਭੌਰੇ ਗੂੰਜਣ ਕੰਵਲ ਫੁੱਲਾਂ ਤੇ,
ਵਧ ਖ਼ਲਕਤ ਨੂੰ ਤ੍ਰਿਪਤਾਵੇਂ ਜੀ।

ਉਤਰ : ਸੂਰਜ ਕਸ ਕਸ ਤੀਰ ਅਗਨਿ ਦੇ,
ਸਾਗਰੋਂ ਚੁਕ ਲਿਆਇਆ ਮੈਨੂੰ।
ਵਿਚ ਅਕਾਸ਼ ਭੰਵਾ ਕੇ ਫਿਰ ਸੰਗ,
ਪਰਬਤਾਂ ਟਕਰਾਇਆ ਮੈਨੂੰ।
ਸਿਮ ਵਿਚ ਜੰਗਲਾਂ ਮਿਟਿਆ ਸਾਂ,
ਸ਼ੁਕਰ, ਹਾਂ ਵਿਚ ਹਸਤੀ ਆਯਾ ਮੈਂ;
ਹਸਤੀ ਸਫਲ ਜੋ ਮੂਲ ਪਛਾਣੇ,
ਭੇਤ ਨੇ ਇਸ ਸਤਾਇਆ ਮੈਨੂੰ।

ਪਹੁੰਚਾ ਪਾਸ ਸਜਣ ਦੇ ਝਟ ਹੀ,
ਹੁਣ ਸਹਿ ਨਾ ਸਕਾਂ ਸ਼ਹੁ ਦੀ ਜੁਦਾਈ।
ਬਿਨ ਸਜਣ ਕੁਝ ਭਾਇ ਨਾ ਸੁਖਾਏ,
ਕਰਾਂ ਅੱਲ-ਕੰਵਲਾ ਕੀ ਭਾਈ!
ਬਣ ਬੈਠਾਂ ਜੇ ਤਾਲ ਸੁਹਾਣਾ,
ਕੁਦਰਤਿ ਮਿਟਸੀ ਖਿਚ ਨਾ ਰਹਿਸੀ;
ਇਸ ਲਈ ਦੌੜਾਂ ਜਾਨ ਦੁਖਾਵਾਂ,
"ਕੋਮਲ" ਮਨਿ ਖਿੱਚ ਸ਼ਹੁ ਜੋ ਪਾਈ।

ਗੁਰਦੁਆਰਾ ਮਟਨ ਸਾਹਿਬ

ਉਤਰਾ ਖੰਡ ਨੂੰ ਸੋਧਣ ਖ਼ਾਤਰ,
ਹਿੰਦ ਜਗਾਵਣ - ਹਾਰੇ।
ਚਰਨ ਪਾ ਧਰਿ ਮੋਈ ਜ਼ਿੰਦਾ ਕਰ,
ਨਾਗ ਮਟਨ ਉਜਿਆਰੇ।
ਬੇ-ਕਰਾਰ ਕਰ ਬਿਰਹੀ ਤਾਰ ਸੰਗ,
ਗਾ ਬਾਣੀ ਮਾਰਗ ਪਾ;
'ਕਮਾਲ' ਹੁਰਾਂ ਦੇ ਭਰਮ ਮਿਟਾ ਕੇ,
'ਬ੍ਰਹਮ ਦਾਸ' ਨਿਸਤਾਰੇ।

ਵੀਰ ਬਣਾਏ ਹਿੰਦੂ ਮੁਸਲਿਮ,
ਜੜ੍ਹ ਸਿੱਖੀ ਦੀ ਲਾਈ।
ਚਸ਼ਮੇ ਮਟਨ ਸਾਹਿਬ ਦੇ ਉਤੇ,
ਧਰਮਸਾਲ ਬਣਵਾਈ।
'ਬ੍ਰਹਮ ਦਾਸ' 'ਕਮਾਲ' ਦੇ ਤਾਈਂ,
ਥਾਪ ਸਿੱਖੀ ਪ੍ਰਚਾਰਕ;
ਜੀਵਨ ਬਖ਼ਸ਼ ਧਰਿ ਸੁਰਗੀ ਨੂੰ ਭੀ,
ਕਰੀ ਸੁਮੇਰ ਚੜ੍ਹਾਈ।

---

*ਭਾਵ ਚਸ਼ਮਾ ਮਟਨ, ਗੁਰਦੇਵ ਦੇ ਚਰਨ ਕੰਵਲਾਂ ਸੰਗ ਪ੍ਰਕਾਸ਼ਮਾਨ ਅਥਵਾ ਉਜਾਗਰ ਹੋਇਆ ਤੇ ਮਟਨ ਤੋਂ ਮਟਨ ਸਾਹਿਬ ਅਖਵਾਇਆ।

ਅਫ਼ਗਾਨਾਂ ਦੇ ਸਮੇਂ ਸਿੱਖਾਂ ਜਦ,
ਮਾਣ ਮਰਤਬਾ ਪਾਇਆ।
ਗੁਰ ਨਾਨਕ ਦੇ ਥਾਨ ਸੁਹਾਵੇ,
ਨੂੰ ਬਾ-ਸ਼ਾਨ ਸਜਾਇਆ।
ਸ਼ੇਰਿ ਪੰਜਾਬ ਸੁਰਗੀ ਵਾਦੀ ਤੇ,
ਝੁਲਾਇਆ ਸਿੱਖੀ ਝੰਡਾ;
ਹਰੀ ਸਿੰਘ ਨਲੂਏ ਸੂਰੇ ਤਦ,
ਮਟਨ ਸਾਹਿਬ ਚਮਕਾਯਾ।

ਤਿੰਨਾਂ ਪਾਸਿਆਂ ਦੁਹਾਂ ਚਸ਼ਮਿਆਂ,
ਬਣੀਆਂ ਖ਼ੂਬ ਸਜਾ ਕੇ।
ਸਤ ਧਰਮਸਾਲਾਂ ਬਾਰ੍ਹਾਂ - ਦਰੀਆਂ,
ਚਮਕੀਆਂ ਧਨ ਲਗਾ ਕੇ।
ਕੀਤਾ ਬੜ੍ਹਾ ਤਿਆਰ ਵਿਚਾਲੇ,
ਬਹਿ ਸੰਦੇਸ ਸੁਣਾਯਾ:
ਸੀ ਗੁਰ ਨਾਨਕ ਸਭ ਦੇ ਸਾਂਝੇ,
ਸਭ ਨੂੰ ਪਾਸ ਬਿਠਾ ਕੇ।

ਡੋਗਰੇ ਮਹਾਰਾਜੇ ਕਰ ਸਾਜ਼ਿਸ਼,
ਧਰਮਸਾਲਾਂ* ਸਭ ਢਾ ਕੇ।
ਨੀਤੀ ਹੀਣ ਦੁਬੇਲ ਸਿਖਾਂ ਨੂੰ,
ਦਿੱਤੀ ਮੂੜ ਇਕ ਬਣਾ ਕੇ।

*ਸੰਨ ੧੯੦੫ ਤੋਂ ੧੯੦੯ ਈਸਵੀ ਦੇ ਸਮੇਂ ਵਿਚ ਇਹ ਸਤ ਗੁਰਦੁਵਾਰੇ ਢਾਹੇ ਗਏ।

ਰਾਹੀਂ ਧਰਮਾਰਥ ਕਰ ਕਬਜ਼ਾ,
ਬਣਾਈ ਬਿਪਰ ਜਗੀਰ;
ਵਾਂਗ ਖਾਰ ਖਟਕੇ ਇਕ ਭੀ ਇਹੋ,
ਹਿੰਦੂ ਤੀਰਥ ਜਣਾ ਕੇ।

ਸਦ ਅਫ਼ਸੋਸ! ਅਕਿਰਤ - ਘਣਾਂ ਤੇ,
ਜਿਨ ਉਪਕਾਰ ਭੁਲਾਇਆ।
ਭਾਈ ਸਾਹਿਬ ਵੀਰ ਸਿੰਘ ਨੇ,
ਦੋ-ਅਥਰੂ ਕੇਰ ਅਲਾਇਆ:-
"'ਨਾਨਕ-ਛੁਹ' ਦਾ †ਸੰਗ ਅਜੇ ਤਕ,
ਬਗ਼ਦਾਦ ਸਾਂਭ ਕੇ ਰੱਖਿਆ;
'ਨਾਨਕ-ਛੁਹ' ਦਾ ਬੜਾ ਬੰਗਲਾ,
ਕਸ਼ਮੀਰ ਨੇ ਭੰਨ ਗੁਵਾਇਆ।"

†"ਬਹਿਲੋਲ, ਬਗ਼ਦਾਦ ਦੇ ਪੀਰ ਨੂੰ ਗੁਰੂ ਨਾਨਕ ਜੀ ਨੇ ਅੰ-ਮ੍ਰਿਤ-ਵਾਕ ਕਹੇ ਸੇ, ਹੁਣ ਤਕ ਓਥੇ ਯਾਦਗਾਰੀ ਸੰਗ ਲਗਾ ਹੋਇਆ ਦਸੀਦਾ ਹੈ।" (ਮਟਕ ਹੁਲਾਰੇ)

ਉਦਾਰਤਾ-ਨਿਰਮਾਣਤਾ

ਜੋ ਵਿਚ ਉਦਾਰਤਾ ਹੈ ਜੀ ਵੱਡਾ,
ਮਨ ਇਕਸੁ ਨਾਲ ਲਗਾਂਦਾ।
ਆਪਣੇ ਆਪ ਨੂੰ ਤੁਛ ਸਮਝ ਕੇ,
ਪ੍ਰਤਿਸ਼ਟਾ ਤੋਂ ਦੂਰ ਰਹਾਂਦਾ।
ਉਹ ਹੀ ਵੱਡਾ ਹੈ ਸਭ ਤੋਂ ਉੱਚਾ,
ਬਣ ਨੀਵਾਂ ਝਟ ਲੰਘਾਏ;
ਜੋ ਹੋਇ ਵੱਡਾ ਨਾ ਆਪ ਗਣਾਇ,
ਵਿਕਾਰਾਂ ਤੇ ਕਾਬੂ ਪਾਂਦਾ।

ਨਾ ਆਪਣੇ ਆਪ ਨੂੰ ਸਮਝ ਵੱਡਾ,
ਰੱਖੀਂ ਰੱਬ ਦੀ ਮਨਿ ਆਸ।
ਨਿਜ-ਸ਼ਕਤੀ ਸੰਗ ਸ਼ੁਭ ਜਤਨ ਕਰੀਂ,
ਨਾ ਹੋਵੀਂ ਕਦੀ ਨਿਰਾਸ।
ਸਤਯ ਕੰਮਾਂ ਵਿਚ ਰੱਬ ਬੰਦੇ ਦੀ,
ਸਦਾ ਸਹਾਇਤਾ ਕਰਦਾ;
ਭੀੜ ਟਲੇ ਕਾਰਜ ਸਭ ਹੋਵਣ,
ਕਰ ਜਨ ਬਣ ਕੇ ਅਰਦਾਸ।

ਧਨ ਬਲ ਚਾਰ ਬਾਹਾਂ ਤੇ ਭੁਲ ਕੇ,
ਮਾਣ ਨਾ ਕਰ ਇਨਸਾਨ।
ਮਾਣ ਕਰੀਂ ਉਸ ਤੇ ਜੋ ਦੇਵੇ,
ਇਹ ਸਭ ਕੁਝ, ਜਨਮ ਮਹਾਨ।
ਤਨ ਦੇ ਆਕਾਰ ਰੂਪ ਸੁਹਣੇ ਦਾ,
ਕਰਨਾ ਮਾਣ ਨਾ ਚੰਗਾ;
ਰੋਗ ਮਾਮੂਲੀ ਸੰਗ ਦੇਵੇਂ ਝੱਟ,
ਨਸ਼ਟ ਹੋ ਐਵੇਂ ਜਾਨ।

ਅਭਿਮਾਨੀ ਲੋਭੀ ਨੂੰ ਜੱਗ ਵਿਚ,
ਮਿਲੇ ਨ ਸ਼ਾਂਤੀ ਦਿਲ ਦੀ।
ਲੋਭ ਲਹਿਰ ਹਲਕਾਇ ਸਵਾਨ ਨੂੰ,
ਇੱਜ਼ਤ ਢੋਈ ਨ ਮਿਲਦੀ।
ਦੀਨ ਨਿੰਮ੍ਰਤਾ ਭਰੇ ਦਿਲ ਹੀ ਨੇ,
ਸਦਾ ਸ਼ਾਂਤੀ 'ਚ ਰਹਿੰਦੇ;
ਸਿੰਬਲ ਆਕੜਿਆ ਪਿਆ ਡੋਲੇ,
ਫਲੀਂ ਲੱਦੀ ਸ਼ਾਖ਼ ਨ ਹਿਲਦੀ।

ਭਾਈ ਕਟੂ ਸ਼ਾਹ

ਨੇੜੇ ਸ਼ਾਹ ਜੀ *ਮਰਗ ਇਕਾਂਤ ਰਮਣੀਕ ਥਾਂ,
ਕੇਲੋਂ ਬਾਗ ਵਿਚਾਲੇ ਕਿ ਫੁਲ ਹਨ ਖਿੜ ਰਹੇ,
ਖ਼ੁਦ ਰੋ ਵੰਨ ਸੁਵੰਨੇ ਕਿ ਲਪਟਾਂ ਛਡਦੇ,
ਭੌਰੇ ਕਾਲੇ ਗੂੰਜਣ ਕਿ ਭਿਣ ਭਿਣ ਕਰ ਰਹੇ।
ਬਰਫ਼ਾਂ ਢਲ ਢਲ ਪਾਣੀ ਵਗਦਾ ਆ ਰਿਹਾ,
ਮਾਨੋ ਖਾਣ ਬਿਲੌਰ ਹੈ ਪਿਘਲੀ ਆਂਵਦੀ,
ਪਥਰਾਂ ਨਾਲ ਟਕਰਾਇ ਆਏ ਜਲ ਜੋਸ਼ 'ਚ,
ਕਈ ਭਾਂਤ ਦੇ ਰਾਗ ਅਲਾਪੇ ਜਾ ਰਹੇ।
ਛੁਹਾ ਬਰਫ਼ੇ ਸੰਗ ਅੰਗ ਪੌਣ ਪਈ ਵਗਦੀ,
ਪਾਣੀ ਨਾਲੇ ਸੰਗ ਕਿ ਮਿਲ ਗਲ ਝੂੰਮਦੀ।
ਰੁਮਕੇ ਪਵਣ ਤੇ ਸੰਗ ਖਹਿਬੜੇ ਬੂਟਿਆਂ,
ਅਵਾਜ਼ ਸੁਣੀਵੇ ਮੂਹਣੀ ਸੰਗੀਤਕ ਧੁਨਾਂ ਦੀ,
ਘਾਹ ਦੀ ਸੇਜ ਵਿਛਾ ਹੇਠਾਂ ਇਕ ਤੁੰਗ ਦੇ,
ਇਕ ਭੋਲਾ ਭਾਲਾ ਸਿੱਖ ਕਿ ਬੈਠਾ ਧਿਆਨ ਵਿਚ।
ਉਹ ਤਨ ਮਨ ਭੇਟ ਚੜ੍ਹਾ ਮੁਖ ਊਜਲ ਕਰ ਚੁਕਾ,
ਸਗਲੀ ਮੈਲ ਉਤਾਰ ਮਾਲਕ ਸੁ ਗਿਆਨ ਦਾ।
ਖੋਲ੍ਹ ਅੱਖਾਂ ਚਾਣ - ਚੱਕ ਹਰ ਪਾਸੇ ਦੇਖਦਾ,
ਵਿਚ ਸੁਆਗਤ ਕੁਦਰਤ ਖਿੜੀ ਤਕ ਆਖਦਾ :
"ਮੀਰੀ ਪੀਰੀ ਵਾਲੇ! ਕਿਰਪਾ ਕੀਤੀ ਊ,
"ਤੁਰ ਬਿਖੜੇ ਪੈਂਡੇ ਤੂੰ ਕੀਤੀ ਧਰ ਪਾਕ ਇਹ।

*ਪ੍ਰਸਿਧ ਸ਼ਾਦੀ ਮਰਗ, ਸ਼ੁਪਈਆਂ ਕਸ਼ਮੀਰ ਲਾਗੇ ਸ੍ਰੀ ਛੇਵੀਂ ਪਾਤਸ਼ਾਹੀ ਦਾ ਗੁਰਦੁਆਰਾ।

"ਮੈਂ ਸਦਕੇ ਤੇਰੇ ਜਾਂ ਓ ਕਲਗੀ ਵਾਲੜੇ !
"ਜਲ ਸਿੱਖੀ ਬੂਟੇ ਨੂੰ ਦਿੱਤਾ ਦੀਦਾਰ ਦਾ।
"ਪ੍ਰਿਥਮ ਪ੍ਰਿਅ ਗੁਰਦੇਵ ਲਗਾਇਆ ਬ੍ਰਿਛ ਜੋ,
"ਪੰਜਵੇਂ ਗੁਰ - ਦੇਵ ਜਿਹਦੀ ਸੰਭਾਲ ਲਈ,
"ਭਾਈ ਮਾਧੋ ਸੋਢੀ ਕਿ ਇਥੇ ਘਲਿਆ।
"ਹੋਇ ਕੇ ਕਿਰਪਾਲ ਤੁਸੀਂ ਇਸ ਧਰਤਿ ਤੇ,
"ਰਾਮ - ਗੜ੍ਹੀਆ ਭਾਈ ਕਿ ਘਲ ਪਰਚਾਇਆ,
"ਧੁਰੋਂ ਬਖ਼ਸ਼ਿਆ ਨਾਮ ਗੁਰਮਤ ਸੰਦੇਸੜਾ।
"ਤਰੁਠ ਕੇ ਹੁਣ ਆਪ ਕਿਣਕੇ ਦੇ ਖਿਵੇ,
"ਮੀਂਹ ਰਹਿਮਤ ਬਣ ਹੋ ਵਰਸਣ ਆ ਗਏ।"

ਇਸ ਹੀ ਸਮੇਂ ਕੁਝ ਸਿਖ ਕਿ ਤੁਰਦੇ ਆ ਪੁਜੇ,
ਪਿੱਠੂ ਫਲਾਂ ਦੇ ਚੁਕੇ ਕਿ ਸੰਗ ਮਾਖਿਓਂ ਕੁਜੇ।
ਤਕ ਬੈਠੇ ਸਿਖ ਕਿਹਾ: "ਜੀ ਐ ਗੁਰਸਿਖੋ !
"ਸ਼ਹਿਤ ਥੋੜ੍ਹਾ ਜਿਹਾ ਮੈਨੂੰ ਭੀ ਦੇ ਦੇਵੋ।
'ਕਿਉਂ ਜੋ ਮੇਰਾ ਦਿਲ ਇਹ ਖਾਣਾ ਲੋਚਦਾ,
"ਗਏ ਮਹੀਨੇ ਬੀਤ ਖਾਧੇ ਸ਼ਹਿਤ ਨੂੰ।"

"ਗੁਰ ਛੇਵੇਂ ਦਾਤਾਰ ਜਿੜ੍ਹੇ ਸ਼ਾਹ ਜੀ ਮ੍ਰਿਗ,
"ਹਨ ਬਿਰਾਜੇ ਆਣ ਜਗਤ ਨਿਸਤਾਰਨੇ।
"ਉਨ੍ਹਾਂ ਦਾ ਧਰ ਧਿਆਨ ਉਨ੍ਹਾਂ ਹੀ ਵਾਸਤੇ,
ਰੱਖਿਆ ਹੈ ਸਾਂਭ ਮਾਖਿਉਂ ਤਾਜ਼ੜਾ।
"ਭੋਗ ਲਵਾਇ ਬਿਨਾ ਕਿ ਸਤਿਗੁਰ ਪਿਆਰੜੇ,
"ਦੇ ਅਸੀਂ ਦੇਈਏ ਇਹ ਸਕਦਾ ਹੋ ਨਹੀਂ।"

"ਚੰਗਾ ਨਾ ਦੇਵਹੁ ਜਾਵੋ ਵਸੋ ਰਸੋ,
"ਸੇਵੋ ਜਾ ਸਤਿਗੁਰ ਭਰੋ ਜਾ ਝੋਲੀਆਂ,

"ਨੀਯਤ ਰਾਸ ਕਰਾਇ ਮੁੜੋ ਫਿਰ ਘਰਾਂ ਨੂੰ,
"ਮੇਰੀ ਭੀ ਪ੍ਰਣਾਮ ਜਾ ਕਰਨੀ ਗੁਰਾਂ ਨੂੰ।"

ਪੁਜ ਸੁਹਣੇ ਦਰਬਾਰ ਸਿਖਾਂ ਜਾ ਰਖਿਆ,
ਪਿਠੂ ਫਲਾਂ ਸੰਦੇ ਮਾਖਿਓਂ ਮਿੱਠੜਾ।
ਜਾਣੀ ਜਾਣ ਗੁਰਦੇਵ ਸੈਨਤ ਨਾਲ ਝਟ,
ਮਾਖਿਓਂ ਫਲ ਮੰਗਾਏ ਆਪਣੇ ਸਾਮ੍ਹਣੇ।
ਢਕਣ ਚੁਕ ਜਾਂ ਡਿੱਠਾ ਸ਼ਹਿਤ ਧਿਆਨ ਸੰਗ,
ਕੀੜੇ ਕੁਰਬਲ ਕਰਦੇ ਤਕ ਹਰਿਆਨ ਹੋਇ,
ਲਿਆਉਣ ਵਾਲੇ ਸਿਖ ਨਾਲੇ ਸਭ ਸੰਗਤਾਂ।
ਮਿੱਠੇ ਬੋਲ ਉਚਾਰ ਮਿਠ-ਬੋਲੇ ਸਤਿਗੁਰੂ,
ਪੁਛਿਆ ਨਾਲ ਪਿਆਰ: "ਦਸੋ ਭਾਈ ਸਜਣੋ।
"ਕਿਹੜੇ ਸਾਲ ਸੰਭਾਲ ਸੀ ਰਖਿਆ ਮੁਝ ਲਈ,
"ਪਿਆ ਪਿਆ ਗਿਆ ਵਿਗੜ ਇਹ ਸ਼ਹਿਤ ਤੁਸਾਡੜਾ।"

"ਜੀ ਸ਼ਾਹਾਂ ਦੇ ਸ਼ਾਹ! ਹੈ ਤਾਜ਼ੀ ਫ਼ਸਲ ਦਾ,
"ਬਨ ਪੁਹਪਾਂ ਦੀ ਉਪਜ ਕਿ ਲਭ ਲਭ ਬਨਾਂ ਚੋਂ,
"ਕੋਰੇ ਕੁਜੇ ਪਾਇਆ ਨਾਲ ਧਿਆਨ ਦੇ,
"ਜੀ! ਸ਼ੁਧ ਹੱਥਾਂ ਸੰਗ ਪਾ ਦੇ ਰਖਿਆ ਧੂਪ ਸੀ।
"ਤੁਰਨ ਲਗਿਆਂ ਡਿੱਠਾ ਕਿ ਮਹਿਕਾਂ ਛਡਦਾ,
"ਪਤੀਆਂ ਨਰਗਸ ਜਿਉਂ ਚਿੱਟਾ ਸ਼ੁਧ ਮੱਖਣ ਸਮ।"

"ਕੀ ਮੰਗਿਆ ਤਾਂ ਨਹੀਂ ਕਿਸੇ ਲੋੜਵੰਦ ਨੇ,
"ਕਿਸੇ ਗ਼ਰੀਬ ਦੇ ਮੂੰਹ ਨਹੀਂ ਆਯਾ ਤਕ ਜਲ?
"ਪੂਰਨ ਕਿਸੇ ਮਨੁੱਖ ਦਿਤੀ ਕੁ-ਅਸੀਸ ਨਹੀਂ?
"ਰੱਬ ਨੂੰ ਭਗਤ ਪਿਆਰੇ ਭਗਤਾਂ ਰੱਬ ਜੋ ਹੈ।"

"ਅੰਤਰ - ਜਾਮੀ ਜੀ! ਮਾਲਕ ਹਰ ਘਟ ਦੇ ਹੋ,

"ਬੇਸ਼ਕ ਇਕ ਗਰੀਬ ਪਰ ਜੀਵਨ ਵਾਲੜੇ,
"ਸਿਖ ਨੇ .ਮੰਗਿਆ ਸੀ ਸ਼ਹਿਤ ਕੁਝ ਖਾਣ ਲਈ,
"ਲਵਾਇ ਬਿਨਾਂ ਪਰ ਭੋਗ ਨਾ ਦਿਤਾ ਅਸਾਂ ਸੀ।"

"ਜਾਵੋ ਝਬਦੇ ਜਾ ਕੇ ਲਭੋ ਉਸ ਸਿਖ ਨੂੰ,
"ਨਾਲ ਪਿਆਰ ਸਤਿਕਾਰ ਉਹਨੂੰ ਕਰ ਲੋੜਵੀ,
"ਭੇਟ ਚੜ੍ਹਾ ਇਹ ਸ਼ਹਿਤ ਖਵਾ ਫਿਰ ਵੇਖ ਲੋ।"

ਹੁਕਮ ਗੁਰਾਂ ਦਾ ਮੰਨ ਉਹ ਸਿਖ ਪਿਆਰੜੇ,
ਝਟ ਚੁਕ ਸ਼ਹਿਤ ਉਹ ਆਇ ਨਾਲੇ ਦੇ ਕੰਢੇ।
ਜਿਥੇ ਅਪਣੇ ਧਿਆਨ ਵਿਚ ਉਹ ਮਸਤ ਸੀ,
ਮੰਗਿਆ ਸੀ ਜਿਸ ਸ਼ਹਿਤ ਕੁਝ ਕੁ ਖਾਣ ਲਈ।
ਢਕਣ ਚੁਕਣ ਸਾਰ ਹੀ ਮਹਿਕ ਅਪਾਰ ਤਕ,
ਹੋਇ ਸਿਖ ਹਰਿਆਨ ਕਿ ਅਰਜ਼ ਗੁਜ਼ਾਰਦੇ :
"ਛਕੋ ਜੀ ਭਾਈ ਕਟੂ ਰਜ ਕੇ ਸ਼ਹਿਤ ਇਹ,
"ਗੁਰ ਸਿਖ ਪ੍ਰੀਤ ਦੀ ਰੀਤ ਨਾ ਜਾਣੀ ਅਸਾਂ ਸੀ।"

ਭਾਈ ਕਟੂ ਸ਼ਾਹ ਜੀ ਛਕਿਆ ਰਜ ਸ਼ਹਿਤ,
ਹੰਝੂ ਕੇਰ ਧੰਨਵਾਦ ਕਰਦਾ ਗੁਰਾਂ ਦਾ,
"ਬਹੁ ਪਰਉਪਕਾਰੀ ਜੀ! ਕਰੀ ਤ੍ਰੁੱਠ ਮੇਹਰ ਉ,
"ਗ੍ਰੀਬ ਨਚੀਜ਼ੇ ਤਾਈਂ ਕਿ ਬਖ਼ਸ਼ਿਆ ਮਾਣ ਈ।"

ਭਾਈ ਕੰਟੇ ਤਾਈਂ ਪ੍ਰਸੰਨ ਕਰ ਕੇ ਉਹ,
ਬਾਕੀ ਸ਼ਹਿਤ ਸੰਭਾਲ ਪੁਜੇ ਗੁਰਦੇਵ ਢਿਗ,
ਦਲ - ਭੰਜਨ ਗੁਰਦੇਵ ਛਕਿਆ ਸ਼ਹਿਤ ਭਿ,
ਨਾਲ ਪਿਆਰ ਉਚਾਰ ਸੁਣਾਯਾ ਸਭਸ ਨੂੰ :
"ਦਸ ਨਖਾਂ ਸੰਗ ਸ਼ੁਭ ਕਿਰਤ ਜੋ ਸਿਖ ਕਰੇ,
"ਆਪ ਤੋਂ ਧਨ-ਹੀਨ ਸਿਖ ਦੇ ਆਇ ਕੰਮ।

"ਚੰਗਾ ਚੋਖਾ ਭੁਲ ਉਹ ਇਕੱਲਾ ਖਾਇ ਨਾ,
"ਭਾਲ ਸਿਖ ਧਨ ਹੀਨ ਮਨ ਉਸ ਦਾ ਖ਼ੁਸ਼ ਕਰੇ ।
"ਲੋੜਵੰਦ ਪਰ ਭੁਲ ਨਾ ਕਰਾਂ ਤਾਈਂ ਅੜੇ,
"ਪੈਂਦਾ ਉਸ ਦੇ ਮੂੰਹ ਹੋਇ ਖ਼ੁਸ਼ ਸਤਿਗੁਰੂ ।
"ਸ੍ਰੀ ਗੁਰੂ ਰਾਮਦਾਸ ਕਿ ਗਉੜੀ ਰਾਗ ਵਿਚ,
" 'ਸਤਿਗੁਰ ਪ੍ਰੀਤ ਗੁਰਸਿਖ ਮੁਖ ਪਾਇ' ਅਲਾਇਆ,
"ਸਿਖ ਤ੍ਰਿਪਤੇ ਤੇ ਮੈਂ ਕਿ ਸਮਝੇ ਤ੍ਰਿਪਤਿਆ,
"ਮੇਰਾ ਰੂਪ ਸਿਖ ਮਾਂਹਿ ਕਿ ਹੈ ਸਮਾ ਰਹਿਆ ।"

ਵਾਕ ਅੰਤਮ ਕਹਿ ਹਟੇ ਗੁਰਦੇਵ ਹੀ ਸਨ,
ਡਿਗਾ ਚਰਨਾਂ ਤੇ ਆ ਸਿਖ ਇਕ ਸਾਧੜਾ ।
ਕੇਰ ਅੱਥਰੂ ਧੋ ਕੇ ਚਰਨਾਂ ਪਿਆਰਿਆਂ,
ਹੋਰ ਕਰ ਮਨ ਸ਼ੁਧ ਨੂੰ ਉ ਸ਼ੁਧ ਖਿੜ ਪਇਆ ।
ਛਟਮ ਪੀਰ ਦੇ ਧੀਰ ਲਾਇਆ ਚੁਕ ਗਲ,
"ਨਿਹਾਲ ਸਫਲ ਸਭ ਘਾਲ" ਮੁਖੋਂ ਫ਼ੁਰਮਾਇਆ :—
"ਕਟੂ ਸ਼ਾਹ ਪ੍ਰਸੰਨ ਹਾਂ ਤੇਰੀ ਘਾਲਿ ਤੇ,
"ਜਪਹੁ ਆਪਿ ਅਵਰਹੁ ਜਪਾਵਹੁ ਨਾਮ ਜਾ ।
"ਤੇਰੀ ਕਰਣੀ ਨਾਲ ਚਮਕੇਗੀ ਸਿਖੀ,
"ਕਸ਼ਮੀਰ ਧਰਤੀ ਵਿਚ ਸੁਹਾਵੇ ਪ੍ਰਬਤਾਂ" ।

ਰਾਂਝੇ ਦੀ ਚਿੱਠੀ

ਜਾਨੀ ! ਕਾਨੀ ਲਾ ਬਿਰਹਾ ਦੀ ਤੇਜ਼ ਤਿਖੀ,
ਹੀਆ ਚੀਰ ਅਧੀਰ ਕਰ ਵਾਰ ਦਿੱਤਾ।
ਸਾਣੀਂ ਚੜ੍ਹੀ ਕਾਨੀ ਪਾਣੀ ਹੀਣ ਪਿਆਸੀ,
ਦਿਲੋਂ ਲਹੂ ਪੀ ਕਰ ਬੀਮਾਰ ਦਿੱਤਾ।
ਬੀਮਾਰ ਹੀ ਨਹੀਂ ਲਾਚਾਰ ਹੋਇਆ,
ਕੋਹਿਆ ਯਾਦ ਤੇਰੀ ਜ਼ਿੰਦਾ ਜਾਰ ਦਿੱਤਾ।
ਅੱਗ ਤੇਜ਼ ਭੜਕੇ ਜਦੋਂ ਯਾਦ ਰੜਕੇ,
ਭੁਜ ਭੁਜ ਅੰਗ ਸੜਦੇ ਕਰ ਅੰਗਿਆਰ ਦਿੱਤਾ।
ਏਸ ਅੱਗ ਨਿਰਾਲੀ ਵਿਚ ਪਿਆ ਹਰ ਦਮ,
ਤਨ ਮਨ ਝੁਲਸਦਾ ਮੈਂ ਕੁਰਲਾ ਰਿਹਾ ਹਾਂ।
ਪਾਣੀ ਮੇਲ ਮਿਲੇ ਬਲਦੀ ਅੱਗ ਬੁਝੇ,
'ਕੋਮਲ' ਤਰਸ ਕਰ ਤੈਨੂੰ ਧਿਆ ਰਿਹਾ ਹਾਂ।੧।
ਕੀ ਮੈਂ ਸਮਝਾਂ ਜਾਨੀ ! ਲਾ ਕੇ ਬਿਰਹੋਂ-ਕਾਨੀ,
ਦਿਲੋਂ ਕੱਢ ਦਿਲ, ਦਿੱਤਾ ਵਿਸਾਰ ਮੈਨੂੰ।
ਢਾਲੀ ਪ੍ਰੇਮ ਕੁਠਾਲੀ ਵਿਚ ਜ਼ਿੰਦੜੀ ਮੈਂ,
ਬਾਰਾ ਬਿਰਹਾ ਕਰਦਾ ਤਾਰ ਤਾਰ ਮੈਨੂੰ।
ਸੀਨੇ ਅੱਗ ਭਖੇ ਮਾਨੋ ਹਾੜ ਤਪੇ,
ਜਲਦਾ ਨਜ਼ਰ ਆਵੇ ਹੱਭ ਸੰਸਾਰ ਮੈਨੂੰ।
ਸ਼ੁਭ ਨਾਮ ਤੇਰਾ ਨਿਸ ਦਿਨ ਭੁਲਦਾ ਨਹੀਂ,
ਆਵੇ ਯਾਦ ਨਿਤ ਪ੍ਰੇਮ - ਇਕਰਾਰ ਮੈਨੂੰ।
ਜੀਂਦੇ ਜੀਅ 'ਕੋਮਲ' ਤੈਨੂੰ ਭੁਲਣਾ ਨਹੀਂ,
ਦਿਲ ਦੀਆਂ ਵਿਚ ਡੂੰਘਾਣਾ ਹੈ ਵਾਸ ਤੇਰਾ।
ਤੂੰ ਹੀ ਜਾਨ ਪ੍ਰਾਨ ਈਮਾਨ ਸਭ ਕੁਝ,
ਤੋੜਾਂ ਕੌਲ ਕੀੜੇ ਖਾਣ ਮਾਸ ਮੇਰਾ।੨।

ਯਾਦ ਕਰ ਵੇਲਾ ਜਦੋਂ ਬਿਨਾਂ ਮੇਰੇ,
ਵੇਖੇ ਤੈਨੂੰ ਅਰਾਮ ਨਾ ਆਂਵਦਾ ਸੀ।
ਜੇਕਰ ਰੁਠ ਕੇ ਉਠ ਮੈਂ ਨੱਠ ਆਇਆ,
ਬਿਨਾਂ ਰੋਣ ਤੈਨੂੰ ਨਾ ਕੁਝ ਭਾਂਵਦਾ ਸੀ।
ਜਿਥੇ ਸੁੱਟ ਨੱਠਾ ਰਾਤੀਂ ਰਹੀ ਉਥੇ,
ਚੁਕਿਆ ਸੇਜ ਵਲ ਕਦਮ ਨਾ ਜਾਂਵਦਾ ਸੀ।
ਸਮਾਂ ਵਿਲਕ ਕਟਣਾ ਮੇਰੀ ਯਾਦ ਅੰਦਰ,
ਬਿਨਾਂ ਦਰਸ ਮੇਰੇ ਨਾ ਕੁਝ ਭਾਂਵਦਾ ਸੀ।

ਖਿੜਦੀ ਬੋਲ ਮੇਰੇ ਰੌਲਾ ਵੱਗ ਦਾ ਸੁਣ,
ਮੈਨੂੰ ਵੇਖ ਨਾ ਜਾਮੇ ਸਮਾਂਵਦੀ ਸੈਂ।
ਘੁਟ ਲਾ ਸੀਨੇ ਕਟਦੀ ਦੁਖ ਦੀਨੇ,
ਰੁੱਠਾ ਰਹਾਂ ਫੜ ਪੈਰ ਬਖ਼ਸ਼ਾਂਵਦੀ ਸੈਂ।੩।

ਭੌਰਾ ਮੈਂ ਮਧੁਰ ਪੁਹਪ ਪ੍ਰੀਤਮਾ ਤੂੰ,
ਮੀਨਾ ਮੈਂ ਸਾਗਰ ਡੂੰਘਾ ਜਾਨ ਮੇਰੀ।
ਦੀਵਾ ਤੂੰ ਪਤੰਗ ਮੈਂ ਸੜਨ ਵਾਲਾ,
ਨਾਦ ਤੂੰ ਕੁਰੰਗ ਮੈਂ ਪ੍ਰਾਨ ਮੇਰੀ।
ਸੱਚੀ ਪ੍ਰੀਤਮਾ ਤੂੰ ਤੇ ਮੈਂ ਪ੍ਰੇਮੀ,
ਜਾਨ ਪ੍ਰਾਨ ਗੁਜ਼ਰਾਨ ਈਮਾਨ ਮੇਰੀ।
ਰੂਪ ਤੂੰ ਅਨੂਪ ਤੇ ਮੈਂ ਦ੍ਰਿਸ਼ਟਾ,
ਸਕੇ ਅੱਖ ਇਹ ਤੈਨੂੰ ਪਛਾਨ ਮੇਰੀ।

ਕਾਸ਼! ਕਦਰ ਹੁੰਦੀ ਸੁਚੀ ਪ੍ਰੀਤ ਸੰਦੀ,
ਬੁਰੇ ਅਸੀਂ ਨਹੀਂ, ਪ੍ਰੀਤ ਦਰਦ ਵੰਡ ਹੈਂ ਤੂੰ।
ਪ੍ਰੇਮੀ ਹੁੰਦੇ ਰਹੇ ਭਾਵੇਂ ਬਦਨਾਮ 'ਕੋਮਲ',
ਮੇਰੀ ਨਜ਼ਰ 'ਚ ਮਾਤ ਬ੍ਰਹਿਮੰਡ ਹੈਂ ਤੂੰ।੪।

ਕਿਵੇਂ ਖੇੜਿਆਂ ਦੇ ਦਿਲ ਪਰਚਿਆ ਈ,
ਕੁਝ ਦਇਆ ਕਰ ਮੇਰੇ ਤੇ ਵਾਸਤਾ ਈ!
ਮੇਰੀ ਜਾਨ ਤੜਪੇ ਵਾਂਗ ਮਛਲੀ ਦੇ,
ਬੁਰੀ ਮੁਝ ਸੰਗ ਬੀਤਦੀ ਵਾਸਤਾ ਈ!
ਕਿਵੇਂ ਪਿਆਰ 'ਚ ਪਾ ਮੈਨੂੰ ਖ਼੍ਵਾਰ ਕੀਤਾ,
ਦਾਰੂ ਦੇ ਬੀਮਾਰ ਨੂੰ ਵਾਸਤਾ ਈ!
ਦਿਲ ਲੁਟ ਖੜਿਆ ਪਿੰਜਰ ਰਹੇ ਸੜਿਆ,
ਝੱਲੇ ਜ਼ਿਮੀਂ ਅਸਮਾਨ ਨਾ ਵਾਸਤਾ ਈ!

ਕਦੀ ਭੁਲਸੈਂ ਨਾ ਵਸੀ ਦਿਲ ਅੰਦਰ,
ਭਾਵੇਂ ਕੱਢ ਗਾਲ੍ਹਾਂ ਭਾਵੇਂ ਪਿੱਟ ਮੈਨੂੰ।
ਭਾਵੇਂ ਰਖ ਦਿਲ ਸਾਂਭ ਤੂੰ ਦਿਲ ਅੰਦਰ,
ਭਾਵੇਂ ਦਿਲੋਂ ਕੱਢ ਕੇ ਬਾਹਰਿ ਸਿੱਟ ਮੈਨੂੰ।੫।

ਤੇਰੇ ਬਿਨਾਂ ਕਿਸ ਨੂੰ ਫੋਲ ਦਿਲ ਦਸਾਂ,
ਸੁਣਦਾ ਕੌਣ ਹੈ ਦਰਦ - ਦਿਵਾਨਿਆਂ ਦਾ।
ਦਿਵਾਨਿਆਂ ਪ੍ਰੇਮ - ਪਰਵਾਨਿਆਂ ਦਾ,
ਕਿਸੀ ਯਾਦ ਵਿਚ ਪਰੀਤ - ਮਸਤਾਨਿਆਂ ਦਾ।
ਦਿਲ 'ਚ ਦਰਦ, ਵਿਛੋੜੇ ਦੀ ਸਾਂਗ ਤਿੱਖੀ,
ਪਿਆ ਵਹਿ ਰਿਹਾ ਲਹੂ ਦਿਲ - ਖ਼ਾਨਿਆਂ ਦਾ।
ਯਾਦ ਆਂਵਦੇ ਹੀ ਧਾਂਦੇ ਹੋਸ਼ ਸਾਰੇ,
ਵਰ੍ਹਦਾ ਮੀਂਹ ਹੈ ਨੈਣ ਭੁਲਾਨਿਆਂ ਦਾ।

ਹਾਏ! ਕੀ ਪਤਾ ਸੀ ਪ੍ਰੀਤ ਦਾ ਪੰਧ ਔਖਾ,
ਇਸ ਤੇ ਤੁਰ ਕੇ ਮੌਤ ਖ਼ਰੀਦ ਲੈਣੀ।
ਚੈਨ ਸੁਖ ਆਰਾਮ ਤੇ ਨੀਂਦ ਹੀ ਨਹੀਂ,
ਮਨ ਦੀ ਸ਼ਾਂਤੀ ਭੀ ਦੇ ਰਸੀਦ ਲੈਣੀ।੬।

ਜੇਕਰ ਆਖਦੇ ਨੇ ਪਤਿਤ - ਪਾਵਨ ਤੈਨੂੰ,
ਮੇਰੇ ਔਗੁਣ ਦਿਲੋਂ ਭੁਲਾ ਰੱਬਾ !
ਮੈਨੂੰ ਮੇਲ ਦੇ ਆਪਣੀ ਸਜਣੀ ਸੰਗ,
ਇਹਦੋਂ ਵੱਧ ਨਾ ਦੁਖ ਵਿਖਾ ਰੱਬਾ !
ਪੈਜ ਰੱਖ ਕਾਮਾਰਥੀ ਸਵਾਰਥੀ ਦੀ,
ਵਿਸ਼ਨੂੰ ਰੂਪ ਧਰ ਲਿਆ ਬਚਾ ਰੱਬਾ !
ਮੈਂ ਕੀ ਭੁਲ ਕੀਤੀ ਕੇਵਲ ਪਿਆਰ ਕੀਤਾ,
ਕੀ ਪਿਆਰ - ਕਰਨਾ ਹੈ ਗੁਨਾਹ ਰੱਬਾ ?

ਕੋਈ ਤੜਪ ਤੂੰ ਹੀ ਧੁਰੋਂ ਪਾਈ ਐਸੀ,
ਦੋ ਦਿਲ ਆਪਣੇ ਆਪ ਨੇ ਜੁੜ ਜਾਂਦੇ।
ਜ਼ੋਰੀਂ ਲਗਦੇ ਨਿਹੁੰ ਨਾ ਕਦੀ ਡਿੱਠੇ,
ਪਿਛਲੇ ਪਿਆਰ ਸੰਸਕਾਰ ਆ ਪੁੜ ਜਾਂਦੇ।੭।

ਤੇਰੀ ਜੋਤਿ ਹਰੇਕ ਵਿਚ ਵਰਤਦੀ ਏ,
ਕੀ ਫਿਰ ਜੋਤਿ ਨੂੰ ਕਰਨਾ ਪਿਆਰ ਹੈ ਭੁਲ ?
ਜਦੋਂ ਤੂੰ ਹਰ ਥਾਂ ਤੇ ਪਸਰਿਆ ਹੈਂ,
ਤੇਰਾ ਰੂਪ ਰੱਬਾ ਇਹ ਸੰਸਾਰ ਹੈ ਕੁਲ।
ਤੂੰ ਫਿਰ ਆਪ ਹੀ ਪ੍ਰੇਮੀ ਨੂੰ ਪ੍ਰੀਤ ਦਿੱਤੀ,
ਇਹਦੇ ਦਿਲ ਥੀਂ ਪੈਂਦਾ ਪਿਆਰ ਹੈ ਡੁਲ੍ਹ।
ਖਿਚ ਪਈ ਜਾਪੇ ਮਿਲੇ ਦਿਲ ਆਪੇ,
ਕਿਵੇਂ ਦਸ ਫਿਰ ਕੀਤੀ ਕਰਤਾਰ ! ਹੈ ਭੁਲ ?

ਤੇਰੇ ਹੁਕਮ ਬਿਨਾਂ ਪੱਤਾ ਝੂਲਦਾ ਨਹੀਂ,
ਤੂੰ ਹੀ ਦਸ ਭਲਾ ਕੀ ਸੀ ਵਸ ਸਾਡੇ।
ਦੁਹਾਂ ਦਿਲਾਂ ਨੂੰ ਏਦਾਂ ਵਿਛੋੜ ਦੇਣਾ,
ਕਿਵੇਂ ਲਗਾ ਚੰਗਾ ਤੈਨੂੰ ਦਸ ਡਾਢੇ ?੮।

ਹਾਏ ! ਓ ਕੋਰਿਆ ! ਪਹਿਲਾਂ ਹੀ ਦੂਹਾਂ ਤਾਈਂ,
ਵਖ ਰਖਦਾ ਭੁਲ ਕੇ ਮੇਲਦਾ ਨਾ।
ਦੂਹਾਂ ਦਿਲਾਂ ਦੀ ਹੁੰਦੀ ਨਾ ਜੋਤਿ ਇਕੋ,
ਖੇਡ ਪ੍ਰੇਮ ਦੀ ਕੁਦ ਕੋਈ ਖੇਲਦਾ ਨਾ।
ਜਾਦੂ ਪਿਆਰ ਦੇ ਪਾ ਇਕ ਦੂਸਰੇ ਤੇ,
ਸੁੱਤੇ ਪਿਆਰ ਦੇ ਨਾਗ ਨੂੰ ਕੇਲਦਾ ਨਾ।
ਇਸ ਚੰਦਰੇ ਬਿਰਹੋਂ ਦੀ ਸਾਂਗ ਕੋਲੋਂ,
ਪਹਿਲਾਂ ਬਚਦਾ ਸੂਲੀ ਤੇ ਖੇਲਦਾ ਨਾ।

ਕੁਦ ਪਿਆਰ - ਮੈਦਾਨ ਵਿਚ ਪ੍ਰਣ ਕਰ ਕੇ,
ਤੂੰ ਹੀ ਦਸ ਹੁਣ ਕਿਸ ਤਰ੍ਹਾਂ ਨੱਸ ਜਾਈਏ।
ਭਲਾ ਨੱਸਣ ਦਾ ਜੇ ਪ੍ਰਬੰਧ ਹੋਵੇ,
ਦਿਲਾਂ ਫਸਿਆਂ ਨੂੰ ਦਸ ਕੀ ਦਸ ਪਾਈਏ।੯।

ਜਾਨੀ ! ਨਾ ਬੇਤਰਸ ਬਣ ਤਰਸ ਕਰ ਹੁਣ,
ਹਿੰਮਤ ਧਾਰ, ਕਰ ਪੂਰੇ ਇਕਰਾਰ ਆਪਣੇ।
ਪ੍ਰਣ ਪਾਲਣੇ ਜੇਡ ਨਾ ਧਰਮ ਕੋਈ,
ਪ੍ਰੇਮੀ ਪ੍ਰਾਣ ਇਸ ਲਈ ਦੇਣ ਵਾਰ ਆਪਣੇ।
ਪ੍ਰਣ ਦਰਜਨਾਂ ਬੇਲੇ ਤੇ ਘੜੀਂ ਕੀਤੇ,
ਰੱਖੀਂ ਯਾਦ ਨਾ ਦੇਈਂ ਵਿਸਾਰ ਆਪਣੇ।
ਸਾਡਾ ਪਿਆਰ ਸੁੱਚਾ ਹੱਡ ਚੰਮੋਂ ਉੱਚਾ,
ਰੱਬ ਰਾਖਾ ਸਾਡਾ ਵਿਚ ਸੰਸਾਰ ਆਪਣੇ।

ਬੇਲੇ ਮਾਰ ਸੇਲੇ ਤਨ ਛੇਕਦੇ ਨੇ,
ਪੱਤਣ - ਬੇੜੀਆਂ ਬਾਗ ਨਾ ਸੁਹਾਣ ਮੈਨੂੰ।
ਕੁਝ ਬਿਨਾ ਤੇਰੇ "ਕੋਮਲ" ਭਾਂਵਦਾ ਨਹੀਂ,
ਜਗ ਦੇ ਮਿਹਣੇ ਭੀ ਵੱਖ ਦੁਖਾਣ ਮੈਨੂੰ।੧੦।

ਵਸਲ

ਪਾ ਗਲਵਕੜੀ ਹੀਰ ਮਿਲੀ ਰਾਂਝਣੇ ਨੂੰ,
ਕਹਿੰਦੀ ਪਾਇਆ ਮੈਂ ਸੁਖ ਅਰਾਮ ਅਜ ਹੀ।
ਘੁਟ ਲਗੇ ਸੀਨੇ ਕੱਢ ਅਰਮਾਨ ਦੀਨੇ,
ਮਿਟੀ ਬਿਰਹੋਂ - ਵਿਜੋਗ ਦੀ ਘਾਮ ਅੱਜ ਹੀ।
ਅਧ੍ਰਾਮ੍ਰਿਤ ਪੀ ਮੁਖ ਚੁਮ ਮਸਤ ਹੋਏ,
ਪੀਤੇ ਆਬਿ - ਹਿਯਾਤ ਦੇ ਜਾਮ ਅੱਜ ਹੀ।
ਰੱਬ ਮਿਹਰ ਕੀਤੀ ਮਿਲੇ ਦੁਇ ਬਿਰਹੀ,
ਹੋਇਆ ਮੁੜ ਮਾਨੋ ਰਾਜ - ਰਾਮ ਅੱਜ ਹੀ।

ਪੁਛੇ ਹੀਰ ! ਜਾਨੀ ਨਿਕਲੀ ਬਿਰਹੋਂ - ਕਾਨੀ,
ਦਸ ਖ਼ੁਸ਼ ਹੋਇਓਂ ਹੁਣ ਈਮਾਨ ਮੇਰੇ।
'ਕੋਮਲ' ਖ਼ੁਸ਼ ਹੋ ਹੱਸ ਕੇ ਦਸ ਮੈਨੂੰ,
ਤੈਂਡੀ ਹਾਂ ਰਹਿਸਾਂ ਸਦਾ ਪ੍ਰਾਨ ਮੇਰੇ।੧੧।

ਦੇਵ-ਪਤਿ ਚਿਤ-ਚੋਰ

ਮੀਂਹ ਵਰ੍ਹੇ ਮੋਲ੍ਹੇਧਾਰ ਦਾਮਨੀ ਡਰਾਨ-ਹਾਰ,
ਹੋਈ ਜਲ ਥਲ ਸਾਰੇ, ਕਿਤੇ ਨ ਸੀ ਸੁਕੀ ਭਉਂ ।
ਭੱਜੀ ਆਈ ਭਿਜ ਸਿਜ ਸ਼ੇਰਨੀ ਜਿਉਂ ਮੇਰੇ ਕੋਲ,
ਤੂੰ ਹੀ ਦਸ ਭਲਾ ਓਦੋਂ ਕੀ ਸੀ ਤੇਰੀ ਲੁਕੀ ਗਉਂ ।
ਬੈਠ ਆਹਮੋ ਸਾਮ੍ਹਣੇ ਘੁਲ ਮਿਲ ਗਏ ਦੋਵੇਂ,
ਤਕ ਤਕ ਮਸਤ ਮੈਂ ਤੂੰ ਖਿੜੀ ਕਲੀ ਸੁਕੀ ਜਿਉਂ ।
ਲਗ ਗਏ ਜੰਦਰੇ ਸੀ ਦੋਹਾਂ ਦੀ ਜ਼ਬਾਨ ਉਤੇ,
ਛਾਈ ਸੀ ਖ਼ਾਮੋਸ਼ੀ ਐਸੀ ਬਸਤੀ ਹੀ ਮੁਕੀ ਜਿਉਂ ।੧।

ਅੰਤ ਧਾਰ ਹੌਸਲਾ ਮੈਂ ਕਿਹਾ ਪ੍ਰਿਆ ! ਬੋਲੋ ਕੁਝ,
ਦੇਵੋ ਤਾਂ ਤਸੱਲੀ ਇਸ ਨਿਰਾਲੇ ਹੀ ਬੀਮਾਰ ਨੂੰ ।
ਜਦੋਂ ਤੈਨੂੰ ਵੇਖਦਾ ਹਾਂ ਖ਼ੁਸ਼ ਮਨ ਰਹੇ ਮੇਰਾ,
ਬਿਨਾਂ ਡਿਠੇ ਦੁਖੀ, ਕੀ ਤੂੰ ਜਾਣੇ ਇਸ ਪਿਆਰ ਨੂੰ ।
ਤੂੰ ਜੋ ਹੁਣ ਛਡ ਕੇ ਹੈ ਚਲੇ ਜਾਣਾ ਹੋਰ ਕਿਤੇ,
ਕਿਸ ਦੇ ਹਵਾਲੇ ਕਰ ਨੀ ! ਜਾਏਂਗੀ ਲਾਚਾਰ ਨੂੰ ।
ਸਿੰਜਿਆ ਪ੍ਰੀਤ-ਰੀਤ ਪਾਣੀ ਸੰਗ ਬਾਗ ਸੀ ਜੋ,
ਦੇਵੇਗੀ ਉਜਾੜ ਬਿਰਹਾ ਖਿੜੇ ਗੁਲਜ਼ਾਰ ਨੂੰ ।੨।

ਚਿੰਤਾ ਏਸ ਵਿਚ ਸਦਾ ਹੀ ਹਾਂ ਮੈਂ ਡੁਬਾ ਰਹਿੰਦਾ,
ਕੁਝ ਤੇ ਖ਼ਿਆਲ ਕਰ ਪ੍ਰੀਤ ਦੇ ਭਿਖਾਰੀ ਦਾ ।
ਦਿਲੋਂ ਜੋ ਪਿਆਰ ਕਰੇ ਜਿੰਦੜੀ ਭੀ ਵਾਰ ਧਰੇ,
ਸਚੇ ਉਸ ਪ੍ਰੀਤਮ ਨੂੰ ਏਦਾਂ ਨਹੀਂ ਦੁਰਕਾਰੀਦਾ ।

ਹੁਸਨ ਜੋ ਤੇਰਾ, ਦਾਤ ਰੱਬ ਸੱਚੇ ਸਾਈਂ ਦਾ ਏ,
ਏਸ ਨਾਸ਼ਮਾਨ ਲਈ ਇੰਜ ਨਹੀਂ ਹੰਕਾਰੀਦਾ।
ਜੋਬਨ ਕੁਮਲਾਏ ਕਈ ਸਚੀ ਸੁਚੀ ਪ੍ਰੀਤ ਬਿਨ,
ਏਸ ਦੀ ਖ਼ੁਮਾਰੀ ਵਿਚ ਪ੍ਰੇਮੀ ਨਹੀਂ ਵਿਸਾਰੀਦਾ। ੩।

ਜਾਣਦੀ ਹਾਂ ਸਭ ਕੁਝ ਪ੍ਰੀਤ ਦੀ ਜੋ ਪਾਈ ਫਾਹੀ,
ਲੁਟ ਪੁਟ ਲਿਆ ਤੂੰ ਹੀ ਦਿਲ ਮੈਂ ਨਿਰਦੋਸ਼ ਦਾ।
ਪਹਿਲਾਂ ਹੀ ਸੀ ਕਿਹਾ ਪੀਆ! ਛਡੋ ਏਸ ਚੰਦਰੇ ਨੂੰ,
ਇਸ਼ਕ ਦੇ ਵਿੱਚ ਪੰਧ, ਨ ਕੰਮ ਚੰਗਾ ਜੋਸ਼ ਦਾ।
ਗਿਲੇ ਦੀ ਨ ਹੁਣ ਲੋੜ, ਦਿਲ ਸੰਗ ਦਿਲ ਜੋੜ,
ਦੁਖ ਪ੍ਰੀਤ 'ਚ ਕਰੋੜ, ਇਹ ਕੰਮ ਸੰਤੋਸ਼ ਦਾ।
ਪ੍ਰੇਮੀ ਨੇ ਜੋ ਸਚਿਆਰ, ਕਰਦੇ ਕਦੋਂ ਪੁਕਾਰ,
ਰਖ ਦਿਲ ਵਿੱਚ ਯਾਰ, ਕਰਨ ਕੰਮ ਹੋਸ਼ ਦਾ। ੪।

ਹੋਸ਼ ਪ੍ਰੀਤ-ਜੋਸ਼ ਵਿਚ ਕਾਇਮ ਤਦੋਂ ਹੀ ਰਹੇ,
ਜਦੋਂ ਤੀਕ ਮੁਖ - ਚੰਨ ਰਹੇ ਅੱਖਾਂ ਸਾਹਮਣੇ।
ਚੰਨ ਤੂੰ ਚਕੋਰ ਮੈਂ ਹਾਂ, ਬਦਲ ਤੂੰ ਮੋਰ ਮੈਂ ਹਾਂ,
ਖ਼ੁਸ਼ੀ ਵਿਚ ਝੂਮਾਂ, ਤਦੇ ਤੈਨੂੰ ਰਖਾਂ ਸਾਹਮਣੇ।
ਮੱਛੀ ਮੈਂ ਤੂੰ ਨਦੀ ਮੇਰੀ, ਤਕ ਦਸ਼ਾ ਕਦੀ ਮੇਰੀ,
ਭਾਵਣ ਨਾ ਬਿਨਾਂ ਤੁਧ ਹੂਰਾਂ ਲਖਾਂ ਸਾਹਮਣੇ।
ਮੈਂ ਚਕਵੀ ਤੂੰ ਭਾਨ ਮੇਰਾ, ਦੇਹ ਮੈਂ ਤੂੰ ਪ੍ਰਾਨ ਮੇਰਾ,
ਫੁਲ ਤੂੰ ਮੈਂ ਭੌਰਾ, ਰਸ-ਦੀਦ ਚਖਾਂ ਸਾਹਮਣੇ। ੫।

ਵਸੀਕਰਨ-ਮੰਤ੍ਰ ਪਾ, ਵਸ ਕਰ ਲਿਆ ਐਸਾ,
ਸਹੁੰ ਤੇਰੀ ਬਿਨਾਂ ਤੁਧ ਕੋਈ ਹੋਰ ਨਹੀਂ ਭਾਂਵਦਾ।
ਛੱਡ ਤੈਨੂੰ ਚਲੀ ਜਦੋਂ ਜਾਂਦੀ ਹਾਂ ਪੇਕੇ ਘਰ,
ਦਿਲ ਬਿਨ ਆਬ ਮਾਹੀ ਔਖੇ ਤੇ ਕੁਰਲਾਂਵਦਾ।

ਸਦਾ ਤੈਨੂੰ ਹੀ ਧਿਆਏ ਵਾਰੇ ਜਾਏ ਤੇ ਬੁਲਾਏ,
ਭੁਲ ਹੀ ਨਾ ਪੀਆ ਜਾਏ ਰਹੇ ਡਰ ਸਤਾਂਵਦਾ।
ਦਸੋ ਕੀ ਜੀ ਹੁਣ ਚਾਹੋ, ਕਰਾਂ ਜਿਵੇਂ ਫ਼ੁਰਮਾਵੋ,
ਖ਼ੁਸ਼ ਸਦਾ ਹੀ ਰਹਾਵੋ, ਰੋਮ ਰੋਮ ਮੇਰਾ ਚਾਹੁੰਦਾ।੬।

ਭਾਵੇਂ ਪ੍ਰੀਤ-ਰੀਤ ਸਦਾ ਦਿਲਾਂ ਦੀ ਹੈ ਖੇਡ ਰਹੀ,
ਚੁਕੋ ਇਸ਼ਟ ਦੇਵ ਨੂੰ ਪ੍ਰਣ ਕਰੋ ਕਿ ਨਿਭਾਵੋਗੇ।
ਸਚੀ ਸੁਚੀ ਪ੍ਰੀਤ-ਰੀਤ ਰਖੋ ਦਿਲ ਸੁਰਜੀਤ,
ਜਦ ਤੀਕ ਜ਼ਿੰਦਗਾਨੀ ਕਦੀ ਭੁਲ ਨ ਭੁਲਾਵੋਗੇ।
ਕਿਤੇ ਭਾਵੇਂ ਵਸੋ ਰਸੋ, ਦਿਲ ਮੇਰਾ ਸਾਂਭ ਰਖੋ,
ਪ੍ਰੀਤ-ਨਿੱਘ ਦਿੰਦੇ ਰਹੁ, ਨਾ ਦਿਲੋਂ ਸੁਟ ਪਾਵੋਗੇ।
"ਡੋਂਟ ਫ਼ਾਰਗੈੱਟ ਮੀ" ਨੀ ਫੁਲ ਯਾਦਗਾਰੀ ਸਮ,
ਆਹੀਂ ਭੌਂਵਰਾਂ 'ਚ ਪਾ ਕੇ ਮੈਨੂੰ ਨਾਂਹ ਰੁਲਾਵੋਗੇ।੭।

ਰਖੀਂ ਯਾਦ ਵੇਲਾ ਜਦ ਚੁਕ ਇਸ਼ਟ ਦੇਵ ਨੂੰ,
ਖ਼ੁਸ਼ੀ ਖ਼ੁਸ਼ੀ ਪ੍ਰੱਣ ਕਰ ਤੂੰ ਜਾਮੇ ਨਾ ਸਮਾਈ ਸੈਂ।
ਬਣੀ ਤੇਰੀ ਰਹੂੰ ਤੇਰੀ, ਸਚੀ ਮੁਚੀ ਪ੍ਰਿਆ, ਪ੍ਰੇਮੀ,
ਜਦ ਤੀਕ ਜਿੰਦ ਕਾਇਮ, ਆਖ ਨਾ ਸ਼ਰਮਾਈ ਸੈਂ।
ਹੱਥ ਵਿਚ ਹੱਥ ਪਾ ਕੇ ਚੁੰਮੇ ਇਕ ਦੂਸਰੇ ਦੇ,
"ਹੋ ਗਏ ਜੀ ਖ਼ੁਸ਼ ਬਸ" ਆਖ, ਹੱਸੀ ਹੁਲਸਾਈ ਸੈਂ।
ਆਗਿਆ ਲੈ ਖਿੜੇ ਮੱਥੇ ਹੱਸ ਸ਼ੇਕ ਹੈਂਡ ਕਰ,
ਮੀਂਹ ਵਰ੍ਹੰ ਰਹੇ 'ਚ ਹੀ ਤੂੰ ਵਾਪਸ ਸਿਧਾਈ ਸੈਂ।੮।

ਨੀ! ਭੁਲੀਂ ਨ ਉਹ ਘੜੀ ਵਰ੍ਹੇ ਮੀਂਹ ਲਗੀ ਝੜੀ,
ਕਰ ਤੁਰੀ ਸੈਂ ਤੂੰ ਅੜੀ, ਭਲਾ ਕਿਵੇਂ ਮੈਂ ਸਹਾਰਦਾ।
ਛਾਤਾ ਫੜੀ ਹੱਥ ਵਿਚ, ਚਾਦਰ ਕਛੇ 'ਚ ਮਾਰ,
ਝਟ ਦੌੜ ਪਿਆ ਪਿਛੇ ਦੇਵਪਤਿ ਪੁਕਾਰਦਾ।

ਮੀਂਹ ਬਿਜ ਦੀ ਕੜਕ 'ਚ ਸੁਣੀ ਨਾ ਹਾਕ ਮੇਰੀ,
ਮੈਂ ਦੌੜ ਦੌੜ ਹਫ ਕੇ ਸਾਂ ਪੁਲੇ ਤੇ ਖਿਲਾਰਦਾ।
ਕੂਲੇ ਤਨ ਭਿਜ ਰਹੇ ਤੇ ਚਾਦਰ ਦੇ ਭਾਉ ਸੰਗ,
ਮੀਂਹ ਸੁੰਦਰ ਕੇਸਾਂ ਤੇ ਪਿਆ ਪੂੰਜਦਾ ਸਵਾਰਦਾ। ੯।

ਭੁਲੀ ਨਾ ਸੁਭਾਗੀ ਘੜੀ ਜਦੋਂ ਪੁਲ ਉਤੇ ਖੜੀ,
ਤੇਰੀ ਬੀਣੀ ਫੜੀ ਕੇ ਮੈਂ ਭਰੋਸਾ ਦਿਵਾਇਆ ਸੀ।
ਮਧੁਰ ਪਿਆਰੀ! ਪ੍ਰੀਤ ਰਹਿਸੀ ਸਚੀ ਸੁਚੀ ਮੇਰੀ,
ਹੱਡ ਚੰਮੋਂ ਉਚਾ ਤੇਰੇ ਸੰਗ ਪ੍ਰੇਮ ਪਾਇਆ ਸੀ।
ਜਿਹਲਮ ਦੇ ਵਗਦੇ ਪਾਣੀਆਂ ਦੀ ਸਹੁੰ ਖਾਧੀ,
ਇਸ਼ਟ ਦੇਵ ਸਾਹਮਣੇ ਪ੍ਰੱਣ ਭੀ ਦੁਹਰਾਇਆ ਸੀ।
ਬਿਨਾਂ ਹੱਥ ਚੁੰਮਣੇ ਦੇ ਖਾਬ 'ਚ ਨਾ ਅੰਗ ਭਿੜੇ,
ਸਚੀ ਸੁਚੀ ਪ੍ਰੀਤ-ਪੱਥ ਤੁਰ ਕੇ ਵਿਖਾਇਆ ਸੀ। ੧੦।

ਹਾਏ ਪਰ ਹੁਣ ਪ੍ਰਿਆ ਸ਼ੋਕ ਸੰਗ ਆਖਦਾ ਹਾਂ,
ਕੀਤੇ ਛੱਡ ਇਕਰਾਰ ਕਿਉਂ ਅੱਖਾਂ ਹੋ ਚੁਰਾਂਵਦੇ।
ਮਿਲੋ ਗਿਲੋ ਆ ਕੇ ਘੱਟ, ਜੇ ਮਿਲੋ ਉਠ ਨਠੋ ਝਟ,
ਦੇਣ ਦੀ ਥਾਂ ਪ੍ਰੀਤ-ਨਿਘ, ਦਿਲ ਸਗੋਂ ਹੋ ਦੁਖਾਂਵਦੇ।
ਹਛਾ ਜਿਵੇਂ ਚਾਹੋ ਕਰੋ, ਮਾਲਕ ਹੋ ਕਿਉਂ ਡਰੋ,
ਵਧ ਦੇ ਕੇ ਦੁਖ-ਪੀੜਾ ਸਾਡੇ ਮਨ ਨੂੰ ਹੋ ਭਾਂਵਦੇ।
"ਕੋਮਲ" ਦੇ ਮਨ ਵਿਚ ਹੋ ਗਿਆ ਨਿਵਾਸ ਤੇਰਾ,
ਦੇਵ-ਪਤਿ ਚਿਤ-ਚੋਰ ਹੋ ਨਾਮ ਜੋ ਰਖਾਂਵਦੇ। ੧੧।

ਪ੍ਰਤਗਿਆ

ਦੇ ਦਿੱਤਾ ਹੈ ਆਪਣਾ ਦਿਲ ਉਹ ਨੂੰ,
ਜਾਣੇ ਰੱਬ ਕਿਵੇਂ ਇਹ ਨੂੰ ਪਿਆਰ ਕਰਸੀ।

ਸਾਂਭ ਰਖੇਗੀ ਆਪਣੇ ਦਿਲ ਅੰਦਰ,
ਦਿਲੋਂ ਕੱਢ ਜਾਂ ਸੁਟ ਫਿਟਕਾਰ ਕਰਸੀ।

ਅੰਤਮ ਸਵਾਸ ਤੀਕਰ ਨਾ ਭੁਲ ਪਿਆਰ ਛਡਾਂ,
ਛੱਡਾਂ ਜੇ, ਕਰ ਕੋੜ੍ਹੀ ਰੱਬ ਖੁਆਰ ਕਰਸੀ।

ਪਹਿਲਾਂ ਜਾਨ ਪ੍ਰਾਣ ਕਹਿ ਸੁਣ ਖ਼ੁਸ਼ ਕੀਤਾ,
ਸਦਿਆ ਮੁਝ ਨੂੰ ਪ੍ਰਾਣ-ਅਧਾਰ ਕਰਸੀ।

ਜਾਨੀ ! ਭਾਵੇਂ ਭੁਲਾ ਬੇਵਫ਼ਾ ਹੋ ਜਾ,
ਦਿਲੋਂ ਕੱਢ ਭਾਵੇਂ, ਚੇਤਾ ਭੁਲ ਭਾਵੇਂ।

"ਕੋਮਲ" ਤੁਧ ਨੂੰ ਲਿਆ ਵਸਾ ਮਨ ਵਿਚ,
ਕੱਢਸਾਂ ਕਦੀ ਨਾਹੀਂ, ਜਾਵਾਂ ਰੁੱਲ ਭਾਵੇਂ।

ਚੰਗੇ ਦਿਨ ਉਹ ਸਨ

ਜਿਸ ਦਿਨ ਅੱਖਾਂ ਨੇ ਅੱਖਾਂ ਨੂੰ ਕੁਝ ਕਿਹਾ,
ਪ੍ਰੀਤ-ਚਿੰਨ੍ਹ ਕਬੂਲਣ ਲਈ ਅਰਜ਼ ਕੀਤੀ,
ਨਾਂਹ ਨੁਕਰ ਕਰ ਕੇ ਤੁਸੀਂ ਮੰਨ ਲਿਆ।
ਲਿਆ ਬਾਂਹ 'ਚ ਪਾ ਪ੍ਰੀਤ-ਕੰਗਣ,
ਤੇ ਆਪਣਾ ਬਾਂਹ 'ਚ ਮੇਰੀ ਪਾ ਹੋਇ ਪ੍ਰਸੰਨ,
ਚੰਗੇ ਛਿਨ ਉਹ ਸਨ।

ਖੋਲ੍ਹ ਦਿਲ ਅਸੀਂ ਅੱਗੇ ਰੱਖ ਦਿੱਤਾ,
ਸਾਡੇ ਵਸ ਨਾ ਜੋ ਹਾਂ ਕਰ ਰਹੇ,
ਜਕੜ ਰਹੇ ਮਨ ਹਾਂ ਵਿਚ ਪ੍ਰੀਤ-ਬੰਧਨ,
ਤੁਸੀਂ ਸੁਣ ਲੀਤਾ, ਅਗੋਂ ਹੱਸ ਦਿੱਤਾ।
ਸੀ ਚੁਪ, ਮੰਨਜ਼ੂਰੀ ਦਾ ਸੁਭ ਸ਼ਗਨ।
ਚੰਗੇ ਦਿਨ ਉਹ ਸਨ।

ਚਾਹ ਪੀਣ ਲਈ ਇਕ ਦਿਨ ਅਸੀਂ ਕਿਹਾ,
ਹਾਂ ਜੀ ਪੀ ਆਏ, ਸਚ ਆਖਦੇ ਹਾਂ।
ਇਸ ਵੇਲੇ ਭਲਾ ਕਿਹੜੀ ਚਾਹ ਪੀਤੀ,
ਕਿਉਂ ਹਰ ਗੱਲ 'ਚ ਤੁਸੀਂ ਤੜਪਾਉਂਦੇ ਹੋ?
ਹੱਸ ਬੋਲੇ, "ਲੋਕ ਆਖਦੇ ਇਹਨੂੰ ਨਚਾਉਣ"।
ਚੰਗੇ ਦਿਨ ਉਹ ਸਨ।

ਤੀਵੀਂ ਰਹੀ ਨਚਾਉਂਦੀ ਉਂਗਲਾਂ ਤੇ,
ਬੇਟੇ ਆਦਮ ਦੇ ਨੂੰ, ਪਰ ਨਾ ਮੇਰੇ ਤੇ,

ਐਸੀ ਮਿਹਰ ਕਰਨੀ ! ਸਗੋਂ ਤਰਸ ਖਾਣਾ ।
ਇਹ ਸੁਣਦਿਆਂ ਹੀ ਤੁਸੀਂ ਰੰਗ ਬਦਲੇ,
ਮੈਂ ਘਾਬਰਿਆ ਦੁਖੀ ਨਾ ਹੋ ਜਾਏ ਮਨ ।
ਚੰਗੇ ਦਿਨ ਉਹ ਸਨ ।

ਐ ਜਾਨ ! ਨਰਾਜ਼ ਨਹੀਂ ਹੋਣ ਦੇਣਾ,
ਕੀ ਇਹੋ ਹੈ ਦਿਲ ਵਿਚ ਦਿਲ ਰਖਣਾ,
ਮੱਥੇ ਤ੍ਰੀਊੜੀ ਵੇਖ ਨਹੀਂ ਅਸੀਂ ਸਕਣੀ,
ਤੁਸੀਂ ਹਸਦਿਆਂ ਮੁਖ ਤੋਂ ਫੁੱਲ ਕੇਰੇ, "ਹੋਰ ਕੀ ਤੇ"
ਸਾਡਾ ਖ਼ੁਸ਼ੀ ਸੰਗ ਖਿੜ ਪਿਆ ਸੀ ਤਨ ਮਨ,
ਚੰਗੇ ਦਿਨ ਉਹ ਸਨ ।

ਪ੍ਰਿਆ ! ਤੁਸੀਂ ਹੀ ਮੁਝ ਦੇ ਵਾਂਗ ਹੀ ਕੀ,
ਵਿਛੁੜ ਤੜਪਦੇ ਹੋ ਬਿਨ ਆਬ ਮਾਹੀ ।
ਕਿਹਾ ਤੁਸੀਂ, ਜਿਵੇਂ ਤੁਸੀਂ ਸਮਝ ਲਵੋ,
ਇਸ ਉਤਰ ਨਿਰਾਲੇ 'ਚ ਖੋਹ ਗਿਆ ਮੈਂ,
ਅੱਗ-ਪ੍ਰੀਤ ਦੀ ਦਿੰਦੀ ਹੈ ਝੁਲਸ ਇਹ ਮਨ ।
ਚੰਗੇ ਦਿਨ ਉਹ ਸਨ ।

ਕੂਲੇ ਪਤੇ ਚਨਾਰਾਂ ਜਿਹੇ ਹੱਥ ਤੇਰੇ,
ਠੰਡ ਨਾਲ ਠੰਡੇ ਵਾਂਗ ਯੱਖ ਹੁੰਦੇ,
ਮੈਂ ਫੜ ਘੁਟਦਾ ਪਿਆਰ ਦੀ ਨਿਘ ਦਿੰਦਾ,
ਜੋਰੀਂ ਕਾਂਗੜੀ ਸਾਂ ਦਿੰਦਾ ਗਰਮ ਕਰਦਾ,
ਤੁਸੀਂ ਹੱਸ ਕਹਿੰਦੇ ਦੇਖੋ ਗਰਮ ਇਹ ਹਨ,
ਚੰਗੇ ਦਿਨ ਉਹ ਸਨ ।

ਰੋਟੀ ਖਾਣ ਲਗਿਆਂ ਤੁਸੀਂ ਕੱਢ ਚਾਵਲ,
ਨਾਜ਼ਕ ਉਂਗਲਾਂ ਸੰਗ ਮੇਰੀ ਥਾਲੀ ਵਿਚ ਪਾ,

"ਭੁੱਖ ਮੈਨੂੰ ਹੈ ਘੱਟ", ਤੁਸੀਂ ਖਾ ਲੋਗੇ ਝੱਟ,
ਇਹ ਆਖ ਸਜਨੀ ਮੇਰੇ ਸਾਹਮਣੇ ਹੀ,
ਤੁਸੀਂ ਖਾਂਦੇ ਖਿੜਦੇ, ਹੁੰਦਾ ਮੈਂ ਪ੍ਰਸੰਨ,
ਚੰਗੇ ਦਿਨ ਉਹ ਸਨ।

ਹੋਇਆ ਜਦੋਂ ਬੀਮਾਰ ਬਲ-ਹੀਨ ਮੈਂ ਸਾਂ,
ਹੱਥੀਂ ਦਵਾਈ ਭੀ ਨਹੀਂ ਸਾਂ ਪੀ ਸਕਦਾ,
ਤੁਸੀਂ ਪਤਲੀਆਂ ਉਂਗਲਾਂ ਸੰਗ ਫੜ ਕੇ,
ਦਿੰਦੇ ਕੌਲ 'ਚ ਪਾ ਦਵਾ, ਆਬਿ ਵੱਫ਼ਾ,
ਸਮਝ ਪੀ ਲੈਂਦਾ ਮੈਂ, ਦੁਖੀ ਖਿੜ ਪੈਂਦਾ ਮਨ।
ਚੰਗੇ ਦਿਨ ਉਹ ਸਨ।

ਆਹ ! ਬਿਨ ਦਸੇ ਕਦ ਆਵਸਾਂ ਮੁੜ,
ਸ਼ੇਕ ਹੈਂਡ ਕਰ ਕੇ ਇਕ ਦਿਨ ਵਿੱਦਾ ਹੋ ਗਏ,
ਛੁਹ-ਹਿਲੋਰਾ ਭਾਵੇਂ ਖੇੜਾ ਦੇਂਵਦਾ ਹੈ,
ਪਰ ਤੁਰਦਿਆਂ ਨਹੀਂ ਸੀ ਤੁਸੀਂ ਪ੍ਰਸੰਨ,
ਤਕਦਾ ਰਹਿ ਗਿਆ 'ਕੋਮਲ' ਛੁਪਦਾ ਬਦਲੀ 'ਚ ਚੰਨ।
ਚੰਗੇ ਦਿਨ ਉਹ ਸਨ।



ਇਕਰਾਰ

ਕਦੀ ਭੁਲੀਂ ਨਾ ਕੀਤਾ ਇਕਰਾਰ ਆਪਣਾ,
ਦਿਲੋਂ ਛਡੀਂ ਨਾ ਸਜਣ ਵਿਸਾਰ ਆਪਣਾ।
ਨਰਗਸ ਨੈਣ ਤੇਰੇ ਮਸਤ ਕਰਨ-ਹਾਰੇ,
ਪ੍ਰੀਤ ਦਾਨ ਕਰਦੇ ਭਰ ਭਰ ਦੇਣ ਪਿਆਲੇ,
ਮਦੁ ਪੀ ਮਨ ਲਿਆ ਕਰ ਸਰਸ਼ਾਰ ਆਪਣਾ,
ਕਦੀ ਭੁਲੀਂ ਨਾ ਕੀਤਾ ਇਕਰਾਰ ਆਪਣਾ। ਦਿਲੋਂ......

ਪੀ ਕੇ ਪ੍ਰੀਤ-ਸ਼ਰਾਬ ਹਾਂ ਮੈਂ ਮਸਤ ਰਹਿੰਦਾ,
ਤੇਰੇ ਧਿਆਨ 'ਚ ਹਾਂ ਸਦਾ ਖਚਤ ਰਹਿੰਦਾ,
ਹਰ ਤਰਫ਼ ਵੇਖਾਂ ਦਿਲਦਾਰ ਆਪਣਾ,
ਕਦੀ ਭੁਲੀਂ ਨਾ ਕੀਤਾ ਇਕਰਾਰ ਆਪਣਾ। ਦਿਲੋਂ......

ਦਾਰਮ-ਦੰਦ ਸੁੰਦਰ ਚਮਕਣ ਮੁਖ ਅੰਦਰ,
ਸੁਹਣਾ ਨੱਕ ਪਿਆਰਾ, ਲੰਮੇ ਕੇਸ ਸੁੰਦਰ,
ਹਾਸਾ ਤੁਧ ਦਾ ਜੀਵਨ-ਆਧਾਰ ਆਪਣਾ।
ਕਦੀ ਭੁਲੀਂ ਨਾ ਕੀਤਾ ਇਕਰਾਰ ਆਪਣਾ। ਦਿਲੋਂ......

ਸੁਤੇ ਪ੍ਰੀਤ-ਜਜ਼ਬੇ ਦੀ ਤਾਰ ਛੇੜੀ,
ਤੂੰ ਹੀ, ਕਲੀ ਸੁਕੀ ਕਰ ਬਹਾਰ ਖੇੜੀ,
ਵਸਿਆ ਬਾਗ਼-ਪ੍ਰੀਤ ਰਖ ਸੰਵਾਰ ਆਪਣਾ,
ਕਦੀ ਭੁਲੀਂ ਨਾ ਕੀਤਾ ਇਕਰਾਰ ਆਪਣਾ। ਦਿਲੋਂ......

ਨਾ ਭੁਲੀਂ, ਸਦਾ ਰਖੀਂ ਮਨ ਅੰਦਰ,
ਵਸ ਗਏ ਜ਼ੋਰੀਂ ਜਿਵੇਂ ਤਨ ਅੰਦਰ,
'ਕੋਮਲ' ਕਰੀਂ ਦਿਲਦਾਰ ਨਾ ਲਾਚਾਰ ਆਪਣਾ,
ਕਦੀ ਭੁਲੀਂ ਨਾ ਕੀਤਾ ਇਕਰਾਰ ਆਪਣਾ। ਦਿਲੋਂ......

ਭੰਬੋਰ ਲੋਲਰੀ

(ਪੰਡਿਤ ਕਲਹਨ ਕ੍ਰਿਤ "ਰਾਜ ਤਰੰਗਨੀ" ਦਾ ਇਕ ਤਰੰਗ)

ਜਦ ਤਖ਼ਤ ਸ਼ਾਹੀ ਤੇ ਤਾਜ ਛਡ,
ਪ੍ਰਹਿਲਾਦ ਘਰੋਂ ਸਿਧਾਯਾ।
ਅਪਣੇ ਤਖ਼ਤ ਤੇ ਹੱਥੀਂ ਅਪਣੀ,
ਵਜ਼ੀਰ ਭੰਬੋਰ ਬਿਹਾਯਾ।
ਕੁਝ ਕੁ ਸਮਾਂ ਪਰਜਾ ਦੀ ਇਸ ਨੇ,
ਕੀਤੀ ਖ਼ੂਬ ਭਲਾਈ।
ਹਰ ਇਕ ਨੂੰ ਸੁਖ ਚੈਨ ਪਹੁੰਚਾ ਕੇ,
ਪਰਜਾ ਸੁਖੀ ਰਖਾਈ।

ਚਾਣਚਕ ਕੁਝ ਸਮੇਂ ਹੀ ਮਗਰੋਂ,
ਕਰਤੇ ਖੇਲ ਰਚਾਇਆ,
ਚਚੇਰੇ ਵੀਰ ਦੀ ਪਤਨੀ ਉਤੇ,
ਇਹਦਾ ਮਨ ਭਰਮਾਇਆ।
ਲੋਲਰੀ ਪ੍ਰਿਆ ਭੰਬੋਰ ਪ੍ਰੇਮੀ,
ਤਨ ਮਨ ਪ੍ਰਿਆ ਸੁਖਾਵੇ।
ਬਾਝ ਲੋਲਰੀ ਜੱਗ ਸਾਰੇ ਦਾ,
ਨਾ ਕੁਝ ਭਾਏ ਸੁਖਾਵੇ।
ਧੁਖਦੀ ਇਹ ਅੱਗ ਰਹੀ ਅੰਦਰ ਹੀ,
ਰਿਹਾ ਕਰ ਜਤਨ ਛੁਪਾਂਦਾ।

ਕੀ ਆਖੇਗੀ ਪਰਜਾ ਮੈਨੂੰ,
ਲੋਕ-ਲਾਜ ਸ਼ਰਮਾਂ ਦਾ।
ਮਨ ਨੂੰ ਦੇ ਉਪਦੇਸ਼ ਹਾਰਿਆ,
ਰਿੱਚਾਂ ਪੜ੍ਹ ਪੜ੍ਹ ਸਮਝਾਵੇ।
ਪਰ ਅੱਗ ਪ੍ਰੀਤ ਦੀ ਲਗੀ ਚੰਦਰੀ,
ਇਸ ਨੂੰ ਕਿਵੇਂ ਬੁਝਾਵੇ !
ਦਿਲ ਬੇਤਾਬ ਆਬ ਬਿਨ ਮਾਹੀ,
ਲੁਛਣ ਸਿਕਣ ਤੜਪਾਏ।
ਭੜਕ ਉਠੀ ਅੱਗ ਪ੍ਰੀਤ-ਰੀਤ ਦੀ,
ਕਿਵੇਂ ਲੁਕਾਏ ਛੁਪਾਏ।
ਚਰਚਾ ਪ੍ਰੀਤ-ਰੀਤ ਭੰਬੋਰ ਦਾ,
ਲਗ ਪਿਆ ਹੋਣ ਹਰ ਜਾ।
ਰੋਵੇ ਲੋਲਰੀ ਕਹਿ ਦਿਨ ਰਾਤੀਂ,
ਸੁੱਕਾ ਲਹੂ ਜਿਗਰ ਖਾ ਖਾ।
ਭੁਲੇ ਨਾ ਇਕ ਪਲ ਭਰ ਲੋਲਰੀ,
ਉਫ਼ ! ਹਉਕੇ ਸੀਨਾ ਤਾਣ,
ਲੋਲਰੀ ਦੀ ਉਹ ਵਿਚ ਜੁਦਾਈ,
ਗੀਤ ਬਿਰਹਾ ਲਗਾ ਗਾਣ।
ਦਰਦ-ਉਪਜਾਊ ਪ੍ਰੀਤ-ਗੀਤ ਉਹ,
ਰਚ ਰਚ ਕੇ ਗਾਂਦਾ ਫੇਰ।
ਲੋਲਰੀ ਲੋ ਲੋ ਲੋਲਰੀ ਲੋ,
ਲੋ ਲੋ ਲੋ ਗਾਂਦਾ ਫੇਰ।
ਤੁਰਦੇ ਲੋ ਲੋ ਫਿਰਦੇ ਲੋ ਲੋ,
ਸੁਤੇ ਜਾਗੇ ਲੋ ਲੋ ਲੋ।

ਖਾਂਦੇ ਲੋ ਲੋ, ਪੀਂਦੇ ਲੋ ਲੋ,
ਪਾਠ ਪੜ੍ਹੀਂਦੇ ਲੋ ਲੋ ਲੋ।
ਓੜਕ ਪ੍ਰੀਤ ਸੁਚੀ ਨੇ ਇਸ ਦੀ,
ਲੋ ਲੋ ਭੀ ਤੜਪਾਈ,

ਖਿਚ ਖਾਇ ਕੇ ਲੋਲਰੀ ਲੋ ਲੋ,
ਬਾਹਰਿ ਲੋਚੇ ਆਈ।
ਅਹਿਨਿਸ ਬਿਰਹਾ ਭੰਬੋਰ 'ਚ ਸੜ,
ਉਸ ਤਨ ਸਾੜ ਸੁਕਾਇਆ,

ਪਾਸੇ ਸੁਟ ਡਰ ਲੋਕ-ਲੱਜਾ ਸਭ,
ਲੋਚੇ ਪੀਅ ਦਰਸਾਇਆ।
ਬੇਦਰਦੀ ਰਿਸ਼ਤੇਦਾਰਾਂ ਨੇ,
ਲੋ ਲੋ ਬੰਦੀ ਪਾਈ।

ਪੀਅ ਭੰਬੋਰ ਲੋਲਰੀ ਕੂਕੇ,
ਜਾਨ ਲੱਬਾਂ ਤੇ ਆਈ।
ਛਡ ਤਖ਼ਤ ਭੰਬੋਰ ਭੀ ਇਧਰੋਂ,
ਜੰਗਲ ਥਲੀਂ ਸਿਧਾਇਆ।

ਲੋ ਲੋ ਲੋ ਸਦਕੇ ਲੋ ਲੋ,
ਲੋ ਲੋ ਜਾਪ ਪਕਾਇਆ।
ਜੋ ਸ਼ੈ ਦੇਖੇ ਲੋ ਲੋ ਆਖੇ,
ਚਾਹੇ ਗਲੇ ਲਗਾਇਆ।

ਕੁਝ ਕੁ ਸਮਾਂ ਮਸਤਾਨਾ ਰਹਿ ਕੇ,
ਅੰਤ ਪਰਲੋਕ ਸਿਧਾਇਆ।
ਠੀਕ ਉਹਦੋਂ ਹੀ ਲੋਲਰੀ ਸੱਚੀ,
ਬੰਦੀ 'ਚੋਂ ਰੂਹ ਉਡਾਈ।

ਸੱਚਾ ਪਿਆਰ ਨਿਭਾਉਣ ਖ਼ਾਤਰ,
ਪ੍ਰੀਤਮ ਮਗਰ ਸਿਧਾਈ।
ਪ੍ਰੀਤਮ ਅਤੇ ਪ੍ਰਿਆ ਦੋਹਾਂ ਦੀ,
ਇਕੋ ਹੀ ਚਿਖਾ ਰਚਾਈ।
ਜ਼ਾਲਮਾਂ ਜੀਂਦੇ ਮਿਲਣ ਨਾ ਦਿੱਤਾ,
ਖ਼ਾਕ ਚਾ ਇਕੋ ਕਰਾਈ।
ਜਲਦੀ ਚਿੱਤਾ ਤੋਂ ਉਸ ਹੀ ਸਮੇਂ,
ਹਰਿਆਵਲੀ ਨਾਲ ਉਪੰਨੀ।
ਹੈ ਸਚੀ ਸੁਚੀ ਪ੍ਰੀਤ ਇਨ੍ਹਾਂ ਦੀ,
ਸਭ ਲੋਕਾਂ ਇਹ ਗੱਲ ਮੰਨੀ।

ਉਸ ਦਿਨ ਤੋਂ ਕਸ਼ਮੀਰ ਵਾਸੀਆਂ,
ਲੋਲਰੀ ਮਨਿ ਵਸਾਈ।
ਲੋਕ-ਗੀਤ ਅਰ ਪ੍ਰੀਤ ਗੀਤ-ਸੰਗ,
ਲੋ ਲੋ ਧੁਨੀ ਲਗਾਈ।

ਥਿਰ ਮਹੀਅਲ ਰਵਿ ਚੰਦ ਜਦੋਂ ਤਕ,
ਥਿਰ ਸਚੇ ਪ੍ਰੇਮੀ ਰਹਿੰਦੇ।
'ਕੋਮਲ' ਪ੍ਰੀਤ ਸਚੀ ਰੱਬ ਭਗਤੀ,
ਸਭ ਆਲਿਮ ਇਹ ਕਹਿੰਦੇ।

ਸਜਨ ਬਿਨ ਵੱਡੀਆਂ

ਚੈਨ ਨਾ ਆਵੇ ਬਿਰਹੋਂ ਸਤਾਵੇ।
ਤਨ ਮਨ ਅੱਗ ਸੰਗ ਭੁਜਦਾ ਜਾਵੇ।
ਅੱਖੀਂ ਵਰ੍ਹਨ ਵਾਂਗ ਬਰਸਾਤਾਂ।
ਸਜਨ ਬਿਨ ਵੱਡੀਆਂ ਹੋਈਆਂ ਰਾਤਾਂ।
ਮਾਸਾ ਮਾਸ ਰਿਹਾ ਨਾ ਸੁਕ ਸੁਕ।
ਰਤੀ ਰੱਤ ਰਹੀ ਨਾ ਮੁਕ ਮੁਕ।
ਕਰਦਾ ਇਸ਼ਕ ਬੇਦਰਦੀ ਘਾਤਾਂ।
ਸਜਨ ਬਿਨ ਵੱਡੀਆਂ ਹੋਈਆਂ ਰਾਤਾਂ।
ਤਾਰੇ ਗਿਣ ਗਿਣ ਥੱਕ ਗਏ ਪਾਸੇ।
ਕੂੜੇ ਸਜਨ ਬਿਨ ਰੰਗ ਤਮਾਸ਼ੇ।
ਰਾਤਾਂ ਮੁਕਣ ਕਦ ਆਣ ਪ੍ਰਭਾਤਾਂ।
ਸਜਨ ਬਿਨ ਵੱਡੀਆਂ ਹੋਈਆਂ ਰਾਤਾਂ।
ਨੀਂਦ ਸੁਭਾਗੀ ਆਵੇ ਨਾਹੀਂ।
ਮਾਹੀ ਦਰਸ ਦਿਖਾਵੇ ਨਾਹੀਂ।
ਸੁਪਨੇ ਵਿਚ ਵੀ ਨਾ ਪਾਏ ਝਾਤਾਂ।
ਸਜਨ ਬਿਨ ਵੱਡੀਆਂ ਹੋਈਆਂ ਰਾਤਾਂ।
ਅੱਖ ਜ਼ਰਾ ਕੁ ਜੇ ਲਗ ਜਾਂਦੀ।
ਵੰਗਾਂ ਦੀ ਹਿਲ-ਜੁਲ ਨੀਂਦ ਜਗਾਂਦੀ।
ਮਾਹੀ ਬਿਨ ਸ਼ਿੰਗਾਰ ਅਫ਼ਾਤਾਂ।
ਸਜਨ ਬਿਨ ਵੱਡੀਆਂ ਹੋਈਆਂ ਰਾਤਾਂ।
ਪਾਨ ਫੁਲੇਲ ਕਜਲ ਹਾਰ ਤੋਂ ਸੰਗਦੀ।
ਸੱਪਾਂ ਦੇ ਡੰਗ ਸਮ ਸੇਜ ਇਹ ਡੰਗਦੀ।
ਤਾਵਣ "ਕੋਮਲ" ਆਹੀਂ ਕੰਮ-ਜ਼ਾਤਾਂ।
ਸਜਨ ਬਿਨ ਵੱਡੀਆਂ ਹੋਈਆਂ ਰਾਤਾਂ।

ਚੰਦਰਾ ਇਸ਼ਕ

[ਰਾਂਝੇ ਦੀ ਵਿਆਕੁਲਤਾ]

ਭਾਗੀਂ ਭਰੇ ਰਾਹ ਤੇ ਪ੍ਰਿਆ ਵਾਂਗ ਤੁਰਦੀ,
ਮੈਂ ਨਾ ਸਕਿਆ, ਵੇਖ ਪਛਾਣ ਹਾਏ !
ਵੀਹਾਂ ਕਦਮਾਂ ਦੀ ਵਿਥ ਤੋਂ ਦੌੜ ਪਿਛੇ,
ਮੁੜਿਆ ਵੇਖ ਨਾ ਯੋਗ ਅਸਥਾਨ ਹਾਏ !
ਦਿਲ ਥੰਮ ਕੇ ਨੀਝ ਲਾ ਵੇਖ ਲਿਆ,
ਗਈ ਪਿਆਰੀ ਵੇ ਵਿਚ ਮਕਾਨ ਹਾਏ !
ਤੜਪ ਜਾਨ ਪਈ ਵਾਂਗ ਮਛਲੀ ਦੇ,
ਅੱਖੀਂ, 'ਨ੍ਹੇਰ ਜਾਪੇ ਨਿਕਲੀ ਜਾਨ ਹਾਏ !
ਬੁਲ੍ਹ ਸੁਕ ਗਏ, ਹੋਸ਼ ਭੁਲ ਗਏ,
ਮਾਨੋ ਤੀਰ ਤਿਖੇ ਸੀਨਾ ਪਾਰ ਕੀਤਾ ।
ਹਾਏ ! ਉਹ ਜੀਂਵਦਾ ਹੀ ਜਲੇ ਭੱਠ ਅੰਦਰ,
ਜਿਸ ਤੇ ਚੰਦਰੇ ਇਸ਼ਕ ਨੇ ਵਾਰ ਕੀਤਾ ।
ਦਿਨ ਉਹ ਯਾਦ ਆਏ ਜਦੋਂ ਨਾਲ ਪਿਆਰੀ,
ਇਨ੍ਹਾਂ ਰਾਹਾਂ ਤੋਂ ਹਸਦਾ ਲੰਘਦਾ ਸਾਂ ।
ਬਾਂਹ 'ਚ ਪਾ ਬਾਂਹ ਘੁਟਦਾ ਹੱਥ ਸੁਹਣੇ,
ਗੱਲਾਂ ਪ੍ਰੇਮ ਭਰੀਆਂ ਕਰ ਨਾ ਸੰਘਦਾ ਸਾਂ ।
ਜਾਨੀ ! ਖਾਣ ਨੂੰ ਦੇਵੋ ਕੁਝ ਦਿਲ ਮੰਗੇ,
ਖੀਸੇ ਹੱਥ ਪਾ ਮੁੜ ਅੜ ਮੰਗਦਾ ਸਾਂ ।
ਨਾ ਕਰ ਤੰਗ ਕੀ ਰਖਿਆ ਵਿਚ ਖੀਸੇ,
ਮੁੜ ਮੁੜ ਤੰਗ ਕਰ ਹਸਦਾ ਖੰਘਦਾ ਸਾਂ ।
ਪੀਆ ! ਅੰਬ ਉਹਦੋਂ ਤੁਸਾਂ ਨਹੀਂ ਖਾਧੇ,
ਤੇਰੇ ਹੱਠ ਸੀ ਮੈਨੂੰ ਬੀਮਾਰ ਕੀਤਾ ।
ਚੰਗਾ ! ਅਸੀਂ ਭੀ ਲਵਾਂਗੇ ਕਦੀ ਬਦਲਾ,
ਪਤਾ ਲਗੂ ਜਦੋਂ ਇਸ਼ਕ ਵਾਰ ਕੀਤਾ ।

ਇਨ੍ਹੀਂ ਰਾਹੀਂ ਤੁਰਦੇ ਫੋਲ ਦਿਲ ਦਸਦੇ,
ਕਿਵੇਂ ਰੈਨ ਗੁਜ਼ਰੇ ਵਿਛੁੜ ਜਾਣ ਲਗਿਆਂ ।
ਕਦੋਂ ਦਿਨ ਨਸੀਬ ਦੇ ਫਿਰਨ ਸਾਡੇ,
ਪਰਦੇ ਉਡ ਜਾਵਣ ਬਣਨ ਹਾਨਿ ਲਗਿਆਂ ।
ਹੋ ਅਜ਼ਾਦ ਫਿਰੀਏ ਵਾਂਗ ਪੰਛੀਆਂ ਦੇ,
ਰੋਕੇ ਕੋਈ ਨਾਹੀਂ ਆਣ ਜਾਣ ਲਗਿਆਂ ।
ਕੈਦੋ ਚੰਦਰੇ ਜਿਹਾਂ ਨਾ ਮਿਲੇ ਸਮਾਂ,
ਮਨ ਘੜਤ ਊਜਾਂ, 'ਸਾਂਤੇ ਲਾਣ ਲਗਿਆਂ ।

ਲਾਣੀ ਪ੍ਰੀਤ ਸੌਖੀ ਤੇ ਨਿਭਾਣੀ ਔਖੀ,
ਪਿਆਰੇ ! ਕਈਆਂ ਨੂੰ ਚੰਦਰੀ ਖ਼੍ਵਾਰ ਕੀਤਾ ।
ਲੈਣਾ ਸੁਖ ਦਾ ਸਾਹ ਨਾ ਮਿਲੇ ਉਹਨੂੰ,
ਜਿਸ ਤੇ ਚੰਦਰੇ ਇਸ਼ਕ ਨੇ ਵਾਰ ਕੀਤਾ ।

ਅੱਜ ਉਹ ਦਿਨ ਆਏ ਬ੍ਰਿਹੋਂ ਅੱਗ ਤਾਏ,
ਬਿਨਾਂ ਦਰਸ ਲਗੀ ਅਗ ਬੁਝਦੀ ਨਹੀਂ ।
ਪਹਿਰ ਦਿਨ ਤੇ ਦਿਨ ਇਕ ਸਾਲ ਜਾਪੇ,
ਪ੍ਰਿਆ ਬਾਝ ਕੋਈ ਗੱਲ ਤਾਂ ਸੁਝਦੀ ਨਹੀਂ ।
ਕਿਸੇ ਸਭਾ 'ਚ ਮੂਲ ਨਾ ਦਿਲ ਲਗੇ,
ਹੂਰ ਪਰੀ ਤੇ ਭੀ ਨੀਝ ਰੁਝਦੀ ਨਹੀਂ ।
ਜਾਣੇ ਰੱਬ ਉਹ ਕਿਵੇਂ ਭੁਲਾ ਬੈਠੀ,
ਕਿਸੇ ਹੋਰ ਦੀ ਰਹੀ ਹੋ, ਮੁਝ ਦੀ ਨਹੀਂ ।

ਕੀੜੇ ਪੈਣ ਜੇ ਕਿਸੇ ਨੂੰ ਦਿਲ ਦੇਵਾਂ,
ਪ੍ਰਾਣ ਨਾਥ ਤੂੰ ਹੀ, ਸੀ ਇਕਰਾਰ ਕੀਤਾ ।
"ਕੋਮਲ" ਧਰਤੀ ਅਕਾਸ਼ ਨਾ ਝਲੇ ਉਹਨੂੰ,
ਜਿਸ ਤੇ ਚੰਦਰੇ ਇਸ਼ਕ ਨੇ ਵਾਰ ਕੀਤਾ ।

ਅਲੀ ! ਦਸ ਭਲਾ !

ਅਲੀ ! ਦਸ ਭਲਾ ਮੈਂ ਕੀ ਕਰਾਂ,
ਦਿਲ ਵਿਚ ਕੁਝ ਹੋਵੇ ਸਹਿ ਨਾ ਸਕਾਂ,
ਉਸ ਅਤਿ ਨਿਰਾਲੇ ਮਾਹੀ ਨੇ,
ਐਸਾ ਜਾਦੂ ਕੋਈ ਦਿੱਤਾ ਧੂੜ,
ਦਿਲ ਮੇਰਾ ਆਪਣਾ ਨਾ ਰਿਹਾ,
ਸਗੋਂ ਨਸੇ ਛਡ ਮੈਨੂੰ ਭਾਲਦਾ ਉਹਨੂੰ,
ਇਸ ਰੋਗ ਦੀ ਕੀ ਦਵਾ ਕਰਾਂ ?
ਉਸ ਤਕਣੀ ਪਹਿਲੀ ਸੀ ਤਕੀ ਐਸੀ,
ਜਦ ਅੱਖਾਂ ਸਨ ਹੋਈਆਂ ਚਾਰ,
ਕੁਝ ਹੋਣ ਲਗਾ ਦਿਲ ਮੇਰੇ ਸੀ,
ਅਨਜਾਣ ਮਨ ਮੇਰੇ ਵਿਚ ਜਾਗਿਆ ਪਿਆਰ,
ਮੈਂ ਡੋਲ ਗਈ ਤਾਂ ਭੀ ਰਹੀ ਅਡੋਲ,
ਉਹ ਸਮਝ ਗਿਆ ਮੇਰੀ ਮਨ-ਦਸ਼ਾ ਨੂੰ ਕਿਸੇ ਤਰ੍ਹਾਂ ।
ਅਲੀ ! ਉਸ ਮਿੱਠੀਆਂ ਮਿੱਠੀਆਂ ਗੱਲਾਂ ਕਰ,
ਦਿਲ ਵਿਚ ਮੇਰੇ ਕੀਤਾ ਨਿਵਾਸ,
ਇਕ ਦਿਨ ਫਿਰ ਪ੍ਰੀਤ ਦਾ ਪਾ ਕੰਗਣ,
ਦਿਲ ਜਕੜ ਲਿਆ ਵਿਚ ਪ੍ਰੀਤ-ਫਾਸਿ,
ਭਲਾ ਕਿਵੇਂ ਮੈਂ ਨਾਂਹ ਕਰਾਂ ।
ਦਿਲ ਖੋਲ੍ਹ ਆਪਣਾ ਰੱਖ ਅਗੇ,
ਮੈਨੂੰ ਕੀਤਾ ਉਸ ਨਿਰ-ਉਤਰ,
ਅਖੇ ਮੈਂ ਪਿਆਰ ਕਰਾਂ ਹੋ ਮਜਬੂਰ,
ਜਾਗੇ ਸੰਸਕਾਰ ਕੋਈ ਪਿਛਲਿਆਂ ਜਨਮਾਂ ਦੇ,
ਤਾਹੀਉਂ ਤੇਰੇ ਅਗੇ ਅਰਜ਼ ਕਰਾਂ ।

ਅਖੇ ਮੇਰਾ ਪਿਆਰ ਹੱਡ ਚੰਮੋਂ ਉੱਚਾ,
ਨਾ ਖ਼ਾਹਿਸ਼ ਮੈਨੂੰ ਕਬਜ਼ੇ ਦੀ,
ਮੈਂ ਤਾਂ ਪ੍ਰੀਤ-ਨਿਘ ਦਾ ਹਾਂ ਭੁੱਖਾ,
ਖਿੜਦੀ ਜਿਸ ਸੰਗ ਆਤਮਾ ਰਹਿੰਦੀ,
ਸੁਚੀ ਪ੍ਰੀਤ ਸਾਈਂ ਚਰਨ ਪਹੁੰਚਾਵੇ,
ਉਸ ਪ੍ਰੀਤ ਦੀ ਮੈਂ ਚਾਹ ਕਰਾਂ ।

ਅਲੀ ! ਮੈਂ ਸੁਣ ਹੋਈ ਹਰਿਆਨ,
ਮੈਂ ਕਿਹਾ : ਜੀ ! ਇਹ ਹੋ ਨਹੀਂ ਸਕਦਾ,
ਸੁਣ ਦੇ ਉਸ ਅੱਖੋਂ ਨੀਰ ਵਿਹਾਇਆ,
ਜਿਵੇਂ ਸਾਵਣ ਬਰਸਾਤ, ਰਿਹਾ ਵਲ ਮੇਰੇ ਤਕਦਾ,
ਮੈਂ ਪੱਥਰ-ਦਿਲ ਪਿਗਲੀ ਸੱਮ ਮੋਮ,
ਅੱਛਾ ਜੀ ਮੈਂ ਜਤਨ ਕਰਾਂਗੀ,
ਮੈਂ ਕਹਿ ਬੈਠੀ, ਦੁਖ ਕਿਵੇਂ ਜਰਾਂ ।

ਮੁੜ ਇਕ ਦਿਨ ਉਸ ਪ੍ਰੀਤ-ਸੁਰ ਛੇੜੀ,
ਭਈ ਕੀ ਤੁਸੀਂ ਮੁਝ ਸੰਗ ਨਿਭਾਵੋਗੇ ਪ੍ਰੀਤ,
ਕੀਤੇ ਆਪਣੇ ਇਕਰਾਰ ਅਨੁਸਾਰ ?
ਮੈਂ ਝਟ ਖਿਝ ਕਿਹਾ : ਪਰ,
ਮੈਂ ਤਾਂ ਕੋਈ ਨਹੀਂ ਕੀਤਾ ਇਕਰਾਰ,
ਪੂਰਾ ਜੋ ਮੈਂ ਜਿਵੇਂ ਕਰਾਂ ।

ਅਲੀ ! ਬਸ ਫਿਰ ਕੀ ਸੀ ਓਹ ਤੜਪ ਪਏ,
ਅੱਖੋਂ ਛਮ ਛਮ ਅਥਰੂ ਵਰ੍ਹਨ ਪਏ,
ਦੇਖ ਮੇਰੇ ਉਡ ਗਏ ਹਵਾਸ,
ਮੈਂ ਜਾ ਉਸ ਦੇ ਚਰਨਾਂ ਪਾਸ,
ਫੜ ਚਰਨ ਕਿਹਾ : ਬਸ ਸਿਰਤਾਜ !
ਜਿਵੇਂ ਆਖਦੇ ਹੋ ਮੈਂ ਤਿਵੇਂ ਕਰਾਂ ।

ਸਜਨ ! ਬਸ ਮੈਂ ਤੇਰੀ ਹੋਈ ਹਾਂ,
ਤੇਰੇ ਪਿਆਰ 'ਚ ਹਾਂ ਸਰਸ਼ਾਰ ।
ਉਹ ਪਰ ਦੇਖ ਅਕਾਸ਼ ਵਲ ਰੋਈ ਗਏ ,
ਮੈਂ ਤੜਪ ਉਠੀ, ਅਖੋਂ ਵਗ ਤੁਰੀ ਫੁਹਾਰ,
ਮੇਰੀ ਸੇਜਲ ਉਹ ਦੇਖ ਨਾ ਸਕੇ,
ਜਾਨੀ ! ਜੇ ਰੋਵੇਂ ਤਾਂ ਮੈਂ ਮਰਾਂ ।

ਫ਼ਿਜ਼ਾ 'ਚ ਬਸ ਛਾ ਗਈ ਖ਼ਾਮੋਸ਼ੀ,
ਤਕਦੇ ਬਿਟ ਬਿਟ ਆਪਸ ਵਿਚ ਦੋਵੇਂ,
ਇਕ ਦੂਜੇ ਦੇ ਹੱਥ ਪਕੜ ਕੇ,
ਅਸੀਂ ਘੁਟੇ ਤੇ ਕਰ ਲਏ ਪ੍ਰੀਤ-ਇਕਰਾਰ,
ਸਾਰੀ ਉਮਰ ਨਿਭਾਉਣ ਲਈ,
ਸਾਖੀ ਰਖ ਵਿਚ ਸਿਰਜਨ-ਹਾਰ !
ਹਾਂ ਹੁਣ ਜਕੜੀ, ਦਸ ਕੀ ਕਰਾਂ ?

ਅਨੋਖੇ ਮਾਹੀ ਨੂੰ ਹੁਣ ਛਡ ਆਈ,
ਪਾ ਆਪਣੇ ਤੇ ਗਲ ਉਸ ਦੇ ਵਿਚ,
ਨਾ ਟੁਟਣ ਵਾਲੀ ਪ੍ਰੀਤ-ਫਾਹੀ,
ਛਾਤੀ ਧੁਖਦੀ ਅੱਗ-ਬਿਰਹੋਂ ਵਿਚ,
ਮੁਖੜੇ ਤੇ ਜ਼ਰਦੀ ਛਾਈ,
ਕਿਵੇਂ ਬਿਤਾਂਦਾ ਸਮਾਂ ਹੋਵੇਗਾ,
ਉਹ ਪ੍ਰੀਤ-ਦੀਵਾਨਾ ਮਾਰ ਕੇ ਆਹੀਂ,
ਮਨ ਉਸ ਦੇ ਦੀ ਸਮਝ ਹਕੀਕਤ,
ਮੈਨੂੰ ਚੈਨ ਨਾ ਆਵੇ, ਬਿਰਹੋਂ ਸਤਾਵੇ,
ਅਲੀ ! ਦਸ ਭਲਾ ਮੈਂ ਕੀ ਕਰਾਂ,
ਕਿਵੇਂ ਉਸ ਦੇ ਤੇ ਆਪਣੇ ਦੁਖ ਹਰਾਂ,
ਦਿਲ ਵਿਚ ਕੁਝ ਹੋਵੇ, ਸਹਿ ਨਾ ਸਕਾਂ ।

ਮਿਲੇ ਨਾ ਮਾਹੀ ਕਿਹੀ ਵਿਸਾਖੀ

ਖ਼ੁਸ਼ੀ ਜਾਪੇ ਭਾਵੇਂ ਹਰ ਪਾਸੇ,
ਰੌਣਕ ਮੇਲੇ ਕਿਲਕਿਲੀ ਹਾਸੇ,
ਚੈਨ ਬਿਨਾਂ ਪਰ ਨੈਣ ਪਿਆਸੇ,
ਤਕ ਤਕ, ਝੁਕ ਝੁਕ ਬੰਦੇ ਖ਼ਾਕੀ,
ਮਿਲੇ ਨਾ ਮਾਹੀ ਕਿਹੀ ਵਿਸਾਖੀ !

ਜੇ ਨੂਰੀ ਮਾਹੀ ਦਿਸ ਆਂਦਾ,
ਨੇਤਰ ਠੰਡੇ ਮਨ ਸੁਖ ਪਾਂਦਾ,
ਦਿਲ-ਕੰਵਲ ਆਪੇ ਖਿੜ ਜਾਂਦਾ,
ਮਨ ਨਾ ਹੋ ਬਹਿੰਦਾ ਫਿਰ ਆਕੀ,
ਕੂਕੇ ਮਾਹੀ ! ਮਾਹੀ !! ਕਿਹੀ ਵਿਸਾਖੀ !

ਕਿਸ ਲਈ ਕੀਤਾ ਹਾਰ ਸ਼ਿੰਗਾਰ,
ਜੋਬਨ ਖਿੜਿਆ ਮਾਂਗ ਸੁਆਰ,
ਕਿਉਂ ਹੋ ਆਈ ਘਰੋਂ ਤਿਆਰ,
ਕਿਉਂ ਨਾ ਬੈਠੀ ਘਰ ਦੀ ਰਾਖੀ,
ਧੁਖਦੀ ਛਾਤੀ ਤਾਈ, ਕਿਹੀ ਵਿਸਾਖੀ !

ਰੌਣਕ ਮੇਲਾ ਮੂਲ ਨਾ ਭਾਵੇ,
ਦਿਲ ਤੜਪੇ ਤੇ ਅੱਖ ਸ਼ਰਮਾਵੇ,
ਮੈਂ ਪ੍ਰੀਤ-ਦੀਵਾਨੀ ਕੋਈ ਬੁਝ ਨਾ ਜਾਵੇ,
ਛੁਪਦਾ ਰੋਗ ਨਾ ਨਾਲ ਚਲਾਕੀ,
ਜਿਸ ਹੋਸ਼ ਭੁਲਾਈ, ਕਿਹੀ ਵਿਸਾਖੀ !

ਜਾਨ ਲੈਂਦੀ ਮਾਹੀ ਨਹੀਂ ਔਣਾ,
ਘਰ ਵਿਚ ਬਹਿੰਦੀ ਪਾ ਵਿਛੌਣਾ,
ਮਨ ਹੌਲਾ ਕਰ ਦਿੰਦਾ ਰੋਣਾ,
ਇਥੇ "ਕੋਮਲ" ਸਭ ਰਾਖੀ ਸਾਖੀ,
ਸੰਗਦੇ ਨਿਕਲਣ ਆਹੀਂ, ਕਿਹੀ ਵਿਸਾਖੀ !

ਪੋਸ਼ੇ ਮਤੀ ਜਾਨਾਨੋ

ਪੀਰਜ਼ਾਦਾ ਗ਼ੁਲਾਮ ਅਹਿਮਦ "ਮਹਿਜੂਰ" ਕਸ਼ਮੀਰ ਦੀ
ਪ੍ਰਸਿਧ ਕਵਿਤਾ ਦਾ ਅਨੁਵਾਦ

ਨੱਠ ਕਿਧਰ ਚਲੇ ਹੌਲੀ ਹੌਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।
ਉਥੇ ਹੀ ਠਹਿਰ ਜਾਵੇ ਸਜਣ,
ਮੈਨੂੰ ਛਡ ਕਿਧਰ ਧਾਵੇ ਸਜਣ,
ਪਹਿਲਾਂ ਮੇਰਾ ਉਪਾਵ ਕਰਵਾ ਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।
ਤੈਨੂੰ ਪਰਬਤ ਤੇ ਬੈਠੀ ਉਡੀਕਾਂ,
ਅੱਖੋਂ ਲਹੂ ਵਹੁੰਦਾ ਨਾਲੇ ਚੀਕਾਂ,
ਮੜ੍ਹਦੀ ਖ਼ੂਨ ਤੇਰੀ ਧੌਣ ਦੁਆਲੇ।
ਫੁੱਲਾਂ ਦੇ ਮਤਵਾਲੇ ਪ੍ਰੀਤਮ।
ਆ ਜਾ ਦਿਲ ਦਾ ਮੈਂ ਹਾਲ ਸੁਣਾਵਾਂ,
ਦੱਧੇ ਦਿਲ ਦੇ ਫਫੋਲੇ ਦਿਖਾਵਾਂ,
ਆਵਸੇਂ, ਵੱਸ ਪਈ ਜੱਮ ਜਾਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।
ਨਠਿਉਂ ਛੱਡ ਮੈਨੂੰ ਵਿਚ ਚੁਰਾਹੇ,
ਕਲੇਜੇ ਸਾਂਗ ਵਜੀ ਭੁਜਦਾ ਜਾਏ,
ਬ੍ਰਿਹਨਿ ਕਿਸ ਨੂੰ ਇਹ ਜ਼ਖ਼ਮ ਵਿਖਾਲੇ!
ਫੁੱਲਾਂ ਦੇ ਮਤਵਾਲੇ ਪ੍ਰੀਤਮ।
ਨਿਕਲ ਅਰਮਾਨ ਦਿਲ ਦੇ ਜਾਂਦੇ,
ਬਾਰ੍ਹਾਂਦਰੀ 'ਚ ਦਰਸ ਹੋ ਜਾਂਦੇ,
ਸਦਕੇ ਹੋ ਜਾਵਾਂ ਤੇਰੀ ਚਾਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।

ਟੀਸੀ ਤੇ ਚੜ੍ਹ ਤੈਨੂੰ ਪੁਕਾਰਾਂ,
ਦਿਲ ਦੇ ਮਾਲਕ ਆ ਜਿੰਦੜੀ ਵਾਰਾਂ,
ਨਠੀਂ, ਬਿਨ ਇਕਰਾਰ ਨਾ ਪਾਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।

ਲਿਖ ਲਿਖ ਗਿਲੇ ਤੈਨੂੰ ਘਲਾਂਗੀ,
ਬਹਾਨੇ ਸੁਣ ਨਾ ਪਿਆਰੋਂ ਟਲਾਂਗੀ,
ਛੱਡਾਂ ਭੁਲ ਨਾ ਲਗੀ ਪਲੇ ਨਾਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।

ਆ ਸੱਖੀ ! ਹੁਣ ਕੰਮ ਨੂੰ ਚਲੀਏ,
ਪਾਏ ਪ੍ਰੀਤਮ ਦੇ ਕਾਮਣ ਝਲੀਏ,
ਗਾਲ ਦਿੱਤਾ ਸੁ, ਮਿਹਣੇ ਜੱਗ ਦੇ ਨਾਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।

ਆ ਨੀ ਸਖੀਏ ਚਲੀਏ ਬਨ ਵਿਚ,
ਫੂਕਿਆ ਕਿਸੇ ਉਹਦੇ ਕੀ ਕੰਨ ਵਿਚ,
ਕਦੋਂ ਦੇਖਾਂਗੀ ਦਿਨ ਕਰਮਾਂ ਵਾਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।

ਕੀਤਾ ਇਸ਼ਕ ਮੈਨੂੰ ਬਦਨਾਮ,
ਮੇਰਾ ਚਰਚਾ ਸ਼ਹਿਰ ਵਿਚ ਗਾਮ,
ਮਿਹਣੇ ਸੌਂਕਣਾਂ ਦੇ ਕੰਨ ਖਾ ਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।

ਤਕੇ "ਮਹਿਜ਼ੂਰ" ਪੱਥ ਜਾਦੂਗਰ ਦਾ,
ਬੇਵਫ਼ਾ ਯਾਰੜੇ ਬਾਜ਼ੀਗਰ ਦਾ,
ਆਖੋਸੁ ਕਦ ਤਕ ਉਡੀਕਾਂ ਜੀ ਹਾਲੇ,
ਫੁੱਲਾਂ ਦੇ ਮਤਵਾਲੇ ਪ੍ਰੀਤਮ।

ਲਾਲ ਗਲਾਸ

ਪਕੇ ਲਾਲ ਗਲਾਸ,
ਬਾਗ ਮੇਰੇ ਵਿਚ ਗੋਲ ਲਾਲ।
ਭਰੇ ਭਕੁਲੇ ਝੁਕੇ ਡਾਲ,
ਰਖੇ ਮੈਂ ਸੰਭਾਲ ਸੰਭਾਲ।
ਗਲਾਸ ਲਾਲ ਲਾਲ।

ਨਿਤ ਜਾ ਇਨ੍ਹਾਂ ਦੇ ਪਾਸ,
ਹੋ ਜਾਵਾਂ ਮੈਂ ਸਗੋਂ ਉਦਾਸ।
ਮਾਹੀ ਆਉਣ ਦੀ ਹੈ ਆਸ,
ਕਿਵੇਂ ਛਕਾਂ ਢੋਲਾ ਨਹੀਂ ਪਾਸ।
ਪਕੇ ਲਾਲ ਗਲਾਸ।

ਉਡੀਕ ਥੱਕੀ ਉਹ ਨਾ ਆਏ,
ਅੱਖਾਂ ਨੇ ਦਰਸ਼ਨ ਨਾ ਪਾਏ।
ਗਿਰਨ ਲਗੇ ਤੇ ਹੋਣ ਬਿਨਾਸ,
ਅਰਮਾਨ ਕੁਠੇ ਮੈਂ ਹੋਈ ਨਿਰਾਸ।
ਪਕੇ ਲਾਲ ਗਲਾਸ।

ਓੜਕ ਮੈਂ ਭਰ ਲਈ ਟੋਕਰੀ,
ਬਸ ਵਿਚ ਚੜ੍ਹ ਕਰ ਲਈ ਟੋਕਰੀ।
ਸਾਂ ਜਾ ਰਹੀ ਪੀਆ ਦੇ ਪਾਸ,
ਦਰਸ਼ਨ ਦੇਖਣ ਦੀ ਕਰ ਆਸ।
ਪਕੇ ਲਾਲ ਗਲਾਸ।

ਸਖੀਆਂ ਚਾਰ ਮੇਰੇ ਹੋ ਨਾਲ,
ਮੈਂ ਪੜ੍ਹਦੀ ਕਵਿਤਾ ਹਰਖ ਕਮਾਲ।
ਮਾਹੀ ਦੇ ਝੱਟ ਪੁੱਜਾਂ ਪਾਸ,
ਭੇਟ ਕਰਾਂ ਮਨ ਹੋਇ ਵਿਗਾਸ।
ਪਕੇ ਲਾਲ ਗਲਾਸ।

ਹਾਏ ! ਸਿਰ੍ਹਾਣੇ ਬਾਂਹ ਸੀ ਆਈ,
ਉਖੜੀ ਨੀਂਦ ਮੈਂ ਕੁਰਲਾਈ।
ਟੋਕਰੀ ਡਿੱਠੀ ਨਾ ਸੀ ਪਾਸ,
ਉਡ ਗਏ "ਕੋਮਲ" ਹੋਸ਼ ਹਵਾਸ।
ਪਕੇ ਲਾਲ ਗਲਾਸ।

ਦੇਵ ਪਤਿ

ਦੇਵ ਪਤਿ ! ਤੇਰੀ ਯਾਦ ਸਤਾਵੇ,
ਜਗਣ ਲਾਟਾਂ ਨਿਕਲਣ ਆਹੀਂ ।
ਪ੍ਰੀਤ-ਨਸ਼ੇ ਦੀ ਅਜਬ ਖ਼ੁਮਾਰੀ,
ਤੁੱਧ ਬਿਨ ਸੁੰਜੀਆਂ ਜਾਈਂ ।
ਪ੍ਰੀਤ-ਰੀਤ ਦੀਆਂ ਮਧੁਰ ਗੱਲਾਂ,
ਮੋਹ ਲਿਆ ਮਨ ਮੇਰਾ ।
ਹੋਇ ਦੀਵਾਨੇ ਹਉਂ ਕੁਰਬਾਨੇ,
ਰੱਬ ਲਈ ਨਾ ਭੁਲ ਭੁਲਾਈਂ ।੧।

ਹੱਸ ਨਾਲ ਮੇਰੇ ਜਗ ਵਸਿਆ ਜੋ,
ਮਨ ਮੰਦਿਰ ਨਾ ਢਾਹਵੀਂ ।
ਬਣ ਮਹਿਰਮ ਦੁਖ ਸੁਖ ਦੀ ਸਾਥਣ,
ਹੁਣ ਅੱਖਾਂ ਨਾ ਪਰਤਾਵੀਂ ।
ਤਰਬ ਛੇੜ ਸੁੰਞੇ ਮਨ ਸੰਦੀ,
ਇਸ 'ਚ ਜੋ ਵੇਗ ਉਪਾਈ ;
ਪੂੱਣ ਪਾਲੀਂ ਨਾ ਸੁੰਞ ਵਿਖਾਲੀਂ,
ਮਾਲਕ ਦਾ ਭੈ ਖਾਵੀਂ ।੨।

ਭੋਲਾ ਭਾਲਾ ਤੇਰਾ ਚਿਹਰਾ,
ਰਖੀਂ ਮਨ ਤਿਵੇਂ ਉਜਾਲਾ।
ਕਾਲੇ ਸੀਨੇ ਦੀ ਥਾਂ ਦਿਲ ਨੂੰ,
ਰਖ ਸਦ ਸਫ਼ਾਈ ਵਾਲਾ।
ਕਲੀ ਰਹੀਂ ਸਧਰਾਂ ਦੀ ਬਣ ਨਿਤ,
ਹਸ ਰਖ ਜਗ ਅਬਾਦ ਮਿਰਾ;
ਮੈਂ ਕੇਵਲ ਦੀਦ ਤੇਰੀ ਦਾ ਭੁੱਖਾ,
ਬਸ ਰੱਖਾਂ ਮਨ ਮਤਵਾਲਾ।੩।

ਜੇ ਠੁਕਰਾਸੇਂ ਭੁਲ ਜਾਸੇਂ ਸਜਣੀ!
ਸਹੁੰ ਸੁਗੰਧ ਭੁਲਾ ਕੇ।
ਮੈਂ ਤਾਂ ਜਕੜ ਰਖੂੰ ਵਿਚ ਸੀਨੇ,
ਸੂਰਤਿ ਨਾਂ ਹੁਲਸਾ ਕੇ।
ਤੂੰ ਤੂੰ ਕਰਦਾ ਰੂਪ ਹੀ ਤੇਰਾ,
ਆਖ਼ਰ ਮੈਂ ਹੋ ਜਾਸਾਂ;
ਮੂਲ ਪਛਾਣ ਰੰਗ ਮਾਣ ਸਦੀਵੀ,
ਭਿ ਕੀ ਲੈਣਾ ਕੁਰਲਾ ਕੇ।੪।

ਪਰ ਇਕੋ ਮੈਨੂੰ ਗ਼ਮ ਸਤਾਵੇ,
ਮਨ ਇਸ 'ਚ ਡੁਬ ਹੈ ਜਾਂਦਾ।
ਭੋਲੀ ਸੂਰਤ ਅਰ ਕਦ ਸੱਰੂ ਪੁਰ,
ਰੂਹ ਤਰਸ ਹੈ ਖਾਂਦਾ।
ਪ੍ਰੱਣ ਕਰ ਕੇ ਸਾਖੀ ਰਖ ਦਯੁ ਨੂੰ,
ਹੈ ਮੁਕਰ ਜਾਣਾ ਪਾਪ;
ਦਿਲ ਠੁਕਰਾ ਢਾਹ ਕੇ ਘਰ ਰੱਬੀ,
ਨਾ ਸੁਖ ਕੋਇ ਹੈ ਪਾਂਦਾ।੫।

ਦਮ-ਬ-ਦਮ ਸਰਸ਼ਾਰ ਹਾਂ

ਲਿਖਿਆ ਕੀ ਤਕਦੀਰ ਮੇਰੀ ਵਿਚ,
ਦਸ ਭਲਾ ਮੈਂ ਕੀ ਕਰਾਂ,
ਦਿਲ ਤਾਂ ਚਾਹੁੰਦਾ ਹੈ ਜੀਆਂ,
ਦੁਖਣ ਲਈ ਕਿਉਂ ਦਰਕਾਰ ਹਾਂ।
ਆਉਂਦੀ ਜਦ ਯਾਦ ਹੈ,
ਪ੍ਰੀਤ ਦੀ ਸੁੰਦਰ ਕੱਥਾ,
ਬਿਰਹੋਂ ਪੀੜ ਦਿਲੇ ਵਿੱਚ ਹੁੰਦੀ,
ਸਹਿੰਦਾ ਵਾਰ ਕਟਾਰ ਹਾਂ।
ਸੀਨੇ ਖਿਚ ਨੀਂਦ ਨਾ ਨੈਣੀ,
ਲੁਛਣ ਸਿਕਣ ਸੀਨਾ ਡਾਇ,
ਜਦੋਂ ਅਸਹਿ ਹੋ ਜਾਂਦਾ ਇਹ ਕੁਛ,
ਜਾਨ ਤੋਂ ਬੇਜ਼ਾਰ ਹਾਂ।
ਰੋਗ ਐਸਾ ਚਿੰਬੜਿਆ,
ਇਸ ਦੀ ਦਵਾ ਕੇਵਲ ਵੱਫ਼ਾ,
ਪ੍ਰੀਤ-ਨਿਧ ਮਿਲਸੀ ਜਾਂ ਠੋਕਰ,
ਚਿੰਤਾ 'ਚ ਬਸ ਲਾਚਾਰ ਹਾਂ।
ਜਿਵੇਂ ਰੱਜ਼ਾ ਤੇਰੀ ਤੂੰ ਕਰ,
ਦਿਲ ਦਾ ਲਹੂ ਪੀਂਦਾ ਹੋਇਆ,
ਫਿਰ ਭੀ ਤੇਰੇ ਪਿਆਰ ਵਿੱਚ ਮੈਂ,
ਦਮ-ਬ-ਦਮ ਸਰਸ਼ਾਰ ਹਾਂ।
ਕਾਸ਼ ! ਕਰ ਕਿਰਪਾ ਦਾ ਮੱਥੇ ਤੇ,
ਮੇਰੇ ਧਰਦੇ ਹੋ ਖ਼ੁਸ਼,
ਆਖ਼ਰ ਤਾਂ 'ਕੋਮਲ' ਤੁੱਧ ਦਾ,
ਕੀਤਾ ਹੋਇਆ ਬੀਮਾਰ ਹਾਂ।

ਮੈਨੂੰ ਕਰ ਦਿਲਗੀਰ

ਆਹ ! ਛਡ ਡੀਊਟੀ ਆਇਆ ਕਿਉਂ,
ਪਛਤਾਵਾਂ ਕੀਤੀ ਭੁਲ ਤੇ ਹੁਣ,
ਹੈ ਕੰਮ ਜ਼ਰੂਰੀ ਬੋਲ ਕੇ ਝੂਠ,
ਕਾਲੀ ਕੀਤੀ ਸ਼ੁਧ ਜ਼ਮੀਰ ।

ਪਰ ਕਰਦਾ ਕੀ ?
ਧੁਖਦੀ ਅੱਗ-ਪ੍ਰੀਤ ਜੁ ਸੀ,
ਨਹੀਂ ਸੀ ਦਿੰਦੀ ਲੈਣ ਚੈਨ,
ਦਰਸ਼ਨ ਬਿਨ ਉਸ ਚਿਤ-ਚੋਰਨ ਦੇ,
ਖੁਭ ਗਿਆ ਸੀ ਤਿੱਖਾ ਤੀਰ ।

ਘਲ ਸੁਨੇਹਾ ਉਹ ਲਈ ਬੁਲਾ,
ਉਹ ਆਈ ਸਹੀ ਪਰ ਸੀ ਨਾ ਖ਼ੁਸ਼,
ਨਿਘ-ਪ੍ਰੀਤ ਦੀ ਥਾਂ ਲੈ ਉਭੇ ਸਾਹ,
ਕਾਸ਼ ! ਕਦਰ ਕਰਦੀ ਮੇਰੀ,
ਉਫ਼ ! ਕਿੰਨੀ ਭੈੜੀ ਮੇਰੀ ਤਕਦੀਰ ।

ਛੇੜੀ ਮੈਂ ਸੁਰ ਪ੍ਰੀਤ-ਸਾਜ਼ ਦੀ,
ਪਰ ਬੇਦਰਦਣ ਕਰੜਾ ਕਰ ਦਿਲ,
ਤੋੜ ਮਰੋੜ ਸੁੱਟੀ ਸੁਰ ਮਿੱਠੀ,
ਰਹਿ ਗਿਆ ਮੇਰਾ ਘੁਟਿਆ ਸਾਹ,
ਸਮਝ ਮੈਨੂੰ ਕੋਈ ਭੁੱਖਾ ਕੀਰ ।

ਉਫ਼ ! ਨਿਰਸੰਦੇਹ ਮੈਂ ਭੁੱਖਾ ਹਾਂ,
ਇਸ ਪ੍ਰੀਤ ਨਿਘ ਲਈ ਜਨਮਾਂ ਦਾ,
ਨਾ ਰਜਿਆ ਕਰ ਪਿਆਰ,
ਰੱਖਾਂ ਪਿੰਜਰ ਵਿੱਚ ਕਵੀ ਦਾ ਦਿਲ,
ਜੋ ਪ੍ਰੀਤ ਵਿੱਚ ਹੁੰਦਾ ਰਿਹਾ ਅਸੀਰ ।

ਵੇਖਾਂ ਨੈਣਾਂ ਉਸ ਦਿਆਂ 'ਚ ਮੈਂ,
ਵਸਿਆ ਕਾਦਰ ਕੁਦਰਤਿ ਅੰਦਰ,
ਤਨ ਰੱਬ-ਮੰਦਰ ਸੁੰਦਰ ਉਸ ਦਾ,
ਹੈ ਜਿਸ ਵਿਚ ਰਹਿੰਦਾ ਉਹ ਆਪ,
ਹੁਸਨ ਜਵਾਨੀ ਦੇ ਪਾ ਚੀਰ ।

ਕਾਸ਼ ! ਉਹ ਲੈਂਦੀ ਸਮਝ ਹਕੀਕਤ,
ਪਰੀਤ ਦੀ ਰੀਤ ਹੈ ਕਿਵੇਂ ਨਿਰਾਲੀ,
ਸਭ ਤੋਂ ਚੰਗੀ ਨਾਲੇ ਸੁੰਦਰ,
ਪਰ ਉਹ ਤਾਂ ਹੈ ਗੋਰੀ ਕੋਰੀ,
ਇਸ ਪ੍ਰੀਤ ਵਲੋਂ, ਜੋ ਹੈ ਅਕਸੀਰ ।

ਕੁਝ ਕੁ ਸਮਾਂ ਬਹਿ ਅੱਖਾਂ ਸਾਹਵੇਂ,
ਦਿਲੇ ਦੀਆਂ ਲਏ ਦਏ ਬਿਨਾਂ ਹੀ,
ਬਿਨ ਛੇੜੇ ਤੇ ਸਤਾਏ ਮਨਾਏ,
ਛਡ ਗਈ ਮੈਨੂੰ ਕਰ ਦਿਲਗੀਰ ।

ਦੁਖ ਪਈ ਜਿੰਦੜੀ ਧੁਖ ਪਈ ਛਾਤੀ,
ਹੋਸ਼ ਉਡੀ ਦਿਲ ਕਰੇ ਪੁਕਾਰ,
ਦੇਵ ਪਤੀ ! ਨਾ ਭੁਲ ਇਕਰਾਰ,
ਅੱਖਾਂ 'ਚੋਂ ਬਦਲ ਸਮ ਵਰ੍ਹਿਆ,
"ਕੋਮਲ" ਆ-ਮੁਹਾਰਾ ਨੀਰ ।

ਦੀਦਾਰ ਮੰਗਦੇ ਹਾਂ

ਕਿਸੀ ਨੇ ਉਹਨੂੰ ਸਮਝਾਇਆ ਤਾਂ ਹੁੰਦਾ।
ਪੱਥਰ-ਦਿਲ ਬਣਨ ਤੋਂ ਹਟਾਇਆ ਤਾਂ ਹੁੰਦਾ।

ਕਟਾਰਾਂ ਸਾਣ ਚੜ੍ਹੀਆਂ ਦਾ ਜਿਗਰ ਤੇ ਵਾਰ ਕਰ ਦੇਣਾ।
ਜ਼ਖ਼ਮ ਡੂੰਘੇ ਲਗਾ ਕੇ ਇਸ਼ਕ ਦਾ ਬੀਮਾਰ ਕਰ ਦੇਣਾ।
ਕੀਤੇ ਬੀਮਾਰ ਨੂੰ ਆਹ! ਬਚਾਇਆ ਤਾਂ ਹੁੰਦਾ।
ਪੱਥਰ-ਦਿਲ ਬਣਨ ਤੋਂ ਹਟਾਇਆ ਤਾਂ ਹੁੰਦਾ।

ਹੁਸਨ ਭੀ ਥਿਰ ਨਹੀਂ ਰਹਿਣਾ, ਜਵਾਨੀ ਭੀ ਨਾ ਸਦ ਸੰਗ ਹੈ।
ਇਹ ਸੁੰਦਰ ਅੰਗ ਬਦਲਣਗੇ, ਨਾ ਰੋਮਾਂ ਦਾ ਭੀ ਥਿਰ ਰੰਗ ਹੈ।
ਇਹ ਸਭ ਕੁਝ ਉਹਦੀ ਸਮਝ ਆਇਆ ਤਾਂ ਹੁੰਦਾ।
ਪੱਥਰ-ਦਿਲ ਬਣਨ ਤੋਂ ਹਟਾਇਆ ਤਾਂ ਹੁੰਦਾ।

ਕਤਲ ਕਰ ਦੇਣਾ ਚੰਗਾ ਹੈ, ਤੜਪਨਾ ਨਿੱਤ ਹੀ ਮਰਨਾ ਹੈ।
ਸਾਰੇ ਦੁਖ ਸਹਿ ਲੈਣੇ ਸੌਖੇ, ਔਖਾ ਬਿਰਹੋਂ ਨੂੰ ਜਰਨਾ ਹੈ।
ਇਸ ਸੱਚ ਨੂੰ ਉਹਨੇ ਅਜ਼ਮਾਇਆ ਤਾਂ ਹੁੰਦਾ।
ਪੱਥਰ-ਦਿਲ ਬਣਨ ਤੋਂ ਹਟਾਇਆ ਤਾਂ ਹੁੰਦਾ।

ਮੁਰਝਾਏ ਜੋਬਨ ਨਾਲ ਹੀ ਅਰਮਾਨ ਮੁਕ ਜਾਂਦੇ।
ਜੜ੍ਹਾਂ ਵੱਢਣ ਦੇ ਜਿਵੇਂ ਨਾਲ ਹੀ ਬ੍ਰਿਛ ਡਾਲ ਸੁਕ ਜਾਂਦੇ।
ਪ੍ਰੀਤ-ਜਲ ਸੰਗ ਹਰਿਆ ਰਖਾਇਆ ਤਾਂ ਹੁੰਦਾ।
ਪੱਥਰ-ਦਿਲ ਬਣਨ ਤੋਂ ਹਟਾਇਆ ਤਾਂ ਹੁੰਦਾ।

ਬਸ ਇਕ ਪਿਆਰ ਦੇ ਬਦਲੇ, ਅਸੀਂ ਇਕ ਪਿਆਰ ਮੰਗਦੇ ਹਾਂ।
ਧਨ ਦੌਲਤ ਨਾ ਐ ਸਰਕਾਰ! ਤੇਰਾ ਦੀਦਾਰ ਮੰਗਦੇ ਹਾਂ।
ਪਰਦਾ ਚੁਕ "ਕੋਮਲ" ਮੁਖੜਾ ਦਿਖਾਇਆ ਤਾਂ ਹੁੰਦਾ।
ਪੱਥਰ-ਦਿਲ ਬਣਨ ਤੋਂ ਹਟਾਇਆ ਤਾਂ ਹੁੰਦਾ।

ਬੁੱਮ ਵਿੱਥ ਨਿਯੂਨਖੋ

[ਪ੍ਰਸਿਧ ਕਸ਼ਮੀਰੀ ਕਵਿਤ੍ਰੀ ਮਲਕਾ ਹੱਬਾ ਖ਼ਾਤੂਨ ਦੀ ਪ੍ਰਸਿਧ ਗੀਤ ਦਾ ਅਨੁਵਾਦ]

ਤੈਨੂੰ ਕਿਹੜੀ ਸੌਂਕਣ ਮੇਰੀ ਭਰਮਾ ਲੈ ਗਈ,
ਮੇਰ ਨਾਲ ਘਿਰਣਾ ਕਿਉਂ ਤੇਰੀ ਹੋਈ!
ਗੁੱਸਾ ਛਡੋ ਪੀਆ! ਰੋਸਾ ਛਡੋ ਜੀ,
ਕੇਵਲ ਆਸ ਮੈਨੂੰ ਜੁ ਤੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਖਿਲੇ ਨੇ ਸਤ ਫੁੱਲ ਬਾਗ਼ ਮੇਰੇ ਵਿੱਚ,
ਕਿੱਥੇ ਬੈਠੋਂ ਮੇਰਾ ਧਿਆਨ ਤੇਰੇ ਵਿੱਚ,
ਹੈ ਆਸ ਤੂੰ ਮੇਰਾ, ਮੈਂ ਜੁ ਤੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਰਖਿਆ ਅੱਧੀ ਰਾਤੀਂ ਮੈਂ ਬੂਹਾ ਖੋਲ੍ਹ,
ਵਿਹੜੇ ਵਿਚ ਲਾਲ ਮੇਰੇ ਆ ਜਾ ਕੋਲ,
ਕਿਉਂ ਪਥ ਭੁਲੇ ਭੁਲ ਕੀ ਮੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਸਹੁੰ ਤੇਰੀ ਤੁਧ ਲਈ ਤਨ ਸਾਫ਼ ਰਖੇਂਦੀ,
ਹਾਰ ਸ਼ਿੰਗਾਰ ਕਰ ਬਣ ਬਣ ਮੈਂ ਬਹਿੰਦੀ,
ਜਵਾਨੀ ਤੇਰੇ ਸਹਾਰੇ ਜੁ ਮੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਤੀਰ ਅੰਦਾਜ਼ ਹੈਂ ਜੋ ਤੀਰ ਚਲਾਂਦਾ,
ਸੀਨਾ ਮੇਰਾ ਹੈ ਅਗੇ ਵਧ ਤੀਰ ਖਾਂਦਾ,
ਜਾਨ ਪੋਰੀ ਪੋਰੀ ਇਹ ਮੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਸਾਵਣ ਦੀ ਹਿਮ ਵਤ ਦੇਹ ਹੈ ਪਿਘਲੀ,
ਜੋਬਨ-ਕਲੀ ਫੁਲ "ਹੀ" ਸਮ ਹੈ ਖਿਲੀ,
ਮਾਣ ਇਹ ਨੂੰ ਫੁਲਵਾੜੀ ਤੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਲਭ ਲਭ ਥੱਕੀ ਗਿਰ ਤੇ ਬਨਾਂ ਵਿੱਚ,
ਮਿਲਿਆ ਨਾ ਪ੍ਰੀਤਮ ਕਿਤੇ ਬਨਾਂ ਵਿੱਚ,
ਭੋਜਨ ਰੋਲੋ, ਇੱਛਾ ਕੀ ਤੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਛਮ ਛਮ ਰੋਵਾਂ ਹੋਸ਼ ਮੈਂ ਖੋਵਾਂ,
ਪੀਅ! ਤੂੰ ਹੋਵੇਂ ਕੋਲ ਤੇਰੇ ਮੈਂ ਹੋਵਾਂ,
ਭੁਲੀ ਕੀ! ਕਿਉਂ ਭਾਲ ਨਾ ਮੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਦਾਗ਼ ਲਗਾ ਜਦ ਦੇ ਗਏ ਛੋੜ ਹੋ,
ਇਉਂ ਜਾਪੇ ਗਏ ਧੌਣ ਮਰੋੜ ਹੋ,
ਦੁਖੀ ਰਹਾਂ, ਦਾਗ਼ ਉਸ 'ਚ ਘੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਪੌਣ-ਬਸੰਤ ਨੂੰ ਨ ਹਾਲ ਸੁਣਾਇਆ।
ਰਹੇ ਦੁਖ ਜਿਗਰ 'ਚ ਜਿਸ ਸਤਾਇਆ,
ਤੈਂ ਬਿਨ ਸਾਰ ਨਾ ਲਏ ਮੇਰੀ ਕੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਐ ਲਾਲ ! ਸਹੁੰ ਤੇਰੀ ਸੱਚ ਸੁਣਾਵਾਂ,
ਚੰਨ-ਮੁਖ ਪਤਨ ਤੇ ਸਦਾ ਲੁਕਾਵਾਂ,
ਸੀਤਲ ਤਨ ਕਰ, ਹਾਂ ਗ਼ਮਾਂ ਘੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਅੱਖਾਂ ਬਦਾਮੀ ਤੋਂ ਮੈਂ ਲਹੂ ਵਰਸਾਵਾਂ,
ਕਾਸ਼ ! ਤੂੰ ਆਵੇਂ ਤੇਰੇ ਦਰਸ਼ਨ ਪਾਵਾਂ,
ਸਦ ਦੁਖਾਂ, ਲਹੂ ਜਿਗਰ ਕੇਰੀ ਹੋਈ।
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਭੁੱਬਲ ਦਿਲ ਮੇਰੇ ਤੇ ਪਾ ਨੱਠ ਕੇਹੇ ਗਏ,
ਜਾਨ ਤੋਂ ਰੋਲੀ, ਦਿਨ ਆ ਕੇਹੇ ਗਏ।
ਜਿੰਦੜੀ ਮੁਰ ਸੱਧਰਾਂ ਵਿਚ ਘੇਰੀ ਹੋਈ,
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਸ਼ੋਕ ਕਰੇ "ਹੱਬ ਖ਼ਾਤੂਨ" ਹੋ ਸ਼ਰਮਿੰਦੀ,
ਉਹ ਦੀ ਨਾ ਬੰਦਗੀ, ਕੀਤੀ ਹੋ ਬੰਦੀ,
ਦਿਹੁੰ ਛੁਪੇ ਹਾਏ ! ਉਮਰ ਵਡੇਰੀ ਹੋਈ,
ਮੇਰੇ ਨਾਲ ਘਿਰਣਾ ਕਿਉਂ ਤੇਰੀ ਹੋਈ!

ਮੇਰਾ ਚੰਨ

ਸਧਰ ਨਾਲ ਹੀ ਤੱਕਦਾ ਰਹਿ ਗਿਆ।
ਮੇਰਾ ਚੰਨ ਬਦਲੀ ਵਿੱਚ ਲਹਿ ਗਿਆ।

ਚੁੱਕ ਹੱਥ ਨਾ ਸਕਿਆ ਫੜ੍ਹ ਸਾਂ,
ਜ਼ਿੰਦ ਹੁੰਦਿਆਂ ਹੋ ਗਿਆ ਜੜ੍ਹ ਸਾਂ।
ਹੱਥ ਮਲਦਾ ਤੜਫਦਾ ਬਹਿ ਗਿਆ।
ਮੇਰਾ ਚੰਨ ਬਦਲੀ ਵਿੱਚ ਲਹਿ ਗਿਆ।

ਗਏ ਕੋਹੇ ਜਜ਼ਬੇ ਅਰਮਾਨ ਕੁਲ।
ਵਾਂਗ ਬੁੱਤ ਖੁਲ੍ਹੀ ਨਾ ਜ਼ਬਾਨ ਬੁਲ,
ਪ੍ਰੀਤ-ਛੋਹ ਤੋਂ ਸਖਣਾ ਰਹਿ ਗਿਆ।
ਮੇਰਾ ਚੰਨ ਬਦਲੀ ਵਿੱਚ ਲਹਿ ਗਿਆ।

ਸੁੰਦਰ ਛਬਿ ਅੱਦਾ ਭਰਪੂਰ ਉਹ।
ਚਮਕ ਦਮਕ ਮੂਰਤਿ ਪੁਰ-ਨੂਰ ਉਹ।
ਮੂੰਹੋਂ ਬੋਲ ਮਧੁਰ ਨਾ ਕਹਿ ਗਿਆ।
ਮੇਰਾ ਚੰਨ ਬਦਲੀ ਵਿੱਚ ਲਹਿ ਗਿਆ।

ਨੈਣ ਗੱਡ ਨੈਣੀਂ ਐਪਰ ਹੱਸ ਤੁਰੇ।
ਹੱਸ ਤੀਰ ਬ੍ਰਿਹੋਂ ਸੀਨੇ ਕੱਸ ਤੁਰੇ।
"ਕੋਮਲ" ਚਿੰਨ੍ਹ ਪ੍ਰੀਤ ਸਮਝ ਸਹਿ ਗਿਆ।
ਮੇਰਾ ਚੰਨ ਬਦਲੀ ਵਿੱਚ ਲਹਿ ਗਿਆ।

ਦਾਰੂ ਰਹਿਤ ਰੋਗ

ਸਖੀ ਨੀ! ਇਹ ਕੀ ਗ਼ਮ ਆ ਪਿਆ,
ਸਜਣ ਰੁਠ ਮੇਰਾ ਕਿਧਰ ਧਾ ਗਿਆ।
ਉਹ ਰੁਠ ਕੇ ਨਠ ਭਠਿ ਪਾ ਗਿਆ,
ਦਾਰੂ ਰਹਿਤ ਰੋਗ ਲਗਾ ਗਿਆ!

ਸਾਵਣ ਬਰਸਣ-ਹਾਰਾ ਆਇਆ,
ਮੋਰਾਂ ਖ਼ੁਸ਼ ਹੋ ਪਾਇਲ ਪਾਇਆ,
ਪਰ ਪਪੀਹੇ ਸਮ ਦਿਲ ਮੇਰਾ,
ਗੀਤ ਬਿਰਹਾ ਦੇ ਗਾ ਰਿਹਾ।
ਸਖੀ ਨੀ! ਇਹ ਕੀ ਗ਼ਮ ਆ ਪਿਆ!
ਸਜਣ ਰੁਠ ਮੇਰਾ ਕਿਧਰ ਧਾ ਗਿਆ!

ਸਖੀਆਂ ਖ਼ੁਸ਼ ਹੋ ਪੀਂਘਾਂ ਪਾਣ।
ਪੂੜੇ ਖੀਰਾਂ ਦੇ ਆਹੂ ਲਾਣ।
ਬਣ ਤਣ ਰਹਿਣ ਸੇਜ ਹੰਢਾਣ।
ਸੁਖ ਚੈਨ ਮੇਰਾ ਖੰਭ ਲਾ ਗਿਆ।
ਸਖੀ ਨੀ! ਇਹ ਕੀ ਗ਼ਮ ਆ ਪਿਆ!
ਸਜਣ ਰੁਠ ਮੇਰਾ ਕਿਧਰ ਧਾ ਗਿਆ!

ਮੀਂਹ ਨੇ ਠੰਢ ਹਰ ਥਾਂ ਵਰਤਾਈ,
ਹਰ ਪਾਸੇ ਹਰਿਆਵਲ ਛਾਈ,
ਪਰ ਅੱਕ ਦੇ ਸਮ ਮੈਂ ਤੇ ਹਾਏ !
ਉਲਟਾ ਹੀ ਸੋਕਾ ਛਾ ਗਿਆ,
ਸਖੀ ਨੀ ! ਇਹ ਕੀ ਗ਼ਮ ਆ ਪਿਆ !
ਸਜਣ ਰੁਠ ਮੇਰਾ ਕਿਧਰ ਧਾ ਗਿਆ !

ਬੋਲ ਸਕਾਂ ਨ ਦਿਲ ਖੋਲ੍ਹ ਸਕਾਂ ਨ,
ਜਿੰਦ ਰੋਲਾਂ ਪ੍ਰੀਤ ਘੋਲ ਸਕਾਂ ਨ,
ਇਕ ਬਿਨ ਦੂਜਾ ਭਾਵੇ ਨਾਹੀਂ,
ਹਾਏ ! ਜਿੰਦੜੀ ਨੂੰ ਘੁਣ ਲਾ ਗਿਆ,
ਸਖੀ ਨੀ ! ਇਹ ਕੀ ਗ਼ਮ ਆ ਪਿਆ !
ਸਜਣ ਰੁਠ ਮੇਰਾ ਕਿਧਰ ਧਾ ਗਿਆ !

ਕਾਸ਼ ! ਉਹ ਆਵਣ ਦਰਸ਼ਨ ਪਾਵਾਂ,
ਪਕੜ ਚਰਨ ਮੈਂ ਭੁਲ ਬਖ਼ਸ਼ਾਵਾਂ,
ਮਿਠੜਾ ਬੋਲਾਂ ਘੋਲ ਘੁਮਾਵਾਂ,
"ਕੋਮਲ" ਦਿਲ ਦੇ ਤਖ਼ਤ ਬਹਾ ਲਿਆ।
ਸਖੀ ਨੀ! ਇਹ ਕੀ ਗ਼ਮ ਆ ਪਿਆ !
ਸਜਣ ਰੁਠ ਮੇਰਾ ਕਿਧਰ ਧਾ ਗਿਆ !

ਉਹ ਰੁਠ ਕੇ ਨੱਠ ਭਠਿ ਪਾ ਗਿਆ।
ਦਾਰੂ ਰਹਿਤ ਰੋਗ ਲਗਾ ਗਿਆ।

ਬਿਰਹੀ

ਭੈੜੀ ਅੱਗ ਵਿਛੋੜੇ ਦੀ ਭਖੇ ਨਿਸ ਦਿਨ,
ਬਿਰਹੀ ਭੁਜਦੇ ਵਾਂਗ ਕਬਾਬ ਇਸ ਵਿੱਚ।

ਛਾਤੀ ਧੁਖਦੀ ਸੁਲਗਦੀ ਵਾਂਗ ਭੱਠੀ,
ਸਹਿੰਦਾ ਜਿਸਮ ਅਕਹਿ ਇਜ਼ਾਬ ਇਸ ਵਿੱਚ।

ਪ੍ਰਿਆ! ਪ੍ਰਿਆ!! ਸਦਾ ਕੂਕਣ ਵਾਂਗ ਚਾਤ੍ਰਿਕ,
ਕਾਸ਼! ਮੇਲ ਹੁੰਦਾ ਵਿੱਚ ਖ਼੍ਵਾਬ ਇਸ ਵਿੱਚ।

ਤਰਸਨ ਦਰਸ਼ਨ ਨੂੰ ਵਾਂਗ ਚਕੋਰ ਅੱਖਾਂ,
ਛੁਪ ਰਹੇ ਮਸਿਆ ਵਾਂਗ ਮਹਿਤਾਬ ਇਸ ਵਿੱਚ।

ਸਜਲ ਰਹਿਣ ਅੱਖਾਂ ਘੱਟਾਂ ਕਾਲੀਆਂ ਸਮ,
ਟਕਰ ਬਿਰਹੋਂ-ਗਿਰ ਸੰਗ, ਵਰ੍ਹਣ ਸਦਾ ਸਾਵਣ।

"ਕੋਮਲ" ਕਦੀ ਭੜਕੇ ਅੱਗ ਕਦੀ ਪਾਲਾ,
ਇਨ੍ਹਾਂ ਸੰਗ ਬਿਰਹੀ ਜਿਸਮ ਸਦਾ ਤਾਵਣ।

ਅੰਡਾ ਨਹੀਂ ਖਾਣਾ

ਰੱਬ ਦੇ ਹੁਕਮ ਵਿਰੁਧ ਅਮਲ ਕਰਨ ਕਾਰਨ,
ਸੁਰਗੋਂ ਬਾਬਾ ਆਦਮ ਸੁਟਿਆ ਬਾਹਰਿ,
ਅਬਲੀਸ ਸ਼ੈਤਾਨ ਅਖਵਾਇਆ,
ਆਦਮ ਦਾ ਬੇਟਾ ਆਦਮੀ,
ਸ਼ੈਤਾਨ ਨੂੰ ਸੱਪ ਸਮਝ ਹੈ ਅਜ ਤੀਕ ਮਾਰਦਾ,
ਭਈ ਇਸ ਸੀ ਆਦਮ ਭੁਲਾਇਆ।
ਸਹੁੰਆਂ ਦੀ ਪਰਵਾਹ ਨਾ ਕਰਨੀ,
ਪੱਥਰ-ਦਿਲ ਬਣ ਦਿਲ ਠੁਕਰਾਣਾ,
ਅੰਡਾ ਨਹੀਂ ਖਾਣਾ।
ਯੂਸਫ਼ ਵੇਖ ਹੁਸਨ ਆਪਣਾ ਕੀਤਾ ਹੰਕਾਰ,
ਰੱਬ ਨੂੰ ਪਰ ਹੰਕਾਰ ਨਾ ਭਾਇਆ,
ਉਹਨੂੰ ਚੁਕ ਭਾਈਆਂ ਖੂਹ 'ਚ ਪਾਇਆ,
ਅਖੇ ਹੈ ਬਘਿਆੜ ਉਹਨੂੰ ਖਾ ਗਿਆ,
ਕਢਿਆ ਤਾਜਰਾਂ ਖੂਹ 'ਚੋਂ ਬਾਹਰਿ,
ਯੂਸਫ਼ ਮਿਸਰ ਬਜ਼ਾਰ ਵਿਕਾਇਆ।
ਤਰਲੇ ਲੈਂਦੇ ਪਰਵਾਹ ਨਾ ਕਰਨੀ,
ਉਲਟਾ ਮਗ਼ਜ਼ ਖਪਾਣਾ, ਮੂੰਹ ਸੁਜਾਣਾ।
ਸ਼ਕੁੰਤਲਾ ਵਿੱਚ ਯਾਦ-ਪ੍ਰਿਆ ਦੇ ਗਰਕ ਸੀ,
ਕੀਤੀ ਨਾ ਪਰਵਾਹ ਉਸ ਜਦ ਰਿਸ਼ੀ ਦੀ,
ਦੇ ਕੇ ਰਿਸ਼ੀ ਸਰਾਪ ਸੀ ਇਉਂ ਆਖਿਆ,
ਡੁਬੀ ਹੈਂ ਵਿੱਚ ਪਿਆਰ ਕੁੜੀਏ ਜਿਸ ਦੇ,
ਤੈਨੂੰ ਉਹ ਦੁਖਯੰਤ ਦੇਵੇਗਾ ਭੁਲਾ,
ਸ਼ਕੁੰਤਲਾ ਫਲ ਲਾਪਰਵਾਹੀ ਦਾ ਪਾਇਆ।
ਤੂੰ ਅਰਜ਼ਾਂ ਦੀ ਪਰਵਾਹ ਨਾ ਕਰਨੀ,

ਉਲਟਾ ਰੁਸ ਜਾਣਾ ਦਿਲ ਦੁਖਾਣਾ ।
ਭਾਵੇਂ ਪ੍ਰੀਤ 'ਚ ਲਾਪਰਵਾਹੀ ਬੁਰੀ ਏ,
ਜੋ ਮਰਜ਼ੀ ਈ ਕਰ ਤੇਰੀ ਖ਼ੈਰ ਮੰਗਾਂਗਾ,
ਮੁਹੱਬਤ ਕਿਉਂਕਿ ਅੱਖਾਂ ਤੋਂ ਹੈ ਵਾਂਝੀ,
ਅੱਖ ਨਾਲ ਨਹੀਂ ਦਿਲ ਨਾਲ ਉਹ ਵੇਖੇ,
ਮੁਹੱਬਤ ਦਾ ਸੁੰਦਰ ਪਹਿਰਾਵਾ ਨੇ ਅਥਰੂ,
ਸੋ ਦੁਖਣਾ ਰੋਣਾ ਅਸਾਂ ਪਲੇ ਪਾਇਆ ।
ਪ੍ਰੀਤ ਸਦਾ ਅਮਰ ਤੇ ਸ਼ੁਅਲਾ ਇਸ ਦਾ,
ਕਦੀ ਬੁਝ ਨਾ ਜਾਣਾ,
ਪ੍ਰੀਤ ਹਕੀਕਤ ਸਮਝ ਪ੍ਰੀਤ ਹੈ ਸਕਦੀ,
ਜੋ ਸ਼ੈ ਉੱਤਮ ਧਰਤੀ-ਨੱਭ ਅੰਦਰ,
ਉਸ ਤੋਂ ਪ੍ਰੀਤ ਚੰਗੀ ਉਸ ਤੋਂ ਸੁੰਦਰ,
ਪ੍ਰੀਤ ਦੀ ਗ਼ਜ਼ਾ ਹੈ ਪ੍ਰੀਤ ਹੀ ਕੇਵਲ,
ਪ੍ਰੇਮੀ ਹਾਸਲ ਕਰਨ ਜਿਸ ਨੂੰ ਨਜ਼ਾਰੇ ਤੋਂ
ਪ੍ਰੀਤ ਦੇ ਜਾਣੂ ਨੇ ਹੀ ਭੇਤ ਰੱਬ ਦਾ ਪਾਇਆ,
ਕਿਉਂਕਿ ਹੈ ਮੁਹੱਬਤ ਖ਼ੁਦਾ ।
ਔਖਾ ਇਹਨੂੰ ਲੁਕਾਣਾ, ਛੁਪਾਣਾ ।
ਦੁੱਧ ਪੀਣੇ ਮਜਨੂੰ ਕੀ ਜਾਣਨ ਪ੍ਰੇਮ ਨੂੰ,
ਚੋਣਾ ਹੈ ਔਖਾ ਲਹੂ ਦਿਲ ਦਾ ਭਰ ਕਾਸਾ,
ਪਰ ਐ ਪ੍ਰੀਤ ! ਤੇਰਾ ਤੀਰ ਹੈ ਬੇਪਨਾਹ,
ਦਿਲ ਸਦਾ ਲਈ ਹੈ ਜ਼ਖ਼ਮੀ ਹੋ ਜਾਂਦਾ,
ਆਹ ! ਪਰ ਜਾਣ ਸਕਣ ਉਹ ਹੀ,
ਜਿਨ੍ਹਾਂ ਜ਼ਖ਼ਮਾਂ ਸੰਗ ਦਿਲ ਚੂਰ ਕਰਾਇਆ,
ਪਿਆਰ 'ਚ ਪੈਣਾ ਰੋਗ ਲਗਾਣਾ,
"ਕੋਮਲ" ਲਹੂ ਪੀਣਾ ਖਾਣਾ, ਅੰਡਾ ਨਹੀਂ ਖਾਣਾ ।

ਬੇ-ਬਸੀ

ਜਦ ਵੇਖੀ ਪ੍ਰਿਆ ਉਮਡ ਪਿਆ ਜੀਆ,
ਚੁਕ ਲਾਂ ਹੀਆ, ਤੜਪ ਰਹਿ ਗਿਆ ਮੈਂ।
ਅੱਖਾਂ ਚਾਰ ਹੋਈਆਂ ਚਾਰ ਹੀ ਰੋਈਆਂ,
ਅੱਖਾਂ ਰਾਹੀਂ ਪ੍ਰਣਾਮ ਵਹਿੰਦਾ ਰਹਿ ਗਿਆ ਮੈਂ।
ਹਿਲ ਕਦਮ ਪਿਆ ਹੋਇਆ ਸਿਲ ਜਿਹਾ,
ਦਿਲ 'ਚ ਦਿਲ ਦੀਆਂ ਲੈ ਸਹਿੰਦਾ ਸਹਿ ਗਿਆ ਮੈਂ।
ਉਹਦੀ ਚਾਲ ਨਿਢਾਲ ਤਕ ਸਾਂਗ ਵਜੀ,
ਅੱਖਾਂ ਰਾਹੀਂ ਬੇ-ਬਸੀ ਵਹਿੰਦਾ ਰਹਿ ਗਿਆ ਮੈਂ।
ਉਫ਼! ਉਹ ਸਮਾਂ ਭੀ ਚੰਗਾ ਸੀ ਭਾਗ ਭਰਿਆ,
ਜਦੋਂ ਨਾਲ ਪ੍ਰਿਆ ਹਰ ਦਮ ਹੋਂਵਦਾ ਸਾਂ।
ਬਿਨਾਂ ਝਿਜਕ ਦਿੰਦਾ ਲੈਂਦਾ ਦਿਲ ਦੀਆਂ ਸਾਂ,
ਵੇਖ ਖ਼ੁਸ਼ੀ ਉਹਨੂੰ ਖ਼ੁਦ ਖ਼ੁਸ਼ ਹੋਂਵਦਾ ਸਾਂ।
ਕੇਹੀ ਭੈੜੀ ਵਰਤੀ ਹਿਲੀ ਦਿਲ-ਧਰਤੀ,
ਉਡੇ ਹੋਸ਼ ਹਵਾਸ ਆ ਪਏ ਤਰਾਸ ਮਾਨੋ।
ਛਾਤੀ ਦਰਦ ਚੁਠੇ ਮਾਨੋ ਗਏ ਕੁਠੇ,
ਜਾਪੇ ਨਿਕਲਦੇ ਨੇ ਹੁਣੇ ਸਾਸ ਮਾਨੋ।
ਘੜੀ ਗਿਰਦ ਆਈ ਪੈ ਗਈ ਜਮ-ਫਾਹੀ,
ਹੋਣ ਜੰਗਲਾਂ 'ਚ ਲੱਗਾ ਵਾਸ ਮਾਨੋ।
ਹੱਡ ਜਲਣ ਐਵੇਂ, ਲਕੜਾਂ ਧੁਖਣ ਜਿਵੇਂ,
ਜਲਦੇ ਕੇਸ ਜਾਪਣ ਸਮ ਘਾਸ ਮਾਨੋ।
ਵਰ੍ਹੇ ਨੈਣ ਚਕਰ ਪੈਣ, ਧੁੰਦ ਛਾਈ,
ਉਡੇ ਹੋਸ਼ ਦਿਲ ਥੰਮਿਆ ਰਹਿ ਗਿਆ ਸਾਂ।
ਪੈਂਦਾ ਝਾਵਲਾ ਪਿੱਠ ਦਾ ਅੱਖੀਆਂ ਤੇ,
ਜਦੋਂ ਤੀਕ ਰਿਹਾ, ਪਿੱਛੋਂ ਵਹਿ ਗਿਆ ਸਾਂ।

ਖ਼ਤ

ਜਾ ਕੇ ਖ਼ਤ ਨਹੀਂ ਪਾਇਆ ਵੇ,
ਸੋਹਣਿਆ ! ਚਿਰ ਕਿਉਂ ਏਨਾ ਲਾਇਆ ।
ਮੈਥੋਂ ਭੁਲ ਕੀ ਹੋਈ ਜੀ,
ਪ੍ਰੀਤਮਾ ! ਮੈਨੂੰ ਜੁ ਵਿਲੋਂ ਭੁਲਾਇਆ ।

ਯਾਦ ਤੇਰੀ ਨਿਤ ਰਹੇ ਸਤਾਂਦੀ,
ਬਿਨ ਜਲ ਮਛਲੀ, ਰਹੇ ਤੜਪਾਂਦੀ ।
ਕਾਸ਼ ! ਤੇਰੀ ਪਾਤੀ ਆ ਜਾਂਦੀ,
ਚੁੰਮ ਚੁੰਮ ਰੱਖਦੀ ਛਾਤੀ ਲਾਂਦੀ ।
ਖ਼ਤ ਮੁਲਾਕਾਤ ਹੈ ਅੱਧੀ ਵੇ,
ਮਾਹੀ ! ਇਹ ਦਾਨਿਆਂ ਹੈ ਫ਼ੁਰਮਾਇਆ ।
ਜਾ ਕੇ ਖ਼ਤ ਨਹੀਂ ਪਾਇਆ ਵੇ,
ਸੋਹਣਿਆ ! ਚਿਰ ਕਿਉਂ ਏਨਾ ਲਾਇਆ ।

ਪੜ੍ਹ ਸੰਬੋਧਨ ਖਿੜਦੀ ਵਾਂਗ ਫੁੱਲ,
ਮਿਟਦੀ ਬਿਰਹਾ-ਅੱਗ ਚੁਭੇ ਸਾਂਗ ਤੁਲ ।
ਰੋਣੇ ਹਟਦੇ ਭੁਲਦੀਆਂ ਆਹੀਂ,
ਸੁਖ ਦੇ ਸਾਹ ਲੈ, ਦਿੰਦੀ ਦੁਆਈਂ ।
ਰੱਤੀ ਖ਼ਿਆਲ ਨਾ ਕੀਤਾ ਵੇ,
ਪ੍ਰੀਤਮਾ ! ਇਹ ਕੀ ਖੇਲ ਰਚਾਇਆ ।
ਜਾ ਕੇ ਖ਼ਤ ਨਹੀਂ ਪਾਇਆ ਵੇ,
ਸੋਹਣਿਆ ! ਚਿਰ ਕਿਉਂ ਏਨਾ ਲਾਇਆ ।

ਡਾਕੀਏ ਨੂੰ ਨਿਤ ਤਕਦੀ ਰਹਿੰਦੀ,
ਪੁਛ ਪੁਛ ਕੇ ਝਕਦੀ ਰਹਿੰਦੀ।
ਉਹ ਭੈੜਾ "ਨਹੀਂ ਆਈ" ਆਖਦਾ,
ਦਿਲ ਕਿਤੇ ਵਲ ਧਾਈ ਜਾਪਦਾ।
ਹੋ ਦੁਖੀਆ ਮੈਂ ਚੀਕਾਂ ਵੇ,
ਮਾਹੀ ਕਿਉਂ ਪੱਥਰ ਚਿਤ ਬਣਾਇਆ।
ਜਾ ਕੇ ਖ਼ਤ ਨਹੀਂ ਪਾਇਆ ਵੇ,
ਸੋਹਣਿਆ ! ਚਿਰ ਕਿਉਂ ਏਨਾ ਲਾਇਆ।

ਕੀ ਕਹਿ ਗਿਉਂ ਕੀ ਜਾ ਕੀਤੋਈ,
ਰੱਬ ਦਾ ਭੀ ਡਰ ਨਾ ਕੀਤੋਈ।
ਦਿਲ ਲੁਟ ਪੁਟ ਬਣਿਓਂ ਬੇ-ਦਰਦੀ,
ਵਸ ਨਾ ਚਲੀ ਭਲਾ ਕੇ ਕਰਦੀ।
ਕੁਝ ਤਰਸ ਤਾਂ ਕਰ ਹੁਣ ਵੇ,
ਮਾਹੀ ! ਯਾਦ ਤੇਰੀ ਤੜਪਾਇਆ,
ਜਾ ਕੇ ਖ਼ਤ ਨਹੀਂ ਪਾਇਆ ਵੇ,
ਸੋਹਣਿਆ ! ਚਿਰ ਕਿਉਂ ਏਨਾ ਲਾਇਆ।

ਵੇ ਭੌਰਾ ਕਾਲਾ ਨਾ ਬਣ ਜਾਵੀਂ,
ਫੁਲਾਂ ਕਈਆਂ ਦੇ ਨਾ ਕੰਨ ਖਾਵੀਂ,
"ਛੁਹ ਗ਼ੈਰੀ" ਸੱਪ ਦੇ ਡੰਗ ਸਮਝੀਂ,
ਪ੍ਰੇਮ ਪਾਲੀਂ ਭੈੜੋਂ ਸੰਗ ਸਮਝੀਂ।
ਤੇਰੀ ਬਣ ਸਦਾ ਮੈਂ ਰਹਿਣਾ ਵੇ,
"ਕੋਮਲ" ਦਿਲ ਦੇ ਤਖ਼ਤ ਬਹਾਇਆ,
ਜਾ ਕੇ ਖ਼ਤ ਨਹੀਂ ਪਾਇਆ ਵੇ,
ਸੋਹਣਿਆ ! ਚਿਰ ਕਿਉਂ ਏਨਾ ਲਾਇਆ।

ਜੁੜੇ ਦਿਲ

ਜੁੜੇ ਪਿਆਰ ਖ਼ੁਮਾਰ 'ਚ ਰੂਹ ਜਿਹੜੇ,
ਪਿਆਰ ਜਿਨ੍ਹਾਂ ਦਾ ਹਾਰ ਸ਼ਿੰਗਾਰ ਹੈ ਕੁਲ।
ਰੱਬੀ ਦਾਤ ਪਿਆਰ ਸੰਭਾਰ ਜਿਹੜੇ,
ਸਮਝਣ ਰੱਬ ਤੇ ਕੁਦਰਤ ਪਿਆਰ ਹੈ ਕੁਲ।
ਮਧੁ ਪੀ ਪਿਆਰ ਪਿਆਰ ਕਰਦੇ,
ਮਨ ਬਚ ਕ੍ਰਮ ਰਾਹੀਂ ਪੈਂਦਾ ਪਿਆਰ ਹੈ ਡੁਲ੍ਹ।
ਸਾਈਂ ਮੇਹਰ ਸੰਗ ਪੂਰਬਲੇ ਕਰਮ ਜਾਗਣ,
ਬਾਹਾਂ ਗਲੇ ਲਿਪਕਨ ਪੈਂਦਾ ਪਿਆਰ ਹੈ ਘੁਲ।
ਜੁੜੇ ਦਿਲਾਂ ਨੂੰ ਖਿਝ ਕੇ ਤੋੜੀਏ ਨਾ,
ਬੁਰੀ ਆਹ ਵਿਜੋਗੀ ਦੀ ਅੱਗ ਬਾਲੇ।
"ਕੋਮਲ" ਸੁਖੀ ਦੁਖੀ ਕਰਨਹਾਰ ਰਹੇ ਨਾ,
ਜਿੰਦ ਸ਼ਮ੍ਹਾ ਪਤੰਗ ਸਾੜ, ਅੱਗ ਗਾਲੇ।

ਕਲ੍ਹ ਆਸੂੰ

ਦਰਸ਼ਨ ਸਜਣ ਦਿੱਤੇ ਆ ਸ਼ਾਮੀਂ,
ਸਾਡਾ ਤਨ ਮਨ ਹਰਿਆ ਹੋਇਆ।
ਕੁਝ ਕੁ ਸਮਾਂ ਬਹਿ ਅੱਖਾਂ ਸਾਹਵੇਂ,
ਗ਼ਮ - ਦਰਦ ਅਸਾਡਾ ਖੋਇਆ।
ਪਰ ਦਿਲ ਦੀ ਲੈ ਦੇ ਨਾ ਸਕੇ,
"ਕਲ੍ਹ ਆਸੂੰ" ਕਹਿ ਉਠ ਨਠੇ,
ਮੁੜ ਭਿਤ ਖੋਲ੍ਹ ਦਰਸ ਦੇ ਹੱਸੇ,
ਸਾਡਾ ਮਨ ਮਤਵਾਲਾ ਹੋਇਆ।

ਮੇਲ ਰੱਬਾ

ਹੇ ਅਕਾਲ! ਕਿਰਪਾਲ ਦਇਆਲ ਹੋ ਕੇ,
ਮੇਰੀ ਬੇਨਤੀ ਨੂੰ ਸੁਣੀ ਧਿਆਨ ਧਰ ਕੇ।
ਮੈਂ ਪਿਆਰ ਦਿਲਦਾਰ ਸੰਗ ਜੋਤਿ ਪਾਇਆ,
ਭੁਲਿਆ ਨਹੀਂ ਸਾਂ ਰੂਪ ਮਹਾਨ ਕਰ ਕੇ।
ਪਿਆਰ ਜੋਤਿ ਸੰਗ ਕਰਨਾ ਗੁਨਾਹ ਨਹੀਂ ਜੇ,
ਤੈਨੂੰ ਲਭਿਆ ਕੀ ਪਰੇਸ਼ਾਨ ਕਰ ਕੇ।
ਧੁਰੋਂ ਦਾਤ ਤੇਰੀ ਸਾਡੇ ਪਈ ਪੱਲੇ,
ਕਰ ਪ੍ਰੁੰਣ ਸਾਂਭੀ ਤੇਰਾ ਧਿਆਨ ਧਰ ਕੇ।
ਦੁਖ ਵੰਡਣਾ ਖੰਡਣਾ ਮੁਸ਼ਕਲਾਂ ਨੂੰ,
ਪਾ ਗਲਵਕੜੀ ਜੇ ਕਰ ਪਿਆਰ ਦਿੱਤਾ।
"ਕੋਮਲ" ਕੀ ਤੇਰੇ ਸਨ ਮਾਂਹ ਮਾਰੇ,
ਪਿਆਰੋਂ ਤੋੜ ਸਾਨੂੰ ਕਰ ਖ਼ਾਰ ਦਿੱਤਾ।
ਕੀ ਤੂੰ ਦੇਖਦਾ ਨਹੀਂ, ਕਿਵੇਂ ਗੁਜ਼ਰਦੀ ਏ,
ਬਿਰਹੀ ਦੁਇ ਕਿਵੇਂ ਕੁਰਲਾਣ ਨਿਸ ਦਿਨ।
ਜਲ ਬਿਹੂਨ ਮੱਛੀ ਤੜਪਨ ਰੇਤ ਅੰਦਰ,
ਸ੍ਵਾਂਤੀ ਲਈ ਚਾਤ੍ਰਿਕ ਸਮ ਚਿਚਲਾਣ ਨਿਸ ਦਿਨ।
ਭੌਰੇ ਵਾਂਗ ਲੱਭਣ ਫੁੱਲ ਹਿੰਮ ਅੰਦਰ,
ਪੁਹਪ ਲੱਭੇ ਨਾ ਰੋ ਰੋ ਪਛਤਾਣ ਨਿਸ ਦਿਨ।
ਗ਼ਮ ਖਾਣ ਪੀਵਣ ਲਹੂ ਜਿਗਰ ਸੰਦਾ,
ਤਾਹਨੇ ਬੋਲੀਆਂ ਬਸਤ੍ਰ ਹੰਢਾਣ ਨਿਸ ਦਿਨ।
ਰੰਗ ਮੁਕ ਗਿਆ ਲਹੂ ਸੁਕ ਗਿਆ,
ਦਿਲ ਧੁਖ ਰਿਹਾ ਨਹੀਂ ਕੁਝ ਕਰਨ ਜੋਗੇ।
"ਕੋਮਲ" ਮੇਲ ਰੱਬਾ ਤੇਰਾ ਦਰ ਲਭਾ,
ਤੂੰ ਜੁ ਹੈਂ ਅੱਬਾ, ਦੁਖ ਨਹੀਂ ਜਰਨ ਜੋਗੇ।

ਪ੍ਰਿਆ-ਵਿਯੋਗੀ

ਦਰਸ਼ਨ ਦੇਣ ਨੂੰ ਪ੍ਰਿਆ ਜੇ ਆਈ ਸੈਂ,
ਕਿਉਂ ਕੀਤੀ ਨਾ ਮੇਰੀ ਉਡੀਕ ਨੀ।
ਤੁਰ ਜਾਣ ਦੀ ਸੁਣ ਗੱਲ ਹੋ ਪਿਆ ਸਲ ਮੈਨੂੰ,
ਨਿਕਲੀ ਆ-ਮੁਹਾਰੀ ਮੂੰਹੋਂ ਚੀਕ ਨੀ।
ਆਇਆ ਨਾ ਆਇਆ ਤੈਨੂੰ ਤਰਸ ਪਿਆਰੀਏ,
ਛੱਡ ਕੇ ਛੱਡ ਕਿਵੇਂ ਚੱਲੀ ਨੀ।
ਪਿਆਰ ਬੀਮਾਰ ਹਾਂ ਨਾਲੇ ਲਾਚਾਰ ਹਾਂ ਮੈਂ,
ਧਸੀ ਤਨ ਵਿੱਚ ਅੱਲੋ ਅਵੱਲੀ ਨੀ।
ਬੈਠੀ ਨੀ ਬੈਠੀ ਜਿਸ ਥਾਂ ਤੂੰ ਜਾਨ ਮੇਰੀ,
ਲਗੇ ਤੇ ਲਗੇ ਉਹ ਪਿਆਰੀ ਨੀ।
ਗ਼ੈਬੀ ਕੋਈ ਖਿੱਚ ਆਵੇ, ਮਨ ਵਿਚ ਨੀ ਸਿਕ ਪਾਵੇ,
ਦਿਸੇ ਦਿਲ 'ਚ ਮੂਰਤਿ ਨਿਆਰੀ ਨੀ।
ਲਾਈ ਤੇ ਲਾਈ ਨੀ ਕਲੇਜੜੇ ਨਾਲ ਹਾਏ,
ਚੁੰਮੀ ਤੇ ਚੁੰਮੀ ਤੇਰੀ ਪਾਤੀ ਨੀ।
ਸੁਰਤਾਂ ਗੁੰਮੀਆਂ ਨੀ ਲੈ ਲੈ ਕੇ ਚੁੰਮੀਆਂ ਨੀ,
ਠੰਢੀ ਤੇ ਹੋਈ ਜ਼ਰਾ ਛਾਤੀ ਨੀ।
ਸਾਂਭੀਂ ਨੀ ਸਾਂਭੀਂ ਸਾਡੇ ਲੁਟਣੜੇ ਦਿਲ ਨੂੰ,
ਸਾਂਭ ਤੇ ਸਾਂਭ ਰੱਖ ਸੰਭਾਲ ਨੀ।
ਪ੍ਰਿਆ-ਵਿਯੋਗੀ ਕੁਰਲਾ ਰਿਹਾ ਏ,
ਬੁਰਾ ਹੋਇਆ ਅਜ ਹਾਲ ਨੀ।
ਨਿਭਾਈਂ ਤੇ ਨਿਭਾਈਂ ਨੀ ਕੌਲ 'ਕਰਾਰ ਕੀਤੇ,
ਡਰੀਂ, ਡਰ ਰੱਖੀਂ ਰੱਬ ਕਹਾਰ ਨੀ।

ਪਹਿਲਾਂ ਜੋ ਲਾਈ ਚਾਹੀਏ ਉਹ ਤੋੜ ਨਿਭਾਈ,
ਸਚੀ ਪ੍ਰੀਤ ਤਰਾਏ ਦੁਤਰੁ ਸੰਸਾਰ ਨੀ।
ਨਹੀਂ ਹਾਂ ਨਹੀਂ ਨੀ ਮੈਂ ਇਸ਼ਕੀ ਟਿੱਡਾ ਪ੍ਰਿਆ !
ਜਾਣੀ ਨਾ ਜਾਣੀ ਇਸਤ੍ਰੀ-ਗਾਮੀ ਨੀ।
ਸਹੁੰ ਤੇਰੇ ਪਿਆਰ ਦੀ ਸੱਚੇ ਕਰਤਾਰ ਦੀ ਨੀ,
ਤੇਰੇ ਬੁਤ 'ਚੋਂ ਲੱਭਾ ਜਗ-ਸੁਆਮੀ ਨੀ।
ਮਧੁਰ ਪਿਆਰੀ ਜਿੰਦ ਵਿਸਾਰੀਂ ਨਾ ਰਤੀ ਬਿੰਦ,
ਤੇਰੇ ਸਹਾਰੇ ਮੇਰੀ ਜਾਨ ਨੀ।
"ਕੋਮਲ" ਯਾਦ ਤੇਰੀ 'ਚ ਡੁਬਾ ਏ ਸਦਾ ਰਹਿੰਦਾ,
ਨਾ ਕੋਈ ਦਿਸਦਾ ਤੁੱਧ ਸਮਾਨ ਨੀ।
ਦਰਸ਼ਨ ਦੇਣ ਨੂੰ ਪ੍ਰਿਆ ਜੇ ਆਈ ਸੈਂ,
ਕਿਉਂ ਕੀਤੀ ਨਾ ਮੇਰੀ ਉਡੀਕ ਨੀ।
ਤੁਰ ਜਾਣ ਦੀ ਸੁਣ ਗੱਲ ਹੋ ਪਿਆ ਸੱਲ ਮੈਨੂੰ,
ਨਿਕਲੀ ਆ-ਮੁਹਾਰੀ ਮੂੰਹੋਂ ਚੀਕ ਨੀ।

ਜੁਦਾਈ-ਦੁਖਦਾਈ

(ਰਾਂਝੇ ਦੀ ਆਤਮਾ ਦੀ ਪੁਕਾਰ)

ਵੇਖੇ ਰੰਗ ਕਈ ਜੀਵਨ-ਸੰਗਰਾਮ 'ਚ ਮੈਂ,
ਮੇਰੇ ਦਿਲ ਨੇ ਕੀਤੀ ਪਰਵਾਹ ਭੀ ਨਹੀਂ।
ਘਰੋਂ ਵੀਰ ਪਰਿਵਾਰ ਵਿਛੋੜ ਨੱਠਾ,
ਸੁਹਣੇ ਘਰ ਲਈ ਨਿਕਲੀ ਆਹ ਭੀ ਨਹੀਂ।
ਧੁੱਪਾਂ ਤਪਦੀਆਂ ਵਿੱਚ ਪੈਦਲ ਸਫ਼ਰ ਕੀਤੇ,
ਰੋਟੀ ਇਕ ਧਿਰ, ਰਹੀ ਮਿਲੀ ਛਾਹ ਭੀ ਨਹੀਂ।
ਪਰਬਤ, ਨਦੀ, ਦਰਿਆ, ਜੰਗਲ ਚੀਰ ਬੇਲੇ,
ਪੁਜਿਆ ਉਥੇ ਜਿਥੇ ਮੁੜ ਵਾਹ ਭੀ ਨਹੀਂ।
ਹਾਇ ਅਫ਼ਸੋਸ! ਮੈਂ ਰਿਹਾ ਅਡੋਲ ਸਦਾ,
ਮਨ ਦੀ ਸ਼ਾਂਤੀ ਤੇ ਹੋਸ਼ ਨਾਲ ਮੇਰੇ।
ਸਭ ਕੁਝ ਤੇਰੇ ਵਿਜੋਗ ਪ੍ਰਿਆ! ਲੁਟ ਖੜਿਆ;
ਬੁਧੀ, ਦਿਲ, ਦਿਤੇ ਹੋਸ਼ ਗਾਲ ਮੇਰੇ।
ਮਾਈ ਮੋਈ ਦੀ ਕੋਈ ਨਾ ਖ਼ਬਰ ਮੈਨੂੰ,
ਪਿਤਾ ਪੂਜ ਮੋਏ ਰੋਇਆ ਨਹੀਂ ਏਡਾ।
ਭਾਈਆਂ ਵੈਰ ਪਾਏ ਬਣ ਗ਼ੈਰ ਗਏ,
ਮੈਨੂੰ ਦੁਖ ਉਹਦੋਂ ਹੋਇਆ ਨਹੀਂ ਏਡਾ।
ਜ਼ਿਮੀਂ ਖੋਹ ਚੰਗੀ ਬੰਜਰ ਭੋਂ ਦਿੱਤੀ,
ਮੈਂ ਹੌਸਲਾ ਭੀ ਖੋਇਆ ਨਹੀਂ ਏਡਾ।
ਮਾਂਗ ਛੱਡ ਅਪੱਛਰਾਂ ਜਿਹੀ ਨੱਠਾ,
ਮੈਨੂੰ ਮੋਹ ਨੇ ਭੀ ਪੋਹਿਆ ਨਹੀਂ ਏਡਾ।
ਭਾਵੇਂ ਦੇਸ ਪਿਆਰੜੇ ਸ੍ਵਰਗ ਸੰਦਾ,
ਵਿਛੜਨ ਲਗਿਆਂ ਹੋਇਆ ਕੁਝ ਦੁਖ ਮੈਨੂੰ।
"ਕੋਮਲ" ਤੇਰੀ ਜੁਦਾਈ ਦੁਖਦਾਈ ਸਭ ਤੋਂ,
ਜਲਦੀ ਲਕੜੀ ਵਾਂਗ ਪਈ ਧੁਖ ਮੈਨੂੰ।

ਗੁਲਸ਼ਨ ਵਤਨ ਹੈ ਸਾਡਾ

(ਕਸ਼ਮੀਰੀ ਭਾਸ਼ਾ ਦੇ ਪ੍ਰਸਿਧ ਕਵੀ ਸ੍ਰੀ "ਮਹਜੂਰ" ਦੀ ਕਵਿਤਾ ਦਾ ਅਨੁਵਾਦ)

ਬੁਲਬੁਲ ਆਖੇ ਫੁੱਲਾਂ ਨੂੰ,
ਗੁਲਸ਼ਨ ਵਤਨ ਹੈ ਸਾਡਾ।
ਸਾਡਾ ਵਤਨ ਹੈ ਗੁਲਸ਼ਨ,
ਗੁਲਸ਼ਨ ਵਤਨ ਹੈ ਸਾਡਾ।

ਗਿਰਦੇ ਸੁਫ਼ੇਦ ਨੇ ਗਿਰ,
ਦੀਵਾਰ ਸੰਗ ਮਰਮਰ,
ਵਿਚਕਾਰ ਸਬਜ਼ ਗੋਹਰ,
ਗੁਲਸ਼ਨ ਵਤਨ ਹੈ ਸਾਡਾ।

ਚਸ਼ਮੇ ਕੂਲਾਂ ਤੇ ਨਾਲੇ,
ਝਰਨੇ ਕੱਸਾਂ ਵਿਚਾਲੇ,
ਨਗਮੇ ਨੌ ਬਹਾਰ ਦਿਖਾਲੇ,
ਗੁਲਸ਼ਨ ਵਤਨ ਹੈ ਸਾਡਾ।

*"ਵਿਰਕਮ" ਤੇ "ਟੇਕਬਟਨੇ",
ਸੁਵਖਤੇ ਆਇ ਥਾਂ ਪਕੜਨੇ,
ਲਗੇ ਡੋਡੀ 'ਚੋਂ ਫੁਲ ਉਘੜਨੇ।
ਗੁਲਸ਼ਨ ਵਤਨ ਹੈ ਸਾਡਾ।

*ਦੋ ਕਸ਼ਮੀਰੀ ਫੁੱਲ : ਜੋ ਬਰਫ਼ ਪਿਘਲਣ ਦੇ ਬਾਅਦ ਹੀ ਖਿੜਦੇ ਹਨ।

ਕਰ ਸੁਭਰ ਸੈਲ ਡੱਲ ਜਾ,
ਫੁਲ ਵੇਖ ਦਰਿਆ ਤੱਲ ਜਾ,
ਕਰ ਤ੍ਰਿਪਤ ਦਿਲ ਕੰਵਲ ਜਾ,
ਗੁਲਸ਼ਨ ਵਤਨ ਹੈ ਸਾਡਾ।

ਰਮਣੀਕ ਭੂਮਿ ਪਾਂਪੁਰ,
ਜਾ ਵੇਖ ਕੁੰਗੂ ਉਡਰ,
ਦਿਲ ਤ੍ਰਿਪਤੇ ਜਾਇ ਨੱਸ ਡਰ,
ਗੁਲਸ਼ਨ ਵਤਨ ਹੈ ਸਾਡਾ।

ਸੁਖ ਨਾਗ ਤੋਸ਼ਾ ਮੈਦਾਨ,
ਡਿੱਠੇ ਜਿਥੇ ਮੈਂ ਭਗਵਾਨ,
ਭਗਤਾਂ ਨੂੰ ਦਰਸ ਦੇ ਜਾਨ।
ਗੁਲਸ਼ਨ ਵਤਨ ਹੈ ਸਾਡਾ।

‡ਲੋਲੋ ਦੇ ਦੇਖ ਮੈਦਾਨ,
ਗਿਰ ਸਬਜ਼ ਤੇ ਬੀਆਬਾਨ,
ਮੁਰਦੇ ਭੀ ਜ਼ਿੰਦਾ ਹੋ ਜਾਨ,
ਗੁਲਸ਼ਨ ਵਤਨ ਹੈ ਸਾਡਾ।

ਬੁਲਬੁਲ ਫੁੱਲਾਂ ਤੇ ਘੁੰਮਦੇ,
ਨਰਗਸ ਲਈ ਭੌਰੇ ਭੌਂਦੇ,
ਮਦੁ ਪੀ ਮਸਤ ਕਾਸ਼ਿਰ ਹੋਂਦੇ,
ਗੁਲਸ਼ਨ ਵਤਨ ਹੈ ਸਾਡਾ।

"ਮਹਜੂਰ" ਇਹ ਦੇਸ ਸਾਡਾ,
ਸੁੰਦਰ ਹੈ ਬਾਗ਼ ਡਾਢਾ,
ਇਸ ਸੰਗ ਹੋਇ ਪ੍ਰੇਮ ਸਾਡਾ,
ਗੁਲਸ਼ਨ ਵਤਨ ਹੈ ਸਾਡਾ।

‡ਲੋਲਾਬ ਦਾ ਪ੍ਰਸਿਧ ਇਲਾਕਾ।

ਸਮਝ ਨਾ ਆਵੇ

ਦਿਲ ਮੇਰਾ ਡੁਬਦਾ ਤੇ ਖੋਵੇ ਸਖੀਏ।
ਸਮਝ ਨ ਆਵੇ ਇਹ ਕੀ ਹੋਵੇ ਸਖੀਏ।

ਚਿੱਤ ਮੇਰਾ ਲੁਟ ਚਿਤ-ਚੋਰ ਲੈ ਗਿਆ,
ਪਤਾ ਨਾ ਰਿਹਾ ਕਦ ਡਾਕਾ ਪੈ ਗਿਆ,
ਖ਼ਾਲੀ ਦੇਖ ਸੀਨਾ ਮਨ ਰੋਵੇ ਸਖੀਏ।
ਸਮਝ ਨਾ ਆਵੇ ਇਹ ਕੀ ਹੋਵੇ ਸਖੀਏ। ਦਿਲ......

ਕਰ ਗਈ ਨਜ਼ਰ ਪਹਿਲੀ ਐਸਾ ਵਾਰ,
ਹੱਥੋਂ ਡਿਗ ਪਏ ਮੇਰੇ ਕਸੇ ਹਥਿਆਰ।
ਦਿਲ ਭਜਾ ਗਿਆ ਨਾ ਖਲੋਵੇ ਸਖੀਏ।
ਸਮਝ ਨਾ ਆਵੇ ਇਹ ਕੀ ਹੋਵੇ ਸਖੀਏ। ਦਿਲ......

ਦੇਖੇ ਬਿਨਾਂ ਉਸ ਨੂੰ ਨਾ ਚੈਨ ਆਵੰਦਾ,
ਮਨ ਸਦਾ ਉਸ ਨੂੰ ਰਹੇ ਧਿਆਵੰਦਾ,
ਸੁੰਨਾ ਜੱਗ ਉਸ ਬਿਨਾਂ ਹੋਵੇ ਸਖੀਏ।
ਸਮਝ ਨਾ ਆਵੇ ਇਹ ਕੀ ਹੋਵੇ ਸਖੀਏ। ਦਿਲ......

ਜਾਣੇ ਰੱਬ, ਰਖੇਗਾ ਉਹ ਦਿਲ ਨੂੰ ਸੰਭਾਲ,
ਜਿਸ ਪ੍ਰੀਤ-ਫਾਹੀ ਪਾਈ ਬੰਨ੍ਹ ਕੇ ਕਮਾਲ,
ਚਿੰਤਾ ਇਸ ਵਿੱਚ ਮਨ ਰੋਵੇ ਸਖੀਏ।
ਸਮਝ ਨਾ ਆਵੇ ਇਹ ਕੀ ਹੋਵੇ ਸਖੀਏ। ਦਿਲ......

ਬਿਰਹੋਂ-ਤੀਰ ਚੀਰ ਸੀਨਾ ਰਹੇ ਛੇਕਦਾ।
"ਕੋਮਲ" ਸੀਨੇ ਅੱਗ ਜ਼ੋਰ ਡਾਢਾ ਸੇਕ ਦਾ।
ਨੀਰ ਵਰ੍ਹ ਨੈਣੋਂ ਸੇਕ ਧੋਵੇ ਸਖੀਏ।
ਸਮਝ ਨਾ ਆਵੇ ਇਹ ਕੀ ਹੋਵੇ ਸਖੀਏ। ਦਿਲ......

ਨਹੀਂ ਥਿਰ ਰਹਿਣਾ

ਨਾ ਬਣ ਪੱਥਰ ਦਿਲ ਤਰਸ ਤਾਂ ਕਰ,
ਨਹੀਂ ਥਿਰ ਰਹਿਣਾ ਜੱਗ-ਬਾਗ ਅਦਰ।

ਅੱਖਾਂ ਰਾਹੀਂ ਨ ਦਿਲ 'ਚ ਧਸਣਾ ਸੀ,
ਵਿੱਚ ਪ੍ਰੀਤ-ਪਿੰਜਰ ਨਾ ਫਸਣਾ ਸੀ,
ਕਰ ਕੈਦ ਪਹਿਲਾਂ ਦਿਲ ਮੇਰੇ ਨੂੰ,
ਲਾਣੀ ਨ ਸੀ ਪ੍ਰੀਤ ਦੀ ਜਾਗ ਅੰਦਰ।
ਨਹੀਂ ਥਿਰ ਰਹਿਣਾ ਜੱਗ-ਬਾਗ ਅੰਦਰ।

ਨਹੀਂ ਸੀ ਪਹਿਲਾਂ ਸੁਣਨਾ ਰੋਣਾ,
ਇਸ ਪ੍ਰੀਤ ਦੇ ਮਾਰਗ ਤੇ ਪੈਣਾ,
ਇਸ ਅੱਗ ਪ੍ਰੀਤ ਦੀ ਤੋਂ ਡਰ ਕੇ,
ਨਹੀਂ ਲਗਣ ਸੀ ਦੇਣਾ ਦਾਗ਼ ਅੰਦਰ।
ਨਹੀਂ ਥਿਰ ਰਹਿਣਾ ਜੱਗ-ਬਾਗ ਅੰਦਰ।

ਬੁਝਣੀ ਔਖੀ ਹੈ ਪ੍ਰੀਤ ਦੀ ਅੱਗ,
ਪ੍ਰੀਤ ਸੰਸਕਾਰਾਂ ਪ੍ਰੀਤ ਰੀਤ ਦੀ ਅੱਗ,
ਇਹ ਲਾਇਆਂ ਭੀ ਨਾ ਆਪ ਲਗੇ,
ਬਿਨ ਲਾਇਆਂ ਹੀ ਜਾਏ ਜਾਗ ਅੰਦਰ।
ਨਹੀਂ ਥਿਰ ਰਹਿਣਾ ਜੱਗ-ਬਾਗ ਅੰਦਰ।

ਮਿਰਗ ਨੈਣ ਨਸ਼ੀਲੇ ਅਨੂੱਠਾ ਮੁੱਖ,
ਜਦ ਵੇਖਾਂ ਸੁਖ, ਨ ਵੇਖਾਂ ਦੁਖ,
ਨਿਆਰੀ ਦਸ਼ਾ ਦੁਖੀ ਮਨ ਮੇਰੇ ਦੀ,
ਹਾਇ ! ਧਸੇ ਨਾ ਤੇਰੇ ਦਿਮਾਗ਼ ਅੰਦਰ।
ਨਹੀਂ ਥਿਰ ਰਹਿਣਾ ਜੱਗ-ਬਾਗ ਅੰਦਰ।

ਸੁੰਦਰ ਮੁਖ ਕਈ ਹੋਏ, ਹੋਵਣਗੇ,
ਸੱਚੀ ਪ੍ਰੀਤ ਬਿਨ ਜੋਬਨ ਖੋਵਣਗੇ,
ਸੱਚੀ ਪ੍ਰੀਤ ਦੀ ਮਹਿਕ ਸਦਾ ਮਹਿਕੇ,
ਫੁਲ ਮਧੁਰ ! ਮੁਸ਼ਕ ਸਮ ਬਾਗ਼ ਅੰਦਰ।
ਨਹੀਂ ਥਿਰ ਰਹਿਣਾ ਜੱਗ-ਬਾਗ ਅੰਦਰ।

ਜੇ ਤੂੰ ਪੱਥਰ ਬਣ ਠੁਕਰਾਸੇਂ ਦਿਲ,
ਮੁੜ ਧਾਂਦਾ ਦਿਲੇ ਵਲ ਪਾਸੇਂ ਦਿਲ,
ਠੁਕਰਾਣਾ ਦਿਲ ਰੱਬ-ਘਰ ਢਾਣਾ,
ਸੋਚ "ਕੋਮਲ" ਆ ਵੈਰਾਗ ਅੰਦਰ।
ਨਹੀਂ ਥਿਰ ਰਹਿਣਾ ਜੱਗ-ਬਾਗ ਅੰਦਰ।

ਉਹ ਵੇਲਾ

ਇਹ ਕੀ ਫ਼ੁਰਮਾਇਆ ਜੇ :-
"ਨਾ ਜੀ ਜਾਨ ਨਾ ਆਖੋ,
ਜਿੰਨਾ ਪਿਆਰ ਸਖੀ ਸੰਗ,
ਜਿੰਨੇ ਕੰਮ ਉਹ ਆਵੇ,
ਨਾ ਹੋਰ ਕੋਈ ਆਵੇ ਨਾ ਮਨ ਨੂੰ ਭਾਵੇ।"
ਸ਼ੁਭ ਬਚਨ ਕੀ ਆਖੇ :-
"ਲਿਖਿਆ ਮੈਥੋਂ ਕਾਵਿ ਨਹੀਂ ਜਾਣਾ,
ਪਹਿਲਾਂ ਛੋਹੀ ਚਾਦਰ ਦਾ ਕੰਮ ਮੁਕਾਣਾ।"
ਕੀ ਇਸ ਤੋਂ ਭੀ ਹੈ ਚਾਦਰ ਜ਼ਰੂਰੀ?
"ਜੀ ਹਾਂ ਹਾਂ ਬਹੁਤ ਜ਼ਰੂਰੀ,
ਤਾਹੀਉਂ ਵਿਹਲ ਨਾ ਆਵੇ"।

ਮਿਠ ਬੋਲ ਕੀ ਬੋਲੇ :-
"ਖ਼ਤ ਉਹਦੋਂ ਹੀ ਪਾਸਾਂ,
ਜਦ ਵਿਹਲ ਮਿਲੀ ਤਾਂ ਕਲਮ ਉਠਾਸਾਂ,
ਕੰਮ ਬੜੇ ਨੇ ਹੁੰਦੇ ਮੈਂ ਸੱਚ ਸੁਣਾਵਾਂ,
ਹਰ ਹਫ਼ਤੇ ਜਾਂ ਦੂਜੇ ਇਹ ਕਿਹਾ ਨਾ ਜਾਵੇ।"
ਬਾਰਸ਼ ਵਰ੍ਹ ਵਰ੍ਹ ਜਦ ਕਹਿਰ ਮਚਾਇਆ,
ਝਖੜ ਝਾਂਗੀ ਭਿਜ ਸਿਜ ਕੋਈ ਆਇਆ।
ਆ ਸੀਸ ਨਿਵਾਇਆ ਸ਼ੁਭ ਮੁਖ ਦਿਖਾਇਆ,
ਬਹਿ ਅੱਖਾਂ ਸਾਹਵੇਂ ਦੁਖ ਦਰਦ ਵੰਡਾਇਆ।
ਇਕ ਦੂਜੇ ਤੋਂ ਸਦਕੇ ਜਾਵੇ ਜਾਨ ਘੁਮਾਵੇ।
ਇਸ ਵਰ੍ਹ ਰਹੇ ਮੀਂਹ ਵਿਚ ਖਿਚ ਕਿਹੜੀ ਲਿਆਈ?
"ਤੁਸੀਂ ਚੁੰਬਕ ਵਾਂਗੂ ਕੋਈ ਖਿੱਚ ਜੁ ਪਾਈ,
ਸੱਮ ਸਾਰ ਦੀ ਟੁਕੜੀ ਮੈਂ ਆਈ ਧਾਈ।

ਮਾਨੋ ਸਮ ਸੋਹਣੀ ਝਨਾਂ ਤਰ ਆਈ,
ਇਸ ਲਗਨ ਲਗੀ ਨੂੰ ਕਿਹੜਾ ਅਟਕਾਵੇ।"
ਅਬੁਝਵੀਂ ਕੀ ਅੱਗ ਲਾ ਹੋ ਬੈਠੇ?
ਇਸ ਬਿਖੜੇ ਪੱਥ ਪਾ ਪਾ ਹੋ ਬੈਠੇ?
ਦਾਰੂ ਰਹਿਤ ਰੋਗ ਕੀ ਲਾ ਹੋ ਬੈਠੇ?
ਕੀ ਸਮ ਮੇਰੇ ਮਨ ਭਰਮਾ ਹੋ ਬੈਠੇ?
ਦਸ਼ਾ ਐਸੀ ਹਾਲੀ ਨਜ਼ਰ ਨਾ ਆਵੇ।

"ਇਸ਼ਕ ਤੇ ਜ਼ੋਰ ਨਹੀਂ ਅੱਗ ਧੁਰੋਂ ਇਹ ਆਈ,
ਲਾਵੇ ਤਾਂ ਲਗਦੀ ਨਹੀਂ ਬੁਝਦੀ ਨਾ ਬੁਝਾਈ।
ਕੀ 'ਗ਼ਾਲਬ' ਸਚ ਆਖ ਗਿਆ ਨਹੀਂ?
ਨਿਹੁੰ ਨਾ ਲਗਦੇ ਜ਼ੋਰੀਂ।
'ਪੂਰਨ' ਸਚ ਭਾਖ ਗਿਆ ਨਹੀਂ?
ਵਧ ਕਿਹਾ ਨਾ ਜਾਵੇ ਮਨ ਸ਼ਰਮਾਵੇ।"
ਕਰ ਕਰ ਵਿਚ ਕਰ ਘਟੇ ਤੇ ਚੁੰਮੇ,
ਪੀ ਪ੍ਰੀਤ ਦਾ ਮਧੁ ਮਸਤੀ 'ਚ ਗੁੰਮੇ।
ਕੀਤੀ ਪ੍ਰਤੱਗਿਆ ਬਣੇ ਪ੍ਰੀਤ-ਪੁਜਾਰੀ,
ਦੁਇ ਪ੍ਰੀਤ ਨਿਭਾਵਾਂਗੇ ਉਮਰਾਂ ਸਾਰੀ।
ਪ੍ਰੀਤ ਸਚੀ ਜੁ ਸਾਈਂ ਚਰਨ ਪਹੁੰਚਾਵੇ।

ਦਰਸ਼ਨ ਕਰ ਕਰ ਜੀਵਨ-ਰਸ ਪੀ ਪੀ,
ਇਕ ਹੋਇ ਰੂਹ ਦੋ ਭਲਾ ਭੇਦ ਹੀ ਕੀ ਸੀ।
ਜੇ ਇਕ ਸੀ ਰਾਂਝਾ, ਬਸ ਹੀਰ ਇਹ ਹੀ ਸੀ,
ਪ੍ਰੀਤ ਫ਼ਿਜ਼ਾ 'ਚ ਬਸ ਪ੍ਰੀਤ ਨਿਰੀ ਸੀ।
ਕੀ ਅੱਜ ਉਹ ਵੇਲਾ ਯਾਦ ਨਾ ਆਵੇ।
ਇਨਕਾਰ ਤੇਰਾ ਬਣ ਬਿਜਲੀਆਂ ਚਮਕੇ,
ਸਿਰ ਮੇਰੇ ਤੇ ਆ ਬਦਲ ਕੜਕੇ।

ਲਿਆ ਕਿਸ ਭਰਮਾ ਤੈਨੂੰ ਮੰਤ੍ਰ ਪੜ੍ਹ ਕੇ,
ਸੰਭਲ, ਪੈ ਪਛਤਾਵਾ ਨਾ ਜਾਵੇ।
ਸਖੀ ਕਿਤੇ ਸਖਾ ਤਾਂ ਨਹੀਂ ਇਹ,
ਕੰਮ ਕੀ ਆਵੇ ਚਿਤ-ਚੋਰ ਤਾਂ ਨਹੀਂ ਇਹ।
ਕਾਵਿ ਦੀ ਥਾਂ ਚਾਦਰ ਜੋ ਹੈ ਬਣਦੀ,
ਕੀ ਸੇਜ ਲਈ ਜ਼ੇਬਾਇਸ਼ ਨਹੀਂ ਬਣਦੀ।
ਪਾਤੀ ਲਈ ਹੁਣ ਜੁ ਵਿਹਲ ਨਾ ਆਵੇ।

ਮੈਂ ਜਾਨ ਤਾਂ ਕੀ ਪ੍ਰਾਨ ਆਖਾਂਗਾ,
ਪ੍ਰਿਆ ! ਸਹਿਤ ਸਨਮਾਨ ਆਖਾਂਗਾ।
ਦਿਲ ਦੀ ਮਲਕਾ ਈਮਾਨ ਆਖਾਂਗਾ।
ਚਿਤ ਚੋਰਨ ! ਜਾਂ ਕੁਰਬਾਨ ਆਖਾਂਗਾ।
ਕਾਸ਼ ! ਤੈਨੂੰ ਪ੍ਰੇਮ ਦੀ ਸਮਝ ਆ ਜਾਵੇ।

ਕਰ ਮਨ ਆਈ ਮੈਂ ਨਹੀਂ ਘਬਰਾਣਾ,
ਪ੍ਰੀਤ ਤੋੜ ਨਹੀਂ ਗੀਧੀ ਅਖਵਾਣਾ।
ਸਿਰ ਰਖ ਤਲੀ ਗਲੀ ਪ੍ਰੇਮ 'ਚ ਆਣਾ,
ਹੁੰਦਾ ਚੰਗਾ ਨਹੀਂ ਦਿਲ ਠੁਕਰਾਣਾ।
ਕੁਰਲਾਣਾ ਤੈਨੂੰ ਕਿਤੇ ਪੈ ਨਾ ਜਾਵੇ !

ਇਹ ਠੀਕਰ ਇਕ ਦਿਨ ਟੁਟ ਜਾਵੇਗਾ,
ਹੁਸਨ ਰੰਗ ਸਮਾਂ ਲੈ ਲੁਟ ਜਾਵੇਗਾ।
ਜਮ ਗਲੇ ਫਾਹੀ ਆ ਘੁਟ ਪਾਵੇਗਾ,
"ਕੋਮਲ" ਤੋੜ ਨਿਭਾ ਰੋਣਾ ਪੈ ਨਾ ਜਾਵੇ।
ਰੱਬ ਤੈਨੂੰ, ਪ੍ਰੀਤ ਦੇ ਪੱਬ ਤੇ ਪਾਵੇ,
ਸੱਚਾ ਪਿਆਰ ਜੁ ਸਾਈਂ-ਚਰਨ ਪਹੁੰਚਾਵੇ।
ਜੋ ਜੰਮਣ ਤੇ ਮਰਨ ਮੁਕਾਵੇ।

ਪ੍ਰੀਤ ਦੀ ਰੀਤ ਨਿਆਰੀ*

ਬੰਦੇ ਦਿਲ ਸੋਚ ਵਿਚਾਰ ਕਰੀਂ,
ਭੁਲ ਪੈਰ ਨਾ ਵਿੱਚ ਪਿਆਰ ਧਰੀਂ।
ਇਹ ਪ੍ਰੀਤ ਲਗਾਣੀ ਸੌਖੀ ਹੈ,
ਪਰ ਤੋੜ ਨਿਭਾਣੀ ਔਖੀ ਹੈ।
ਇਸ ਪ੍ਰੀਤ ਦੀ ਰੀਤ ਨੂੰ ਉਹ ਜਾਣੇ,
ਜਿਹੜਾ ਦਰਦ ਹਜ਼ਾਰਾਂ ਸਹਿ ਜਾਣੇ।
ਸਿਖ ਪ੍ਰੀਤ ਦੀ ਰੀਤ ਪਤੰਗੇ ਤੋਂ,
ਜਿੰਦ ਵਾਰ ਸੁਟੇ ਬਿਨ ਮੰਗੇ ਤੋਂ।
ਮੱਛੀ ਬਿਨ ਪਾਣੀ ਮਰਦੀ ਹੈ,
ਦੇਖੋ ਇਹ ਪ੍ਰੀਤ ਕੀ ਕਰਦੀ ਹੈ।
ਇਸ ਪ੍ਰੀਤ ਦਾ ਉਲਟਾ ਚਾਲਾ ਹੈ,
ਗਲ ਉਸਤਰਿਆਂ ਦੀ ਮਾਲਾ ਹੈ।
ਇਸ ਪ੍ਰੀਤ ਦੀ ਰੀਤ ਨਿਆਰੀ ਹੈ,
ਦਿਲ ਕੱਟੇ ਬਿਰਹਾ ਸੱਮ ਆਰੀ ਹੈ।
ਇਸ ਪ੍ਰੀਤ ਤੋਂ ਮਰਨਾ ਸੌਖਾ ਹੈ,
ਬਿਰਹਾ-ਪੀੜ ਨੂੰ ਜਰਨਾ ਔਖਾ ਹੈ।
ਜਿਹੜਾ ਪਿਆਰ 'ਚ ਪੈਰ ਫਸਾਂਦਾ ਹੈ,
ਘੁਣ ਜਾਨ ਨੂੰ ਆਪਣੀ ਲਾਂਦਾ ਹੈ।
ਕਿਸੇ ਦਿਲ ਸੰਗ ਦਿਲ ਜਾ ਲਗਦਾ ਹੈ,
ਚੰਗਾ ਬਾਝ ਨਾ ਉਸ ਕੁਝ ਲਗਦਾ ਹੈ।
ਦਿਲ ਦੇਖ ਨਾ ਉਸ ਨੂੰ ਰਜਦਾ ਹੈ,
ਉਠ ਉਠ ਉਸੇ ਵਲ ਭਜਦਾ ਹੈ।
ਉਹਦੀ ਗਲ ਕਰ ਆਇ ਕਰਾਰ ਜ਼ਰਾ,
'ਪੁਹਪ' ਸੰਭਲ ਕੇ ਪਾਈਓ ਪਿਆਰ ਜ਼ਰਾ।

*ਕ੍ਰਿਤ ਉਸੇ ਦਾ ਗੀਤ ਮਨ ਭਾਇਆ, "ਕੋਮਲ" ਨੂੰ ਜਿਸ ਇਧਰ ਲਗਾਇਆ।

ਮਤਲਬ ਬਿਨ ਕੋਈ ਨਹੀਂ ਆਂਦਾ

ਕਦੀ ਪਾਸ ਕਿਸੇ ਦੇ ਜੀ ਸਜਨ,
ਮਤਲਬ ਬਿਨ ਕੋਈ ਨਹੀਂ ਆਂਦਾ।

ਜਦ ਤਕ ਰਜਿਆ ਬੱਚਾ ਰਹਿੰਦਾ,
ਸੁੱਤਾ ਜਾਂ ਹਸਦਾ ਰਹੇ ਖਹਿੰਦਾ।
ਜਦੋਂ ਪੇਟ 'ਚ ਭੁੱਖ ਸਤਾਂਦੀ ਏ,
ਰੋ ਪੈਂਦਾ ਚੀਕੇ ਕੁਰਲਾਂਦਾ। ਮਤਲਬ ਬਿਨ......

ਮਮਤਾ ਵਿਚ ਜਕੜੀ ਮਾਂ ਭੁੱਖੀ,
ਸੁਣ ਕੇ ਰੋਣਾ ਹੋ ਪਏ ਦੁਖੀ,
ਹੋ ਵਡਾ ਸੇਵ ਕਰੇਗਾ ਇਹ,
ਥਣੋਂ ਦੁੱਧ, ਇਹ ਭਾਵ ਹੈ ਵਰਸਾਂਦਾ। ਮਤਲਬ ਬਿਨ......

ਜਦੋਂ ਮਦਨ ਤਰੰਗ ਦੀ ਕਾਂਗ ਉਠੇ,
ਨਾਰੀ ਪਤੀ ਤੇ ਕਰ ਕਰ ਸ੍ਵਾਂਗ ਤੁਠੇ,
ਦੇਖ ਹਾਰ ਸ਼ਿੰਗਾਰ ਨਵਾਂ ਜੋਬਨ,
ਘਾਇਲ ਹੋ, ਮੱਟਕਿਉਂ ਗਲਿ ਲਾਂਦਾ। ਮਤਲਬ ਬਿਨ......

"ਇਸਤ੍ਰੀ ਪੁਰਖੈ ਖਟਿਐ ਭਾਉ,
ਭਾਂਵੇ ਆਵੈ ਭਾਵੈ ਜਾਉ",
ਇਹ ਅਮਰ ਅਟਲ ਫ਼ੁਰਮਾਨ ਸਹੀ,
ਗੁਰੂ ਗ੍ਰੰਥ ਸੱਚਾ ਹੈ ਫ਼ੁਰਮਾਂਦਾ। ਮਤਲਬ ਬਿਨ......

ਜਾਣੇ ਜਦੋਂ ਬੱਚਾ ਬਾਪੂ ਲਿਆਇਆ,
ਕੋਈ ਚੀਜ਼ ਖਿਡੌਣਾ ਮਨ ਭਾਇਆ,
ਮਿੱਠਾ ਮੇਵਾ ਬਰਫ਼ੀ ਸ਼ਰੀਨੀ,
ਭਜ ਭਜ ਬਾਪੂ ਵਲ ਹੈ ਧਾਂਦਾ। ਮਤਲਬ ਬਿਨ......

ਦੇਖੇ ਜਦੋਂ ਬਾਪੂ ਹੱਥ ਖ਼ਾਲੀ ਹੈ,
ਨਾ ਪਾਏ ਪ੍ਰੀਤ-ਭਿਆਲੀ ਹੈ,
ਰੋ ਪੈਂਦਾ ਰੁਸ ਨਸ ਭਜਦਾ ਹੈ,
ਕਰੋ ਪਿਆਰ ਅਗੋਂ ਹੈ ਠੁਕਰਾਂਦਾ। ਮਤਲਬ ਬਿਨ......

ਗ਼ਰਜ਼ਾਂ ਲਈ ਬਣਦੇ ਯਾਰ ਕਈ,
ਗੱਲੀਂ ਕਥੀਂ ਹਿਤੂ ਮਦਦਗਾਰ ਕਈ,
ਸੁਖ ਚੈਨ ਸਮੇਂ ਸੁਖ ਚੈਨ ਲੈਣ,
ਬਿਪਤਾ 'ਚ ਨਾ ਮੁਖ ਕੋਈ ਦਿਖਲਾਂਦਾ। ਮਤਲਬ ਬਿਨ......

ਮਤਲਬ ਵਿਚ ਨਿਰਧਨ ਕੰਗਲੇ ਦੀ,
ਹੀਣੇ ਨੀਵੇਂ ਪਤਿਤ ਪਿੰਗਲੇ ਦੀ,
ਰਾਜੇ ਰਿਸ਼ੀ ਅਮੀਰ ਭੀ ਇੱਜ਼ਤ ਕਰਨ,
ਸ਼ਾਹ ਟੁਰ ਗਦਾਹ ਦੇ ਘਰ ਜਾਂਦਾ। ਮਤਲਬ ਬਿਨ......

ਗੁਣ ਸਿਖਣ ਵਿੱਦਿਆ ਪੜ੍ਹਨ ਲਈ,
ਪਸ਼ੂ ਮੂਰਖੋਂ ਪੰਡਿਤ ਬਣਨ ਲਈ,
ਝੁੱਗੀ ਆਲਿਮ ਦੇ ਪਰਕਰਮਾ-ਕਰੂ,
ਪੜ੍ਹ; ਉਧਰ ਦੇਖਣੋਂ ਸ਼ਰਮਾਂਦਾ। ਮਤਲਬ ਬਿਨ......

ਹੈ ਜੱਗ ਦੀ ਝੂਠੀ ਪ੍ਰੀਤ ਸਾਰੀ,
ਹਿਤ ਝੂਠੇ ਸਵਾਰਥੀ ਰੀਤ ਸਾਰੀ,
ਸਚੀ ਸੁਚੀ ਪ੍ਰੀਤ ਬਿਨਾਂ "ਕੋਮਲ",
ਬੰਦਾ ਪਛਤਾਂਦਾ ਕੁਰਲਾਂਦਾ। ਮਤਲਬ ਬਿਨ......

ਦੁਹਾਈ ਲੋਕੋ !!

ਜਰਨੀ ਔਖੀ ਇਸ਼ਕ-ਬਿਮਾਰੀ ! ਦੁਹਾਈ ਲੋਕੋ ! ਜਰਨੀ ਔਖੀ !
ਇਸ ਪ੍ਰੀਤ ਦੀ ਰੀਤ ਨਿਆਰੀ ! ਦੁਹਾਈ ਲੋਕੋ ! ਜਰਨੀ ਔਖੀ !

ਅੱਖਾਂ ਥਾਣੀ ਲਹਿ, ਦਿਲ 'ਚ ਗਿਆ ਕੋਈ,
ਸਹਿਜੇ ਹੀ ਦਿਲ ਦਾ ਹੋ ਗਿਆ ਕੋਈ,
ਉਹ ਸੁੰਦਰ ਮੂਰਤਿ ਪਿਆਰੀ । ਦੁਹਾਈ ਲੋਕੋ

ਜੱਗ ਨਾ ਭਾਵੇ, ਕੰਮ ਕਾਜ ਨਾ ਆਵੇ,
ਰਾਤ ਦਿਹੁੰ ਉਹਦੀ ਯਾਦ ਸਤਾਵੇ,
ਚੜ੍ਹੀ ਰਹਿੰਦੀ ਅਜਬ ਖ਼ੁਮਾਰੀ । ਦੁਹਾਈ ਲੋਕੋ

ਪੀੜ ਦੁਖਾਂ ਦੀ, ਬ੍ਰਿਹੁੰ ਅੱਗ ਜਲਾਂਦੀ,
ਕਿਵੇਂ ਗੁਜ਼ਾਰਾਂ ਝੁਟ ਸਮਝ ਨ ਆਂਦੀ,
ਹਰ ਗੱਲੇ ਮੁਸੀਬਤ ਭਾਰੀ । ਦੁਹਾਈ ਲੋਕੋ

ਭੇਤ ਲੁਕਾਵਾਂ, ਕਿਵੇਂ ਅੱਗ ਬੁਝਾਵਾਂ,
ਜਗ ਤੋਂ ਡਰ, ਮਾਹੀ ਤੋਂ ਸ਼ਰਮਾਵਾਂ,
ਰਖਾਂ ਜਗ ਜਾਂ ਪ੍ਰੀਤ ਪਿਆਰੀ ? ਦੁਹਾਈ ਲੋਕੋ

ਰੱਖਿਆ ਹੈ ਜਾਣਾ ਇਕ ਹੀ ਪਾਸਾ,
ਮਾਹੀ ਬਿਨ ਰੋਣਾ, ਜਗ ਬਿਨ ਹਾਸਾ,
ਜੀਤ ਹਾਰ ਹੈ ਤੇਗ਼ ਦੁਧਾਰੀ । ਦੁਹਾਈ ਲੋਕੋ

ਦਿਲ ਵਿਚੋਂ ਪ੍ਰੀਤ-ਰੁਖ ਪੁਟਣਾ ਔਖਾ,
ਹਾਰ ਗਲੇ ਦਾ ਕੱਢ ਸੁਟਣਾ ਔਖਾ,
'ਕੋਮਲ' ਬਸ ਗਿਆ ਦਿਲ ਮਝਾਰੀ । ਦੁਹਾਈ ਲੋਕੋ

ਇਕ ਸਪਤਾਹ

ਸਜਣ ! ਇਕ ਸਪਤਾਹ ਤਾਂ ਕਿਤੇ ਰਿਹਾ,
ਤਿੰਨ ਬੀਤੇ ਚੌਥਾ ਰਿਹਾ ਆ।

ਰਾਹ ਤਕ ਪਥਰਾਈਆਂ ਅੱਖਾਂ,
ਮੈਂ ਔਂਸੀਆਂ ਪਾਈਆਂ ਲੱਖਾਂ।

ਪੀਰ ਫ਼ਕੀਰ ਸੇਵ ਕੇ ਅਕ ਗਈ,
ਬਾਂਹ ਥਕੀ ਕਾਗ ਉਡਾ।

ਸਿਖਸ਼ਾ ਸੁਪਨੇ ਦੀ ਕਿਵੇਂ ਭੁਲਾਈ,
"ਜਾਨ" ਗ਼ਮਾਂ ਵਿਚ ਕਿਵੇਂ ਰੁਲਾਈ।

ਪਾਤੀ ਭੀ ਨ ਪਾਈ ਸਜਣ
ਕਿਸ ਲਿਆ ਤੈਨੂੰ ਭਰਮਾ।

ਇਹ ਕਹਿਣਾ ਮੈਂ ਹੁਣ ਪਛਤਾਵਾਂ,
ਮਨ ਭੁਲੇ ਨੂੰ ਲਾਅਨਤਾਂ ਪਾਵਾਂ।

ਕਿਉਂ ਕੀਤਾ ਤੈਨੂੰ ਬੇਚੈਨ,
ਪਾ ਕੇ ਪ੍ਰੀਤ ਦੇ ਉਲਟੇ ਰਾਹ।

ਹੱਛਾ ਹੁਣ ਮੈਂ ਜਤਨ ਕਰਾਂਗਾ,
ਪ੍ਰੀਤ ਝੱਨਾਂ ਦੇ ਪੱਤਣ ਤਰਾਂਗਾ।
ਠੰਢਾ ਸੁਖੀ ਕਰੂੰ ਮਨ ਦੇ ਲੈ,
ਦਰਸ਼ਨ ਹਰ ਸਪਤਾਹ।

ਮਨ ਜਾਣੇ ਸਭ ਕੁਝ ਫਿਰ ਭੁਲੇ,
ਹੱਥ ਦੀਵਾ ਖੂਹ 'ਚ ਗਿਰ ਰੁਲੇ।
ਭੁਲਣਾ, ਦਸ਼ਾ ਸਮਝ ਬ੍ਰਿਹਨਿ ਦੀ,
ਇਸ ਸਮ ਨਾ ਹੋਰ ਗੁਨਾਹ।

ਡਰ ਲਗਦਾ ਉੱਕੇ ਭੁਲ ਨਾ ਬੈਠੋ,
ਸੰਗ ਕਿਸੇ ਤਤੀ ਘੁਲ ਨਾ ਬੈਠੋ।
"ਕੋਮਲ" ਅੱਗ ਇਹ ਲਗੀ ਨ ਬੁਝਦੀ,
ਰੋਂਦੇ ਉਮਰ ਨ ਜਾਏ ਵਿਹਾ।

ਸਜਣ ਇਕ ਸਪਤਾਹ ਤਾਂ ਕਿਤੇ ਰਿਹਾ,
ਤਿੰਨ ਬੀਤੇ ਚੌਥਾ ਰਿਹਾ ਆ।

ਦਿਲ ਦੇ ਭੇਤ

ਦਿਲ ਦੇ ਬੈਠਾ ਐਸੀ ਸਜਣੀ ਨੂੰ,
ਜਿਹੜੀ ਸੁਣ ਲੈਂਦੀ ਅਗੋਂ ਹੱਸ ਪੈਂਦੀ;
ਪਰ ਦਿਲ ਦੇ ਭੇਤ ਨਾ ਖੋਲ੍ਹਦੀ ਏ।

ਸੁਣ ਸਜਨੀ ਏਹਦਾਂ ਤੜਪਾਈਦਾ ਨਹੀਂ,
ਕਿਸੀ ਦੁਖੀ ਨੂੰ ਹੋਰ ਸਤਾਈਦਾ ਨਹੀਂ,
ਹੁਸਨ ਦਾਤ ਰੱਬ ਦੀ ਦਸ ਕੀ ਤੇਰਾ,
ਸਭ ਕੁਝ ਜਾਣਦੀ ਦਿਲ ਨੂੰ ਰੋਲਦੀ ਏ।
ਪਰ ਦਿਲ ਦੇ ਭੇਤ ਨਾ ਖੋਲ੍ਹਦੀ ਏ।

ਪਿਆਰ ਕਰੇ ਬਿਮਾਰ ਲਾਚਾਰ ਹਾਏ,
ਲਗੇ ਕੁਝ ਨਾ ਚੰਗਾ ਸੰਸਾਰ ਦਾ ਏ,
ਭਾਵੇ ਸਜਨੀ ਦੂਜੇ ਮਿੱਠੇ ਬੋਲ ਉਹਦੇ,
ਹਾਏ ! ਉਹ ਬੋਲ ਪ੍ਰੇਮ ਨਾ ਬੋਲਦੀ ਏ।
ਪਰ ਦਿਲ ਦੇ ਭੇਤ ਨਾ ਖੋਲ੍ਹਦੀ ਏ।

ਹਰ ਸਮੇਂ ਅਫ਼ਸਾਨਾ ਹੀ ਰਹੀ ਤੀਵੀਂ,
ਸਮਝ ਸਕੀ ਨਾ ਕਿਸੇ ਨੇ ਸਹੀ ਤੀਵੀਂ,
ਰਿਹਾ ਸਦਾ ਅੜਾਉਣੀ ਮਨ ਇਹਦਾ।
ਹਾਵ ਭਾਵ ਸੰਗ ਕੀ ਇਹ ਭੇਤ ਖੋਲ੍ਹਦੀ ਏ।
ਪਰ ਦਿਲ ਦੇ ਭੇਤ ਨਾ ਖੋਲ੍ਹਦੀ ਏ।

ਕੁਝ ਕੁ ਮਨੋ-ਵਿਗਿਆਨ ਮੈਂ ਜਾਣਦਾ ਹਾਂ,
ਤੈਨੂੰ ਸਮਝਦਾ ਭੀ ਨਾ ਸਿਆਣਦਾ ਹਾਂ,
ਸੁਥਰੇ ਸ਼ਾਹ ਦੀ ਚਿੜੀ ਦੀ ਕਥਾ ਵਾਂਗੂ,
ਜਜ਼ਬੇ ਰਹੀ ਤੀਵੀਂ ਸਦਾ ਰੋਲਦੀ ਏ।
ਪਰ ਦਿਲ ਦੇ ਭੇਤ ਨਾ ਖੋਲ੍ਹਦੀ ਏ।

ਬਸ ਕਰ ਸਜਨੀ ਹੁਣ ਹਦ ਨਾ ਕਰ,
ਦਿਲ ਨੂੰ ਦਿਲ 'ਚ ਰਖ ਕੀਤਾ ਜੋ ਹਾਜ਼ਰ,
ਤੋਤਾ-ਚਿਸ਼ਮ ਬਣ ਕੇ ਠੁਕਰਾਈਂ ਨਾ ਦਿਲ,
ਠੋਕਰ ਨੱਸ ਨੱਸ 'ਚ ਵਿਸ ਘੋਲਦੀ ਏ।
ਪਰ ਦਿਲ ਦੇ ਭੇਤ ਨਾ ਖੋਲ੍ਹਦੀ ਏ।

ਭਾਵੇਂ ਜਾਇਜ਼ਾ ਤੁੱਧ ਦਾ ਲਏ ਬਿਨਾਂ,
ਠਿੱਲ੍ਹ ਪਿਆ ਵਿੱਚ ਪ੍ਰੇਮ ਦੀ ਮੈਂ ਝਨਾਂ,
ਤੂੰ ਠੁਕਰਾਏਂ "ਕੋਮਲ" ਮੈਂ ਮੁੜ ਪ੍ਰੀਤ ਕਰਸਾਂ,
ਜਦ ਤਕ ਰੂਹ ਪਿੰਜਰ ਵਿਚ ਬੋਲਦੀ ਏ।
ਪਰ ਦਿਲ ਦੇ ਭੇਤ ਨਾ ਖੋਲ੍ਹਦੀ ਏ।

ਮਧੁਰ ਜਾਨ ਜੀਵੇ

ਰੋਗ ਰਹਿਤ ਅਚਿੰਤ ਬਲਵਾਨ ਥੀਵੇ।
ਪਰਲੋ ਤੀਕ ਰੱਬਾ ਮਧੁਰ ਜਾਨ ਜੀਵੇ।

ਚਿਹਨ ਚੱਕਰ ਨਾ ਅੰਗ ਬਦਲਾਈਂ ਇਸ ਦੇ,
ਇਕ ਰਸ ਰਖ ਜਰੁ ਕਦੀ ਨਾ ਲਿਆਈਂ ਇਸ ਤੇ,
ਸ਼ਾਲਾ ! ਨਿੱਤ ਹੀ ਮਧੁਰ ਜਵਾਨ ਥੀਵੇ,
ਪਰਲੋ ਤੀਕ ਰੱਬਾ ਮਧੁਰ ਜਾਨ ਜੀਵੇ।

ਸੁਤੇ ਪਿਆਰ ਜਜ਼ਬੇ ਨੂੰ ਜਗਾਇਆ ਹੈ ਜਿਸ,
ਸੱਚੀ ਪ੍ਰੀਤ ਦਾ ਰਾਹ ਦਿਖਾਇਆ ਹੈ ਜਿਸ,
ਚਮਕੇ ਸ਼ੁਭ ਗੁਣੀ ਸਦਾ ਸਮਾਨ ਦੀਵੇ,
ਪਰਲੋ ਤੀਕ ਰੱਬਾ ਮਧੁਰ ਜਾਨ ਜੀਵੇ।

ਦੀਵੇ ਵਾਂਗ ਪਤੰਗ ਪਰ ਨਾ ਸੜਨ ਦੇਵੇ,
ਇਕ ਬਿਨ ਗ਼ੈਰ ਨੂੰ ਦਿਲ 'ਚ ਨਾ ਵੜਨ ਦੇਵੇ,
ਸਦਾ ਮੁਝ ਦੇ ਵਿੱਚ ਧਿਆਨ ਖੀਵੇ,
ਪਰਲੋ ਤੀਕ ਰੱਬਾ ਮਧੁਰ ਜਾਨ ਜੀਵੇ।

ਮਿੱਠੇ ਬੋਲਾਂ ਸੰਗ ਪ੍ਰੀਤ-ਰਸ ਘੋਲਦੀ ਰਹੇ,
ਕੋਇਲ ਵਾਂਗ ਪ੍ਰੀਤ-ਗੀਤ ਬੋਲਦੀ ਰਹੇ,
ਸੁਣ ਰੂਹ ਨਿਤ ਮੇਰੀ ਜਵਾਨ ਥੀਵੇ,
ਪਰਲੋ ਤੀਕ ਰੱਬਾ ਮਧੁਰ ਜਾਨ ਜੀਵੇ।

ਬੁਲਬੁਲ ਵਾਂਗ ਚਮਨ 'ਚ ਸਦਾ ਟਹਿਕੇ,
ਪੁਹਪ ਵਾਂਗ ਖ਼ੁਸ਼ਬੂ ਉਹਦੀ ਸਦਾ ਮਹਿਕੇ,
ਸਦਾ ਵਸੇ ਚਮਨ, ਨਾ ਵੈਰਾਨ ਥੀਵੇ,
ਪਰਲੋ ਤੀਕ ਰੱਬਾ ਮਧੁਰ ਜਾਨ ਜੀਵੇ।

ਦਿੰਦੀ ਨਿੱਘ ਪਿਆਰ ਦੀ ਰਹੇ ਮੈਨੂੰ.
ਹਰ ਤਰ੍ਹਾਂ ਸੰਵਾਰਦੀ ਰਹੇ ਮੈਨੂੰ,
ਪ੍ਰੀਤ "ਕੋਮਲ" ਦੀ 'ਚ ਗ਼ਲਤਾਨ ਥੀਵੇ,
ਪਰਲੋ ਤੀਕ ਰੱਬਾ ਮਧੁਰ ਜਾਨ ਜੀਵੇ।

ਪ੍ਰੀਤ - ਚਿੰਗਾੜੀ

ਤਰਸ ਕਰ ਸਰਸ ਕਰ ਦਰਸ-ਔਸ਼ਧੀ ਦੇ,
ਦੁਖੀ ਬਿਰਹੀ ਉਤੇ ਨੀ ! ਰਹਿਮਤ ਵਰ੍ਹਾ ਦੇ।

ਮੈਂ ਤੇਰਾ ਤੂੰ ਮੇਰੀ, ਤੂੰ ਮੈਂ, ਮੈਂ ਤੂੰ ਹੋਵੇਂ,
ਹਾਂ ਦੋਵੇਂ ਇਕੋ ਹੀ ਅਸਲ 'ਚ ਜਿਤਾ ਦੇ।

ਦੀਵਾਨਾ ਹੀ ਕੀ ਪਰਵਾਨਾ ਹਾਂ ਬਣਿਆ,
ਸ਼ਮ੍ਹਾ-ਹੁਸਨ 'ਚ ਪ੍ਰੀਤ ਦਾ ਤੇਲ ਪਾ ਦੇ।

ਇਹਦੀ ਰੋਸ਼ਨੀ ਸੰਗ ਮੈਂ ਰੋਸ਼ਨ ਕਰਾਂ ਦਿਲ,
ਰਖੀਂ ਸਦਾ ਜਗਦਾ ਨਾ ਦੀਵਾ ਹਿਸਾ ਦੇ।

ਦਿਲੋਂ ਪ੍ਰੀਤ ਕਰਦਾ ਰਹਾਂ ਪ੍ਰੀਤ ਬਦਲੇ,
ਅਣੂ-ਪ੍ਰੀਤ ਸੰਗ ਪ੍ਰੀਤ ਚੌਣੀ ਜਗਾ ਦੇ।

ਨਾ ਖ਼ਾਹਿਸ਼ ਕਬਜ਼ਾ ਨਾ ਖ਼ਾਹਿਸ਼ ਨਫ਼ਸੀ,
ਇਸ਼ਕ ਬਹੁਤ ਉੱਚਾ ਇਨ੍ਹਾਂ ਤੋਂ ਜਿਤਾ ਦੇ।

ਚਿੰਗਾੜੀ ਸਦੀਵੀ ਸੁਲਗਦੀ ਰਹੇ ਇਹ,
ਲਗੀ ਬਿਰਹਾ-ਅੱਗ ਨੂੰ ਬੁਝਾ ਦੇ ਬੁਝਾ ਦੇ।

ਮਿਸਾਲ ਨਵੀਂ ਰਖ ਦੇ ਦੁਨੀਆ 'ਚ "ਕੋਮਲ",
ਹੈ ਇਸ਼ਕ ਮਜਾਜ਼ੀ, ਹਕੀਕੀ ਦਿਖਾ ਦੇ।

ਖੋਟਾ ਮਾਹੀ

ਲੁਟ ਦਿਲ ਲਿਆ ਜਿਸ ਮਾਹੀ ਖੋਟੇ,
ਹੁਣ ਸੁਣੇ ਨਾ ਕੂਕ ਫ਼ਰਿਆਦ ਹਾਇ!

ਪਹਿਲਾਂ ਅੱਖਾਂ ਥਾਣੀ ਦਿਲ ਵਿਚ ਲਹਿ ਗਏ,
ਗੱਲਾਂ ਭੇਤ ਦੀਆਂ ਅੱਖਾਂ ਰਾਹੀਂ ਕਹਿ ਗਏ।

ਪਹਿਲੀ ਨਜ਼ਰ ਰਾਹੀਂ ਕਰ ਕੇ ਦਿਲ ਜ਼ਖ਼ਮੀ।
ਛਡ ਗਏ ਸਦਾ ਲਈ ਆਪਣੀ ਯਾਦ ਹਾਇ!
ਹੁਣ ਸੁਣੇ ਨਾ ਕੂਕ ਫ਼ਰਿਆਦ ਹਾਇ!

ਗੱਲਾਂ ਭੇਤ ਦੀਆਂ ਸੱਚੇ ਹੇਤ ਦੀਆਂ,
ਪੱਥਰ-ਲੀਕਾਂ ਦੀਵਾਰਾਂ ਨਾ ਰੇਤ ਦੀਆਂ,

ਕਈਆਂ ਜਨਮਾਂ ਦੇ ਜਾਗੇ ਸੰਸਕਾਰ ਸੁੱਤੇ,
ਹੋ ਜਾਣ ਨਾ ਮੁੜ ਬਰਬਾਦ ਹਾਇ!
ਹੁਣ ਸੁਣੇ ਨਾ ਕੂਕ ਫ਼ਰਿਆਦ ਹਾਇ!

ਨਹੀਂ ਮੋਹ ਇਹ, ਰੱਬੀ ਰਾਜ਼ ਕੋਈ,
ਛਿੜ ਪੈਂਦਾ ਹੈ ਹਿੱਕ 'ਚ ਸਾਜ਼ ਕੋਈ,

ਪੀਆ! ਪੀਆ!! ਦੀ ਮਿਠੀ ਅਵਾਜ਼ ਬਾਝੋਂ,
ਸ਼ਬਦ ਦੇ ਨਾ ਹੋਰ ਸਵਾਦ ਹਾਇ!
ਹੁਣ ਸੁਣੇ ਨਾ ਕੂਕ ਫ਼ਰਿਆਦ ਹਾਇ!

ਚੜ੍ਹਿਆ ਜੀਭ ਤੇ ਉਸ ਦਾ ਨਾਂ ਰਹਿੰਦਾ,
ਸ਼ੀਸ਼ੇ ਮਨ ਦੇ 'ਚੋਂ ਚਿਤਰ ਨਜ਼ਰ ਆਂਦਾ,

ਖਾਣਾ ਪੀਣਾ ਤੇ ਪਹਿਨਣਾ ਭਾਂਵਦਾ ਨਾ,
ਸੁਧ ਬੁਧ ਵਿਗੜੀ ਦਿਲ ਨਾ-ਸ਼ਾਦ ਹਾਏ !
ਹੁਣ ਸੁਣੇ ਨਾ ਕੂਕ ਫ਼ਰਿਆਦ ਹਾਏ !

ਇਸ ਖਿਚ ਨਿਰਾਲੀ 'ਚ ਆਰਾਮ ਕਿੱਥੇ,
ਅੱਖਾਂ ਰਹਿਣ ਖੁਲ੍ਹੀਆਂ ਬਿਸਰਾਮ ਕਿੱਥੇ,

ਰਾਹ ਤਕ ਪਥਰਾਏ ਨੈਣ ਹੋਇ ਕੈਦੀ,
ਬਿਨਾਂ ਦੀਦ ਨਾ ਹੋਣ ਆਜ਼ਾਦ ਹਾਏ !
ਹੁਣ ਸੁਣੇ ਨਾ ਕੂਕ ਫ਼ਰਿਆਦ ਹਾਏ !

ਵਗ ਤੇਜ਼ ਪੁਰੇ ਦੀਏ ਹਾਏ ਪੌਣੇ !
ਲੈ ਜਾ ਕੀਰਨੇ ਮੇਰੇ ਨਾਲੇ ਇਹ ਰੋਣੇ,

ਮਨ-ਰਸੀਵਰ ਸੰਗ ਜਾਂ ਟਕਰਾਣ ਜਾ ਕੇ,
"ਕੋਮਲ" ਆ ਜਾਵੇ ਭਾਵੇਂ ਯਾਦ ਹਾਏ !
ਹੁਣ ਸੁਣੇ ਨਾ ਕੂਕ ਫ਼ਰਿਆਦ ਹਾਏ !

ਪਛਤਾਵਾ

ਸਜਣ ਆਪ ਮਿਲਣ ਸਨ ਆਏ,
ਉਫ਼ ! ਬ੍ਰਿਹਨਿ ਮੈਂ ਦੁਖਿਆਰੀ ਨੂੰ ।

ਢੂੰਡ ਥਕੇ ਪਰ ਮਿਲੇ ਨਾ ਮੈਨੂੰ,
ਛਡ ਤੁਰ ਗਏ ਪ੍ਰੀਤ-ਪੁਜਾਰੀ ਨੂੰ ।

ਸੁਣਿਆ ਜਦੋਂ ਕਿਸੇ ਤੋਂ ਮੈਂ ਇਹ,
ਬਖ਼ਸ਼ਸ਼ ਸਨ ਆਏ ਦਾਨ ਕਰਨ;

ਦੁਖਿਆ ਸੀਨਾ ਅਥਰੂ ਵਰਸਨ,
ਪੁਟ ਸੁਟਿਆ ਮਾਂਗ ਸੁਆਰੀ ਨੂੰ ।

ਆਹ ! ਦਰਸ਼ਨ ਹੋ ਜਾਂਦੇ ਸਜਣ !
ਛਾਤੀ ਸੀਤਲ ਮਨ ਸੁਖ ਪਾਂਦਾ ।

ਅਖੋਂ ਕੇਰ ਚਰਨਾਂ ਤੇ ਅਥਰੂ,
ਬ੍ਰਿਹਨ ਦਾ ਸਭ ਮਿਟ ਦੁਖ ਜਾਂਦਾ ।

ਪ੍ਰੇਮ-ਤਕਣੀ ਤਕ ਕੇ ਮੇਰੇ,
ਤਨ ਵਿੱਚ ਨਵੀਂ ਰੂਹ ਚਾ ਭਰ ਦੇ ;

ਪਰ ਭਾਗਾਂ ਵਿੱਚ ਦਰਸ਼ਨ ਨਾ ਸਨ,
ਮਨ ਬਿਰਹੀ: ਕਿਵੇਂ ਭੁਖ ਮਿਟਾਂਦਾ ।

ਸਦਕੇ ਜਾਵਾਂ ਕਦਮਾਂ ਤੋਂ ਮੈਂ,
ਨਾਲ ਜਿਨ੍ਹਾਂ ਤੁਰ ਫੇਰਾ ਪਾਇਆ।

ਬਖ਼ਸ਼ੋ ਭੁਲਣਹਾਰੀ ਨੂੰ ਪੀਅ,
ਦਿਲ ਜੋ ਐਵੇਂ ਤੇਰਾ ਤਾਇਆ।

ਕਾਸ਼ ! ਪਤਾ ਆਵਣ ਦਾ ਲਗਦਾ,
ਅੱਖਾਂ ਸੰਗ ਤੁਰ ਪ੍ਰੀਤਮ ਆਂਦੀ;

ਸਦਕੇ ਜਾਂਦੀ ਘੋਲ ਘੁਮਾਂਦੀ,
ਤੂੰ ਅੰਦਰ ਨੈਣਾਂ ਡੇਰਾ ਲਾਇਆ।

ਭੀ ਧੰਨਵਾਦ ਕਰਾਂ ਮੈਂ ਜਾਨੀ !
ਕੀਤਾ ਅੰਗਣ ਪਾਕ ਨਿਮਾਨੀ ਦਾ।

ਮਹਿਕ ਪਿਆ ਚਰਨਾਂ ਸੰਗ ਤੇਰੇ,
ਹਰ ਜ਼ਰਾ ਉਤਭੁਜ ਤੇ ਖਾਨੀ ਦਾ।

ਕੋਸ਼ ਤੇਰੇ ਤੋਂ ਨਿਕਲੇ ਅਣੂ ਸ਼ੁਭ,
ਪ੍ਰੀਤ-ਦਾਨ ਫ਼ਿਜ਼ਾ 'ਚ ਕਰਸਨਗੇ;

ਦਿਲ ਬਾਗ ਉਨ੍ਹਾਂ ਸੰਗ ਰਹੂ ਸੱਦਾ,
"ਕੋਮਲ" ਖਿੜਿਆ ਪ੍ਰੀਤ ਦੀਵਾਨੀ ਦਾ।

ਦਿਨ ਡੁਬਣ ਵੇਲੇ

ਦਿਨ ਡੁਬਣ ਵੇਲੇ,
ਹੋਏ ਪੀਅ ਸੰਗ ਮੇਲੇ,
ਉਹ ਹੱਸ ਕੇ ਬੋਲੇ :
ਕਿਉਂ ਸਜਣ ਭੋਲੇ,
ਦਸੋ ਖ਼ੁਸ਼ ਬੜੇ ਹੋ ?

ਕੀ ਫ਼ਿਕਰ ਤੁਹਾਨੂੰ,
ਐਵੇਂ ਪੁਛੋ ਕਾਹਨੂੰ,
ਜੋ ਬੀਤੇ ਹੋਵੇ,
ਕੋਈ ਹੱਸੇ ਰੋਵੇ,
ਹੋ ਦਰਦੀ ਖੜੇ ਹੋ ।

ਅੱਜ ਕੀ ਗੱਲ ਹੋਈ,
ਮੇਰੀ ਜਾਨ ਕਿਉਂ ਰੋਈ,
ਇਸ ਲਈ ਹੋ ਆਏ :
ਪ੍ਰੀਤ-ਨਿਘ ਮਹਿਕਾਏ,
ਕਿ ਆਏ ਲੜਨ ਰੜੇ ਹੋ ?

ਉਹ ਜੁ ਖੇਖਣਹਾਰੀ,
ਕਿਹਾ ਮੈਂ ਸੌ ਵਾਰੀ,
ਨਾ ਉਸ ਸੰਗ ਬੋਲੋ.
ਮਿੱਠੇ ਬਚਨ ਨਾ ਰੋਲੋ,
ਆਸੀਂ ਪੈਣ ਗੜੇ ਹੋ ।

ਬਸ ਇਹੋ ਹੀ ਗੱਲ ਸੀ,
ਪਾਈ ਤਰਥਲ ਸੀ,
ਭਲਾ ਬੁਰੇ ਦਾ ਕਰਨਾ,
ਗੁੱਸਾ ਨਾ ਮਨਿ ਧਰਨਾ,
ਨਾ ਜਿੰਦ ਕੜ੍ਹੇ ਹੋ।

ਕਾਲੇ-ਭੌਰ ਦੀ ਵਾਦੀ,
ਜੁਗਾਂ ਤੋਂ ਨਰ ਆਦੀ,
ਰੂਪ ਹੁਸਨ ਇਹ ਚਾਹੇ,
ਦੇਖ ਵਿਛ ਵਿਛ ਜਾਏ,
ਭਾਵੇਂ ਨੈਣ ਲੜੇ ਹੋ।

ਹੂਰਾਂ ਤੁਰ ਤੁਰ ਆਵਣ,
ਨਾ ਮਨ ਭਰਮਾਵਣ,,
ਜਿੱਥੇ ਸਰਕਾਰ ਬਸੀ ਹੈ,
ਰੋਮ ਰੋਮ ਧੱਸੀ ਹੈ,
ਕਿਵੇਂ ਗ਼ੈਰ ਵੜੇ ਹੋ।

ਹਾਏ ! ਗ਼ੁੱਸਾ ਧਾਰ ਖਲੋਤੀ,
ਭੁਲ ਉਪਕਾਰ ਖਲੋਤੀ,
ਉੱਚੀ ਬੋਲ ਮੈਂ ਬੋਲੇ,
ਕਈ ਕੁਫ਼ਰ ਮੈਂ ਤੋਲੇ,
ਸ਼ੀਲ-ਹੀਨ ਹੋਈ ਮੈਂ।

ਉਹ ਹੋਏ ਉਦਾਸ,
ਦੁਖ ਪਏ ਨਿਰਾਸ,
ਉਹ ਚੁਪ ਹੋਏ ਤਕਣ,
ਕੁਝ ਬੋਲ ਨਾ ਸਕਣ,
ਗ਼ਮਗ਼ੀਨ ਹੋਈ ਮੈਂ।

ਉਧਰ ਅਥਰੂ ਵਰ੍ਹਨ ਪਏ,
ਇਧਰ ਹੰਝੂ ਝਰ੍ਹਨ ਪਏ,
ਉਧਰ ਆਹਾਂ ਤਿਲਕਣ,
ਇਧਰ ਹੌਕੇ ਸਿਸਕਣ,
ਜ਼ਿੰਦ-ਹੀਨ ਹੋਈ ਮੈਂ।

ਬਿਟ ਬਿਟ ਮੈਨੂੰ ਤਕਣ,
ਮੇਰੇ ਨੈਣ ਦੋ ਝੁਕਣ,
ਨੀਵਾਂ ਸਿਰ ਕਰ ਲੀਤਾ,
ਤੇ ਗੋਡੇ ਧਰ ਲੀਤਾ,
ਮਦ ਹੀਨ ਹੋਈ ਮੈਂ।

ਉਹ ਉੱਠ ਖਲੋਤੇ,
ਬੂਹੇ ਪਾਸ ਜਾ ਪਹੁਤੇ,
ਸੀ ਮੈਂ ਜਾਤਾ ਕਿ ਮੋਈ,
ਅਗੋ ਹੱਥ ਬੰਨ੍ਹ ਖਲੋਈ,
ਅਤਿ ਦੀਨ ਹੋਈ ਮੈਂ।

ਉਨ੍ਹਾਂ ਪਟਕ ਬਹਾਇਆ,
ਮੈਂ ਮੱਟਕ ਹਸਾਇਆ,
ਉਨ੍ਹਾਂ ਕੰਨ ਫੜ ਪੁਟੇ,
ਮੈਂ ਚਰਨ ਫੜ ਘੁਟੇ,
ਦੁਖ ਹੀਨ ਹੋਈ ਮੈਂ।
ਦਿਨ ਡੁਬਣ ਵੇਲੇ,
ਹੋਏ ਪੀਅ ਸੰਗ ਮੇਲੇ।

ਤਰਸ ਕਰ

ਸੁਣਿਆ ਸਦ ਕਦੀ ਦਿਲ-ਜਰਸ* ਤਾਂ ਕਰ,
ਜੀ! ਨਾ ਬਣ ਪੱਥਰ-ਦਿਲ ਤਰਸ ਤਾਂ ਕਰ।

ਤਰਸ ਕਰਨ ਦੀ ਜੇ ਨਹੀਂ ਇੱਛਾ ਤੇਰੀ,
ਦਰਸ ਦੇ ਜਾ ਝੋਲੀ ਪਾ ਭਿੱਛਾ ਮੇਰੀ,
ਵਿਗੜ ਕੀ ਜਾਇਗਾ ਭਲਾ ਤੇਰਾ,
ਲੁਛਦਾ ਤੜਪਦਾ ਦਿਲ ਝਲਾ ਮੇਰਾ,
ਕਦੀ ਦਿਲ-ਵਿਹੜਾ ਹਾਇ ਸਰਸ ਤਾਂ ਕਰ,
ਜੀ! ਨਾ ਬਣ ਪੱਥਰ-ਦਿਲ ਤਰਸ ਤਾਂ ਕਰ।

ਤੈਂ ਬਿਨ ਰੁਲੈ ਮੈਂਡੀ ਹੁਸਨ-ਜਵਾਨੀ,
ਹੁਸਨ-ਜਵਾਨੀ ਨਿਰਾ ਹੜ੍ਹ ਦਾ ਪਾਨੀ।
ਕੇਤੇ ਗਏ ਮੁਰਝਾਏ ਜੋਬਨ,
ਪ੍ਰੀਤ ਬਿਨਾ ਕੁਮਲਾਏ ਜੋਬਨ।
ਮਧੁ-ਪ੍ਰੀਤ ਪਿਲਾ ਦਿਲ ਹਰਸ ਤਾਂ ਕਰ,
ਜੀ! ਨਾ ਬਣ ਪੱਥਰ-ਦਿਲ ਤਰਸ ਤਾਂ ਕਰ।

ਕਾਸ਼! ਘੁੰਡੀ ਦਿਲ ਦੀ ਖੋਲ੍ਹ ਜਾਂਦੋਂ,
ਭੁਲ ਦਸ, ਬਖ਼ਸ਼ ਰਾਹ ਸਿੱਧੇ ਪਾਂਦੋਂ।
ਸਿਕ ਮਿਟਦੀ ਹਿੱਕ 'ਚ ਠੰਢ ਪੈਂਦੀ,
ਸਦਕੇ ਜਾਂਦੀ ਮੈਂ ਘੋਲ ਘੁਮੈਂਦੀ,
ਮੈਂਡੇ ਨੈਣ ਚਰਨੀ ਲਾ ਪਰਸ ਤਾਂ ਕਰ,
ਜੀ! ਨਾ ਬਣ ਪੱਥਰ-ਦਿਲ ਤਰਸ ਤਾਂ ਕਰ।

*ਟੱਲੀ

ਚਮਨ ਬਿਨਾ ਤੈਂ, ਉਜਾੜ ਏ ਦਿਸਦਾ,
ਦਿਲ ਸਾਜ਼ ਸੁਤੇ ਦੀਪ ਜੋਤਿ ਏ ਹਿਸਦਾ,
ਉਫ਼ ! ਸਜਣਾ, ਪਾਈ ਕੀ ਬਿਰਹਾ-ਫਾਸੀ,
ਹੋਈ ਨਿਰਾਸੀ "ਕੋਮਲ" ਦਰਸ-ਪਿਆਸੀ,
ਮੀਂਹ ਰਹਿਮਤ ਬਣ ਕਦੀ ਬਰਸ ਤਾਂ ਕਰ।
ਜੀ ! ਨਾ ਬਣ ਪੱਥਰ-ਦਿਲ ਤਰਸ ਤਾਂ ਕਰ।

ਦਿਲ-ਰੇਡੀਓ

ਪੌਣ ਲਹਿਰਾਂ ਰਾਹੀਂ ਤੈਨੂੰ ਪਹੁੰਚਦੇ ਨਹੀਂ,
ਦਿਲ-ਰੇਡੀਉ 'ਚ ਮੇਰੇ ਦਰਦ ਰੋਣੇ।
ਕੀ ਕੰਬ ਉਠਦਾ ਨਹੀਂ ਪੱਥਰ-ਦਿਲ ਤੇਰਾ,
ਜਿਸ ਨੇ ਦਾਨ ਸਦੀਵੀ ਕੀਤੇ ਦਰਦ-ਰੋਣੇ।

ਹਰ ਪਲ ਹਰ ਘੜੀ ਹਰ ਛਿਨ ਅੰਦਰ,
ਬਰਾਡਕਾਸਟ ਹੋਵਣ ਮੇਰੇ ਦਰਦ ਰੋਣੇ।
ਗੌਣ ਲਗ ਪੈਂਦਾ ਬਿਰਹੋ ਦਾਮਨੀ ਸੰਗ,
ਕੀ ਦਿਲ-ਰੇਡੀਉ ਨਹੀਂ ਤੇਰਾ ਦਰਦ-ਰੋਣੇ।

ਜੇ ਇਹ ਸਚ ਹੈ ਕਿ ਅਸਰ ਰਖਦੀ ਏ,
"ਕੋਮਲ" ਦਿਲ ਦੀ ਆਹਾ ਫ਼ਰਿਆਦ ਹਰਦਮ।
ਜਿਵੇਂ ਜਕੜ ਲਿਆ ਤੈਨੂੰ ਅਸੀਂ ਸੀਨੇ,
ਰਖਣਾ ਤਿਵੇਂ ਹੈ ਸਾਨੂੰ ਤੈਂ ਯਾਦ ਹਰਦਮ।

ਕਵੀ-ਮਨ

ਤ੍ਰਿਆ-ਚਰਿਤ੍ਰ ਸਵਾਰਥਣ ਗੋਰੀ 'ਚ
ਫਸਿਆ ਮੈਂ ਪਛਤਾਵਾਂ।
ਤੋਤਾ-ਚਸ਼ਮ ਲੁਟ ਦਿਲ ਬਣ ਬੈਠੀ,
ਮੈਂ ਚੀਖਾਂ ਕੁਰਲਾਵਾਂ।
ਝਲੇ ਨਾ ਜ਼ਿਮੀ ਆਕਾਸ਼ ਬ੍ਰਿਹੀ ਨੂੰ,
ਕਾਸ਼ ਪੱਥਰ-ਚਿਤ ਜਾਣੇ।
ਦਿਲ ਢਾਣਾ ਃ ਢਾਣਾ ਘਰ ਰੱਬ ਦਾ,
ਫ਼ੁਰਮਾਇਆ ਦਾਨਾਵਾਂ ॥ ੧ ॥
ਪ੍ਰੀਤ-ਨਿਘ ਬਸ ਖ਼ੈਰ ਜੋ ਮੰਗੀ,
ਕਿਉਂ ਦਿੱਤੀ ਸਿ ਖ਼ੁਸ਼ ਹੋ ਕੇ।
ਕੀ ਪ੍ਰਣ ਨਹੀਂ ਪਾਲਿਆ ਜਾਂਦਾ,
ਸ੍ਵਾਰਥ ਪੂਰਾ ਹੋ ਕੇ?
ਹੱਡ ਚੰਮ ਦੀ ਪ੍ਰੀਤ ਜੋ ਹੁੰਦੀ,
ਭਉ ਭਾਉ 'ਚ ਜਾਂ ਘੁਮਾਂਦੀ।
ਸੱਚੀ ਪਰੀਤ ਕਲੀ ਵਿਚ ਕੋਈ,
ਨਿਭ੍ਹਾਂਦਾ ਸੂਰਾ ਹੋ ਕੇ ॥ ੨ ॥
ਚਿਤ-ਚੋਰਨ! ਕਬਜ਼ਾ ਭੁਖ - ਨਫ਼ਸੀ,
ਨ ਭਾਵੇ ਨਾ ਮੰਗਦਾ।
ਫੁਲ ਵੇਖਣ ਗੰਧ ਸੁੰਘਣ ਲਈ,
ਹੱਥ ਲਾਣੋਂ ਮੈਂ ਸੰਗਦਾ।
ਫੁਲ ਬਹੁ ਭਾਂਤੀ ਜਗਤ-ਬਾਗ ਵਿੱਚ,
ਭਟਕਣ ਵਿੱਚ ਸੁਖ ਨਾਹੀਂ।
ਮਨ ਤੇਰੇ ਦੇ ਅਣੂ-ਪ੍ਰੀਤ ਸੰਗ,
ਕਵੀ-ਮਨ ਹਾਂ ਰੰਗਦਾ ॥ ੩ ॥

ਆਪਣਾ ਆਪ ਬਚਾਣਾ ਸਿਖ

ਫ਼ਿਕਰ ਕੀ ਹੋਰ ਦੀ ਕਰਨੀ, ਤੂੰ ਆਪਣਾ ਆਪ ਬਚਾਣਾ ਸਿਖ।
ਕੀ ਦੇ ਉਪਦੇਸ਼ ਹੋਰਾਂ ਨੂੰ, ਪਹਿਲਾਂ ਹੀ ਆਪ ਕਮਾਣਾ ਸਿਖ।
ਤਿਲ੍ਹਕਣਾ ਹੈ ਕੰਢਾ ਜਿਸ ਦਾ, ਉਹ ਜੋਬਨ ਦਾ ਹੈ ਸ਼ਹੁ ਦਰਿਆ,
ਤਿਲ੍ਹਕਿਆ ਮੁੜ ਨਾ ਬਚ ਸਕਿਆ, ਸੰਭਲ ਕੇ ਪੈਰ ਉਠਾਣਾ ਸਿਖ।
ਕਿਸੇ ਦੀਆਂ ਵੇਖ ਕੇ ਅੱਖਾਂ, ਉਠੇ ਤੈਨੂੰ ਜੇ ਸੂਲ ਲੱਖਾਂ,
ਪਿਆਸੇ! ਵੇਖ ਕੇ ਨਰਗਿਸ, ਪਿਆਸ ਆਪਣੀ ਬੁਝਾਣਾ ਸਿਖ।
ਜਿਹੜਾ ਖਿੜਿਆ ਵੇਖੇਂ ਜੋਬਨ, ਹੈ ਕੇਵਲ ਦ੍ਰਿਸ਼ਟ ਦਾ ਉਪਬਨ,
ਕਿਸੇ ਕੁਮਲਾਏ ਜੋਬਨ ਤੇ, ਦੋ ਹੰਝੂ ਤੂੰ ਵਹਾਣਾ ਸਿਖ।
ਹੈ ਪੈਂਡਾ ਪਿਆਰ ਦਾ ਔਖਾ, ਤੇ ਕਾਮੀ ਬਣਨਾ ਅਤਿ ਸੌਖਾ,
ਕਾਸਾ ਲਹੂ ਨਾ ਦੇ ਸਕਣਾ, ਨਰਕਾਂ ਵਿੱਚ ਨਾ ਜਾਣਾ ਸਿਖ।
ਨਦੀ ਇਸ ਰੂਪ ਦੀ ਤੋਂ ਜੇ, ਬਿਨਾ ਡੋਲੇ ਰੁੜ੍ਹੇ 'ਕੋਮਲ',
ਬੇੜੀ ਤੇਰੀ ਜੇ ਤੁਰ ਪਈ ਏ, ਤਾਂ ਰੱਬ ਨੂੰ ਫਿਰ ਧਿਆਣਾ ਸਿਖ।

ਕਰਨੈਲ ਮੀਹਾਂ ਸਿੰਘ

ਛਿ ਵਿਸਾਖ ਅਠਾਰਾਂ ਸੌ ਇਕਾਨਵੇ, ਸੰਮਤ ਬਿਕਰਮ ਰਾਇ,
ਟੁਕੜੀ ਨਿਆਰੀ ਪਿਆਰੀ ਧਰਤੀ, ਦੇ ਰੱਬ ਭਾਗ ਜਗਾਇ।
ਮੀਹਾਂ ਸਿੰਘ ਕਰਨੈਲ ਸੂਰੇ ਸੀ, ਸ੍ਰੀ ਨਗਰ ਪਾ ਪਾਇਆ;
ਫ਼ਰਿਸ਼ਤਾ ਰਹਿਮਤ ਦਾ ਰੱਬ ਵਲੋਂ, ਮਾਨੋ ਸੀ ਬਣ ਆਇਆ।੧।
ਘਲਿਆ ਸੂਬੇਦਾਰ ਬਣਾ ਕੇ, ਸ਼ੇਰਿ ਪੰਜਾਬ ਪਿਆਰੇ।
ਭੁੱਖੀ ਪੀੜਤ ਪਰਜਾ ਦੀ ਜਾ, ਹਾਲਤ ਇਹੁ ਸੰਵਾਰੇ।
ਨੇਕ-ਨੀਯਤ ਪਰਜਾ-ਪਾਲਕ ਵਡ, ਸਾਧੂ ਸੰਤ ਮਿਲਾਪੀ।
"ਜੋ ਸ਼ਰਨ ਆਇ ਤਿਸ ਕੰਠ ਲਗਾਇ", ਡਾਢਾ ਸੀ ਪਰਤਾਪੀ।੨।
ਕਾਲ ਪਿਆ, ਦੁਖਿਆ ਤਕ ਹਾਲਤ, ਅਗੇ ਰੱਬ ਹੱਥ ਪਸਾਰੇ।
ਮਿਹਰ ਕਰੀਂ ਮਿਹਰਾਂ ਦੇ ਸਾਈਂ! ਕਾਰਜ ਦੇਇ ਸਵਾਰੇ।
ਐ ਰਾਜ਼ਿਕ! ਤਕ ਰਾਜ਼ ਰੋਜ਼ ਹੀ, ਤੂੰ ਨਾ ਮੂਲ ਚਿਤਾਰੇਂ,
ਤੂੰ ਕਰ ਗ਼ੁੱਸਾ ਕਰਨੀ ਕਲਿ ਕਾਲੀ, ਤੇ ਨਾ ਰੋਜ਼ੀ ਟਾਰੇਂ।੩।
ਬੇਸ਼ਕ ਅਸੀਂ ਪਾਪ ਕਮਾਈਏ, ਭੈ ਨਾ ਤੇਰਾ ਖਾਈਏ।
ਮਾਇਆ ਮੱਧ ਵਿਚ ਮਸਤੇ ਰਹੀਏ, ਗੁਣ ਨਾ ਤੇਰੇ ਗਾਈਏ।
ਲਾਜ਼ਮ ਹੈ ਫਲ ਕਰਨੀ ਸੰਦਾ, ਪਾਈਏ ਅਸੀਂ ਆਪੇ,
ਹਉਮੈ ਕਾਰਨ ਦੁਖ ਉਠਾਈਏ, ਦੰਡ ਮਿਲੇ ਤਾਂ ਜਾਪੇ।੪।
ਆਜਿਜ਼ ਹੋ ਅਰਦਾਸ ਕਰਾਂ ਮੈਂ, ਬਾਪੂ ਸਿਰਜਨਹਾਰ!
ਸੁਤ ਅਪਰਾਧ ਕਰੇ ਤੂੰ ਬਖ਼ਸ਼ੇਂ, ਰੱਖ ਪੈਜ ਮਿਰੀ ਦਾਤਾਰ।
ਪ੍ਰਭੂ! ਕਾਲ ਮਿਟਾ ਸੁਕਾਲ ਕਰਾ, ਖਾਵੇ ਰਜੇ ਨਰ ਨਾਰ।
ਉਜੜ ਰਹੀ ਇਸ ਫੁਲਵਾੜੀ ਵਿੱਚ, ਮੁੜ ਆਵੇ ਗੁਲਜ਼ਾਰ।੫।

ਗਨੇਸ਼ ਦਤ ਨੂੰ ਨਾਜ਼ਮ ਆਪਣਾ, ਨੀਅਤ ਕਰ ਸਾਹਿਬਕਾਰ।
ਰੁਝਾ ਪਰਜਾ ਦੇ ਕੰਮ ਸੰਵਾਰਨ, ਹਿੰਮਤ ਸੰਗ ਨੀਯਤ ਧਾਰ।
ਗੱਲਾ ਪੰਜਾਹ ਸਹਸ ਮਣ ਉਸ ਨੇ, ਪੰਜਾਬੋਂ ਮੰਗਵਾਯਾ,
ਮਰ ਰਹੀ ਭੁੱਖੀ ਖ਼ਲਕਤ ਤਾਈਂ, ਸਸਤੇ ਭਾ ਵਿਕਾਇਆ।੬।

ਰਾਜੋਰੀ, ਕਿਸ਼ਤਵਾੜ, ਕਰਨਾਹੋਂ, ਮੁਜ਼ਫਰਾਬਾਦੋਂ ਸਾਰੀ,
ਫਸਲ ਵਾਧੂ ਰੁਪੈ ਸੌਲਾਂ ਲੈ ਕੇ, ਵੇਚੀ ਤਿੰਨ ਖਰਵਾਰੀ।
ਗਊਆਂ ਮੱਝਾਂ ਬਕਰੇ ਭੇਡਾਂ, ਅੰਡੇ ਮੁਰਗੀ ਨਾਲੇ,
ਮਿਟ ਚੁਕੇ ਪਸ਼ੂ ਪੰਛੀ ਵੰਡੇ, ਕਿਰਸਾਨਾਂ ਵਿਚਾਲੇ।੭।

ਦੇਸ਼ ਸਾਰੇ ਵਿੱਚ ਦੌਰਾ ਕਰ ਕੇ, ਦੁਖ ਪਰਜਾ ਦੇ ਵੰਡੇ,
ਮਿਠ ਬੋਲ, ਬੋਲ ਕੇ ਤਪਦੇ, ਹਿਰਦੇ ਕੀਤੇ ਠੰਡੇ।
ਗੁਪਤ ਛੁਪਾ ਰਖਿਆ ਸੀ ਜਿਹੜਾ, ਸਭ ਗੱਲਾਂ ਗਲੇਦਾਰਾਂ,
ਢੂੰਡ ਭਾਲ ਸਭ ਬਾਹਰ ਕਢ ਕੇ, ਵੇਚਿਆ ਵਿਚ ਬਜ਼ਾਰਾਂ।੮।

ਅਨੰਤਨਾਗ ਪੁਜ ਜਗਨ ਨਾਥ ਤੋਂ, ਗੱਲਾ ਖੋਹ ਵੰਡਾਇਆ।
ਗਲੇਦਾਰਾਂ ਦੇ ਸੋਧਣ ਖ਼ਾਤਰ, ਸੁਫੈਦੇ ਸੰਗ ਲਟਕਾਯਾ।
ਪੱਥਰ-ਚਿਤ ਜ਼ਾਲਮ ਗਲੇਦਾਰਾਂ, ਹੋਰ ਬਹੁਤਿਆਂ ਤਾਈਂ,
ਆਪਣੀ ਕੀਤੀ ਦਾ ਫਲ ਦਿਤਾ, ਦੇ ਕੇ ਖ਼ੂਬ ਸਜ਼ਾਈਂ।੯।

ਮੌਤੋਂ ਬੁਰੀ ਭੈੜੀ ਭੁੱਖ ਤੋਂ ਛੁਟ, ਰਖ ਪਰਜਾ ਨੂੰ ਲੀਤਾ,
ਨੌਸ਼ੇਰਵਾਨੀ ਨਿਆਂ ਕਰ ਕਾਇਮ, ਦੂਰ ਜ਼ੁਲਮ ਨੂੰ ਕੀਤਾ।
ਫ਼ਸਲ ਰਬੀਅ ਦੇ ਪਕ ਜਾਣ ਤੇ, ਨਾਜ਼ਮ ਹੁਕਮ ਸੁਣਾਵੇ,
ਚਾਰ ਰੁਪੈ ਖਰਵਾਰ ਐਤਕੀ, ਨਵੇਂ ਸਾਲ ਦੇ ਵਿਕਾਵੇ।੧੦।

ਕਾਰਦਾਰ, ਮੋਦੀ ਸੌਦਾਗਰ, ਅਸ਼ੁਧ ਜੋ ਵੇਚੇ ਸ਼ਾਲੀ,
ਹੱਥ ਵੱਡਾ ਦਿੰਦਾ ਛੁੱਟ ਉਸ ਦੇ, ਨਾ ਰਹੇ ਸਜ਼ਾ ਤੋਂ ਖ਼ਾਲੀ।
ਸ਼ਾਲੀ ਲੱਦੀ ਕਿਸ਼ਤੀਆਂ ਦੀ ਦਿਨ-ਇਕ ਕਰਨ ਸਮੇਂ ਪੜਤਾਲ,
ਹਾਂਝੀ ਨੂੰ ਕਹਿਆ ਹੱਥ ਭਿਉਂ ਕੇ, ਕਰ ਢੇਰ'ਚ ਪਾ ਦਿਖਾਲ।੧੧।

ਹੱਥ ਢੇਰ 'ਚ ਪਾ ਬਾਹਰ ਕੱਢਣ ਤੇ, ਭਰਿਆ ਤਕ ਗਰਦੇ ਨਾਲ,
ਧੋਖੇਬਾਜ਼ ਦਾ ਹੱਥ ਵਢਾਇਆ, ਹੁਕਮ ਨਾਲ ਤਤਕਾਲ।
ਸੁਧ ਸ਼ਾਲੀ ਵਿਚ ਗਰਦ ਮਿਲਾਣਾ, ਦੋਸ਼ ਭਾਰੀ ਕਰ ਖ਼ਿਆਲ,
ਰੇਤ ਮਿਟੀ ਬਜਰੀ ਤੇ ਪਾਣੀ, ਕੌਣ ਪਾਏ, ਕੀ ਮਜਾਲ। ੧੨।

ਇਕ ਬੁੱਢੀ ਦੂਜੇ ਦਿਨ ਸ਼ਾਲੀ, ਕਾਰਦਾਰ ਤੋਂ ਲੀਤੀ।
ਦੇਵਨੇਤ ਸੰਗ ਰਾਹ ਜਾਂਦੀ ਸੀ, ਬੁਢੜੀ ਚੁਪ ਚੁਪੀਤੀ।
ਦੇਖ ਲਿਆ ਅਦਲੀ ਨਾਜ਼ਮ ਨੇ, ਬੁਢੜੀ ਪਾਸ ਬੁਲਾਈ,
ਉਸ ਦੀ ਸ਼ਾਲੀ ਵਜ਼ਨ ਕਰਾ ਕੇ, ਡਿਠੀ ਕੁਝ ਘੱਟ ਪਾਈ। ੧੩।

ਉਸ ਹੀ ਸਮੇਂ ਮੀਹਾਂ ਸਿੰਘ ਅਦਲੀ, ਅਦਲ ਦੀ ਧਾਂਕ ਬਿਠਾਈ,
ਤੋਲਣਹਾਰ ਦਾ ਨੱਕ ਕਟਵਾਇਆ, ਪਰਜਾ ਦੇਇ ਦੁਆਈਂ।
ਨੇਕਨੀਅਤ ਦਿਲ ਨੇਕ ਨਾਜ਼ਮ ਦੀ, ਕਰਨੀ ਰੰਗ ਲਿਆਈ,
ਸੰਮਤ ਬਿਆਨਵੇ ਵਿਚ ਰਾਜ਼ਕ ਨੇ,ਕਾਮਲ ਫ਼ਸਲ ਉਪਜਾਈ।੧੪।

ਹਰੀ ਸਿੰਘੀਏ ਇੱਕ ਰੁਪਏ ਤੋਂ, ਸ਼ਾਲੀ ਖ਼ਵਾਰ ਵਿਕੇਂਦੀ,
ਗਿਆ ਕਾਲ ਸੁਕਾਲ ਹੋ ਪਿਆ, ਹਰ ਜਾ ਖਿੜੀ ਦਿਸੇਂਦੀ।
ਹੋ ਖ਼ੁਸ਼ ਖ਼ਲਕਤ ਖਾਏ ਹੰਢਾਏ, ਜਸ ਖ਼ਾਲਕ ਦੇ ਗਾਏ,
ਨਾਜ਼ਮ ਸਚੇ ਨੇਕਦਿਲ ਅਦਲੀ, ਤੋਂ ਜਿੰਦ ਜਾਨ ਘੁਮਾਏ।੧੫।

ਅਫ਼ਗ਼ਾਨਾਂ ਦੇ ਰਾਜ ਸਮੇਂ ਤੋਂ, ਚੋਰਾਂ ਦੀ ਇਕ ਢਾਣੀ।
ਪਰਜਾ ਨੂੰ ਲੁਟ ਪੁਟ ਲੈ ਜਾਵੇ, ਦੁਖੇ ਹਰੇਕ ਪਰਾਣੀ।
ਧਨ ਦੌਲਤ ਅੰਨ ਬਸਤ੍ਰ ਭਾਂਡੇ, ਗਊਆਂ ਮੱਝਾਂ ਘੋੜੇ,
ਦਿਨ ਦੀਵੀਂ ਲੁਟਦੇ ਬਣ ਆਕੀ, ਫਿਰਦੇ ਦੌੜੇ ਦੋੜੇ। ੧੬।

ਗਲੇਬਾਨ ਇਸ ਢਾਣੀ ਨੂੰ ਸੀ, ਪਰਜਾ ਆਖ ਬੁਲਾਂਦੀ,
ਇਨ੍ਹਾਂ ਦੇ ਆਗੂ ਖੈਰੇ ਤੋਂ, ਖ਼ਲਕਤ ਸੀ ਭੈ ਖਾਂਦੀ।
ਖੈਰੇ ਦੇ ਸੰਗ ਸਵਾਰ ਤਿੰਨ ਸੌ, ਰਹਿ ਨਿਤ ਜ਼ੁਲਮ ਕਮਾਂਦਾ,
ਲਾੜੀਆਂ ਮੁਟਿਆਰਾਂ ਰਸਤੇ 'ਚੋਂ, ਚੁਕ ਜ਼ੋਰੀ ਲੈ ਜਾਂਦਾ। ੧੭।

ਅਣਖੀ ਲਹੂ ਮੀਹਾਂ ਸਿੰਘ ਜੀ ਵਿੱਚ, ਜੋਸ਼ ਉਬਾਲਾ ਆਇਆ,
ਇਸ ਮੂਜ਼ੀ ਜ਼ਾਨੀ ਜ਼ਾਲਮ ਦਾ, ਲੋਚੇ ਤੁਰਤ ਸਫ਼ਾਇਆ।
ਕਾਹਨ ਸਿੰਘ ਦੀਵਾਨ ਨੂੰ ਹਥੀਂ, ਕਾਮਰਾਜ ਭਿਜਵਾਇਆ,
ਕਦਮ ਮੁਬਾਰਕ ਆਪਣਾਸ਼ਟ ਹੀ, ਵਿੱਚ ਮਿਰਾਜ ਜਾ ਪਾਇਆ।੧੮।

ਗਲੇਬਾਨ ਜ਼ਾਲਮ ਫੜੂ ਦੋਹਾਂ, ਰਸਤੇ ਸਿੱਧੇ ਪਾਏ,
ਤੇਗਾਂ ਸੰਗ ਅੰਗ ਵੱਢ ਇਨ੍ਹਾਂ ਦੇ, ਸੰਗ ਬਿਰਛਾਂ ਲਟਕਾਏ।
ਜ਼ੈਨਾ ਕਦਲ ਗਲਾਬਾਨ ਖੈਰਾ, ਫਾਂਸੀ ਦੇ ਮੁਕਾਇਆ,
ਲੋਥ ਖੈਰੇ ਨੂੰ ਉਸ ਥਾਂ ਹੀ, ਕਾਫ਼ੀ ਸਮਾਂ ਰਖਾਇਆ। ੧੯।

ਕਾਇਮ ਅਮਨ ਅਮਾਨ ਹੋ ਗਿਆ, ਪਰਜਾ ਖ਼ੁਸ਼ੀ ਮਨਾਈ,
ਮੀਹਾਂ ਸਿੰਘ ਜਰਨੈਲ ਸੂਰੇ ਨੇ, ਵਰਤੀ ਹਿੰਮਤ ਦਨਾਈ।
ਕਾਲ ਮਿਟਾ ਕੇ ਜ਼ਾਲਮ ਸੋਧੇ, ਚੋਰੀ ਠੱਗੀ ਦਫ਼ਨਾਈ,
ਸੁਕੇ ਚਮਨ ਵਿਚ ਖੇੜਾ ਲਿਆ ਕੇ, ਟੁਕੜੀ ਸੁਰਗ ਬਨਾਈ।੨੦।

ਖੱਨਾ ਬਲ ਬੀਜ ਬਿਹਾੜਾ ਅਤੇ ਪਾਂਪੋਰ ਦੇ ਪੁਲ ਬਣਾ,
ਬੰਡ ਜਿਹਲਮ ਦੇ ਪੁਖ਼ਤਾ ਕੀਤੇ, ਦਿਤਾ ਨਹਿਰਾਂ 'ਚ ਜਲ ਪਾ।
ਸ਼ੇਰ ਗੜ੍ਹੀ ਦੇ ਐਨ ਸਾਹਮਣੇ, ਕੰਢੇ ਜਿਹਲਮ ਉਸ ਪਾਰ,
ਬਸੰਤ ਬਾਗ ਇਕ ਬਾਗਬ ਣਾਇਆ ਅਤਿ ਸੁੰਦਰ ਅਪਰ ਅਪਾਰ।੨੧।

ਬਿਗੜੀ ਸ਼ਾਲਬਾਫ਼ਾਂ ਦੀ ਹਾਲਤ, ਇਸ ਦਿਤੀ ਮੁੜ ਸੰਵਾਰ,
ਕਾਲ ਕਾਰਨ ਬਾਈ ਸੌ ਰਹੀ ਹਟੀ, ਮੁੜ ਹੋਈ ਪੰਜ ਹਜ਼ਾਰ।
ਅਠਾਰਾਂ ਸੌ ਚੁਰਾਨਵੇਂ ਫਗਣ ਵਿਚ, ਜ਼ਬਰਦਸਤ ਖ਼ਾਂ, ਨਜ਼ਫ਼ ਖ਼ਾਂ,
ਮੁਜ਼ਫ਼ਰਾਬਾਦ ਦੇ ਆਕੀ ਰਾਜੇ, ਆ ਜੁਧ ਲਈ ਨਿਤਰੇ ਤਾਂ।੨੨।

ਉਜੜੀ ਮੁਜ਼ਫ਼ਰਾਬਾਦ ਦੇ ਪਿੰਡਾਂ ਨੂੰ, ਕਰਨ ਲਗੇ ਬਰਬਾਦ,
ਨਿਕਲਿਆ ਰਣ ਭੂਮੀ 'ਚ ਨਾਜ਼ਮ, ਸੁਣ ਪ੍ਰਜਾ ਦੀ ਫਰਯਾਦ।
ਕਈ ਲੜਾਈਆਂ ਲੜ ਕੇ ਨਾਜ਼ਮ, ਸੋਭਾ ਸੀ ਬਹੁ ਪਾਈ,
ਜ਼ਖ਼ਮ ਕਾਰੀ ਇਸ ਦੀ ਦੇਹ ਉਤੇ, ਦੇਣ ਸਤਾਈ ਦਿਖਾਈ।੨੩।

ਖੜਕੀ ਚੰਡੀ ਰਣ ਭੂਮੀ ਵਿੱਚ, ਗਰਦ ਉਡੀ ਵਿਚ ਉੱਡੀ,
ਖ਼ਾਂ ਜ਼ਬਰਦਸਤ ਦਾ ਪੁਤ ਮਾਰਿਆ, ਚੜ੍ਹੀ ਨਾਜ਼ਮ ਦੀ ਗੁੱਡੀ।
ਨਸ ਗਈ ਆਕੀ ਫ਼ੌਜ ਹਾਰ ਖਾ, ਜੀਤ ਸਿੰਘਾਂ ਦੀ ਹੋਈ,
ਸੱਚ ਦੀ ਜੀਤ ਸਦਾ ਹੈ ਹੁੰਦੀ, ਆਕੀ ਰਹੇ ਨਾ ਕੋਈ।੨੪।

ਹਰ ਰੰਗੀ ਪਰਜਾ ਸੁਖ ਭੋਗੇ, ਨਾਜ਼ਮ ਨੇਕੀ ਕੀਤੀ।
"ਤਾਰੀਖ਼ ਕੱਲਾਂ ਕਸ਼ਮੀਰ" ਲਿਖਾਈ, ਪਹਿਲੀ ਤੇ ਸ੍ਵੈ-ਬੀਤੀ।
'ਆਈਨ ਅਕਬਰੀ' ਅਬੂਅਲ ਫ਼ਜ਼ਲ, ਸਮ ਹੀ ਲਿਖਵਾ ਇਤਹਾਸ,
ਸਿੱਖ ਰਾਜ ਦੇ ਮੁਲਕੀ ਪ੍ਰਬੰਧ ਦਾ, ਜ਼ਿਕਰ ਕੀਤਾ ਵਿਚ ਖ਼ਾਸ।੨੫।

ਇਤਿਹਾਸਕ ਗੁਰ ਅਸਥਾਨਾਂ ਸੰਗ, ਲਗੀ ਜਾਗੀਰ ਰਖਾਈ,
ਲੰਗਰ ਧੂਪ ਦੀਪ ਇਤਿਆਦਿਕ, ਲਈ ਚਾ ਰਕਮ ਵਧਾਈ।
ਮੋਮਨ ਹਿੰਦੂ ਪੂਜਯ ਸਥਾਨਾਂ, ਦਾ ਭਿ ਕੀਤਾ ਸਤਿਕਾਰ,
ਜਾਗੀਰਾਂ ਧਰਮ ਅਰਥ ਲਗਾਇ, ਸੀ ਕੀਤਾ ਪਰ-ਉਪਕਾਰ।੨੬।

ਜਾਗੀਰਾਂ ਕੁਝ ਜ਼ਬਤ ਸ਼ੁੱਦਾ ਵੀ, ਕਰਵਾ ਕੇ ਵਾ-ਗੁਜ਼ਾਰ,
ਭੇਦ ਮਿਟਾਇਆ ਹਿੰਦੂ ਮੁਸਲਿਮ ਦਾ, ਕਰ ਕੇ ਸਾਂਝਾ ਪਿਆਰ।
'ਜ਼ਰ ਨਿਕਾਹ' ਇਕ ਕਰ ਝਟ ਨਾਜ਼ਮ, ਦੇ ਕੀਤਾ ਹੁਕਮ ਮੁਆਫ਼,
ਕਿਉਂ ਦੁਖਣ ਮੁਸਲਿਮ ਵੀਰ ਇਸਤੋਂ, ਰਹਿਣ ਨਾ ਰਾਜ ਖ਼ਿਲਾਫ਼।੨੭

ਰਾਜ ਖ਼ਾਲਸੇ ਲਈ ਕੁਰਬਾਨੀ, ਸੀ ਕੀਤੀ ਆਪਾ ਵਾਰ,
ਕਸ਼ਮੀਰ ਨਿਵਾਸੀ ਸਿੰਘ ਸੂਰਮੇ, ਕੀਤਾ ਨਾਜ਼ਮ ਸਤਿਕਾਰ।
ਜਾਗੀਰਾਂ ਤੇ ਇਨਾਮ ਦਿਵਾਏ, ਮੀਹਾਂ ਸਿੰਘ ਕਰਨੈਲ,
ਜਮਾਦਾਰ ਸਰਦਾਰ ਬਣਾਏ, ਰਾਜ-ਦੇਸ਼ ਭਗਤ ਤੁਫ਼ੈਲ।੨੮।

ਜਾਗੀਰ ਦਿਵਾਈ ਅਸੀ ਹਜ਼ਾਰ ਦੀ, ਸਿੰਘਾਂ ਨੂੰ ਖ਼ੁਸ਼ੀ ਨਾਲ,
ਪੰਤਾਲੀ ਹਜ਼ਾਰ ਦੀ ਹਿਸੇ ਆਈ, ਵਿਚ ਸਰਦਾਰਾਨ ਤਰਾਲ।
ਹਰਮਨ ਪਿਆਰੇ ਕੰਮ ਕਰਨ ਤੇ, ਹਰਮਨ ਪਿਆਰਾ ਹੋਯਾ।
ਸਭ ਹਿੰਦੂ ਮੋਮਨ ਸਿੱਖ ਦੀਆਂ, ਅੱਖਾਂ ਦਾ ਤਾਰਾ ਹੋਯਾ।੨੯।

ਕਈ ਛਪੀਆਂ ਅਣਛਪੀਆਂ ਲਿਖਤਾਂ, ਭਰੀਆਂ ਜੱਸ ਉਸ ਨਾਲ,
ਪ੍ਰਸਿਧ ਹਨ ਅਦਲ ਨਿਆਂ ਦੀਆਂ, ਰਿਵਾਇਤਾਂ ਲਾ-ਮਿਸਾਲ।
ਬੂਟੇ ਇਕ ਤੇ ਆਲ੍ਹਣਾ ਪਾ ਕਾਂ, ਅੰਡੇ ਦੇ ਸੀ ਰਹਿੰਦਾ,
ਬ੍ਰਿਛ ਵਢਣਾ ਤ੍ਰਖਾਣ ਅਰੰਭਿਆ, ਡਰਿਆ ਕਾਂ ਇਹ ਵਹਿੰਦਾ।੩੦।

ਨਾਜ਼ਮ ਦੇ ਦਰਬਾਰ ਕਾਂ ਉਡ ਕੇ, ਜਾ ਉਚੀ ਰੌਲਾ ਪਾਯਾ,
ਮੀਹਾਂ ਸਿੰਘ ਪਾ ਦੁਖੀਆ ਉਹਨੂੰ, ਨਾਲ ਸਵਾਰ ਭਿਜਾਇਆ।
ਕਾਂ ਦੀ ਸੇਧ ਹੀ ਤੁਰਿਆ ਜਾਵੇ, ਸਵਾਰ ਪੁਜਾ ਇਕ ਥਾਂ,
ਪੁਜ ਬੂਟੇ ਦੇ ਨਿਕਟ ਜਾ ਪਾਯਾ, ਕਾਂ ਰੌਲਾ ਕਾਇੰ ਕਾਂ।੩੧।

ਸਵਾਰ, ਰੁਖ ਵਢਣੋਂ ਬਾਜ਼ ਰਹਾਯਾ, ਤਰਖਾਣਾ ਦੇ ਤਾਈਂ,
ਨਾਜ਼ਮ ਨੂੰ ਜਾ ਦਸੀ ਹਕੀਕਤ, ਸ਼ੁਕਰ ਕੀਤਾ ਮਨ ਮਾਹੀਂ।
ਦੋ ਪੁਰਖਾਂ ਦੀਆਂ ਘੋੜੀਆਂ ਦੋ, ਇਕੋ ਥਾਂ ਚਰਨ ਜਾ ਬੇਲੇ,
ਇਕ ਘੋੜੀ ਨੇ ਜਣਿਆ ਵਛੇਰਾ, ਜੁ ਦੋ ਪਿਆਰਾਂ 'ਚ ਖੇਲੇ।੩੨।

ਦੂਜੀ ਘੋੜੀ ਦੇ ਥਣੀਂ ਬੀ ਝਟ, ਪ੍ਰੀਤ ਨੇ ਦੁੱਧ ਉਤਰਾਇਆ,
ਦੁੱਧ ਪੀਵੇ ਖ਼ੁਸ਼ੀ ਥੀਵੇ ਵਛੇਰਾ, ਪ੍ਰੇਮ ਦੁਹਾਂ ਸੰਗ ਪਾਯਾ।
ਮਾਲਕ ਘੋੜੀਆਂ ਦੇ ਇਸ ਕਾਰਨ, ਲਗੇ ਦੋਵੇਂ ਹਕ ਜਮਾਣ,
ਝਗੜਾ ਮੀਹਾਂ ਸਿੰਘ ਢਿਗ ਪੁਜਾ, ਸੋਚ ਉਹ ਇੰਵ ਫ਼ਰਮਾਣ।੩੩।

ਬੰਨ੍ਹ ਦੇਵੋ ਦਰਿਆ ਕਿਨਾਰੇ, ਦੋਵੇਂ ਘੋੜੀਆਂ ਝਟ।
ਬੇੜੀ ਵਿੱਚ ਪਾ ਦੇਵੋ ਵਿਛੇਰਾ, ਤੋਰੋ ਬੇੜੀ ਝਟ ਪਟ।
ਵੇਖ ਘੋੜੀਆਂ ਹਿਣਕਣ ਲਗੀਆਂ, ਕਿਸ਼ਤੀ ਪੁਜੀ ਵਿਚਕਾਰ,
ਖੋਲ੍ਹ ਦੇਵੋ ਹੁਣ ਦੋਵੇਂ ਘੋੜੀਆਂ, ਹੁਕਮ ਕੀਤਾ ਸਰਦਾਰ।੩੪।

ਇਕ ਰਹੀ ਹਿਣਕਦੀ ਕੰਢੇ ਤੇ ਹੀ, ਤਰ ਦੂਜੀ ਬੇੜੀ ਪਾਸ,
ਤੀਰ ਵਾਂਗ ਪੁਜੀ ਤਕ ਜਾਇਆ, ਮਨ ਤਨ ਹੋਇ ਹੁਲਾਸ।
ਮਾਮਤਾ ਮਾਰੀ ਮਾਂ ਤੜਪੇਂਦੀ, ਨਾ ਢੁਕੀ ਦੂਜੀ ਪਾਸ
ਹੋਇ ਹੈਰਾਨ ਲੋਕ ਤਕ ਕੌਤਕ, ਨਿਆਂ ਕੀਤਾ ਨਾਜ਼ਮ ਖ਼ਾਸ।੩੫।

ਨੂੰਹ ਸੰਗ ਅਪਣੀ ਇਕ ਤੀਵੀਂ ਨੂੰ, ਸੀ ਘਿਰਣਾ ਵੈਰ ਅਪਾਰ,
ਗਰਭਵਤੀ ਧੀ ਤੇ ਨੂੰਹ ਉਸ ਦੀ, ਸਨ ਦੋਵੇਂ ਘਰ ਮਝਾਰ।
ਦੇਵਨੇਤ ਸੰਗ ਦਿਨ ਇਕੋ ਹੀ, ਦੋਹਾਂ ਦੇ ਬੱਚੇ ਹੋਏ,
ਨੂੰਹ ਨੂੰ ਪੁਤਰ ਧੀ ਨੂੰ ਬੇਟੀ, ਸੱਸ ਦੇ ਜਣਦੇ ਮੋਏ। ੩੬।

ਸੱਸ ਨੇ ਕੁੜੀ ਨੂੰ ਪੁਤ ਬਣਾਇਆ, ਮੁੰਡਾ ਕੁੜੀ ਬਣਾਈ,
ਨੂੰਹ ਨੇ ਤਕ ਇਸ ਧਕੇ ਤਾਈਂ, ਹਾਲ ਦੁਹਾਈ ਪਾਈ।
ਇਹ ਗੱਲ ਪੁਜੀ ਜਰਨੈਲ ਤੀਕ ਜਾ, ਤੁਰਤ ਨਿਆਂ ਕਰਾਇਆ।
ਲੈ ਕੇ ਦੁਹਾਂ ਤੀਵੀਆਂ ਦਾ ਦੁੱਧ, ਪੈਮਾਨੇ ਪਾ ਤੁਲਾਯਾ।੩੭।

ਦੁੱਧ ਨੂੰਹ ਦਾ ਭਾਰੀ ਪਾਇਆ, ਲੜਕਾ ਉਹਨੂੰ ਦਿਵਾਯਾ,
ਦੁੱਧ ਹੁੰਦਾ ਭਾਰੀ ਪੁਤ ਵਾਲੀ ਦਾ, ਨਾਜ਼ਮ ਮੁਖੋਂ ਅਲਾਯਾ।
ਹਰ ਪਹਿਲੂ ਤੋਂ ਸੁਰਗੀ ਧਰਤੀ, ਨਾਜ਼ਮ ਸੁਰਗ ਬਣਾਈ,
ਵਸੇ ਰਸੇ ਪਰਜਾ ਸੁਖ ਮਾਣੇ, ਖ਼ੁਸ਼ੀਆਂ ਛਹਿਬਰ ਲਾਈ।੩੮।

ਪਰ ਜਦ ਸ਼ੇਰ ਸਿੰਘ ਮਹਾਰਾਜੇ, ਸੀ ਖ਼ੁਸ਼ ਫ਼ੌਜ ਨੂੰ ਕੀਤਾ,
ਜਿਨ੍ਹਾਂ ਲਾਹੌਰ ਜਿਤਾ ਕੇ ਦਿਤਾ, ਮੂੰਹ ਮੰਗਿਆ ਧਨ ਲੀਤਾ।
ਤਲਬਾਂ ਫ਼ੌਜਾਂ ਦੀਆਂ ਵਧਾ ਕੇ, ਫ਼ੌਜਾਂ ਖ਼ੁਸ਼ ਕਰਾਈਆਂ,
ਜੋ ਕੁਝ ਵਿਚ ਲਾਹੌਰ ਬੀਤਿਆ, ਖ਼ਬਰਾਂ ਇਥੇ ਆਈਆਂ।੩੯।

ਇਥੇ ਭੀ ਸਭ ਫ਼ੌਜ ਵਿਗੜ ਪਈ, ਤਰੱਕੀ ਲਈ ਰੌਲਾ ਪਾ,
ਹੱਠ ਧਾਰ ਅੜ ਗਈ ਸਾਰੀ ਹੀ, ਸੀ ਵੱਗ ਗਈ ਉਲਟੀ ਵਾ।
ਜਮਾਦਾਰ ਤਿਲੋਕ ਸਿੰਘ ਰਾਹੀਂ, ਫ਼ੌਜ ਸੁਨੇਹਾ ਘਲਿਆ,
ਸਾਡੀ ਭੀ ਤਨਖ਼ਾਹ ਵਧਾਵੋ, ਜਾਇ ਅਨਿਆਂ ਨ ਝਲਿਆ।੪੦।

ਮੀਹਾਂ ਸਿੰਘ ਜਰਨੈਲ ਫ਼ੌਜ ਨੂੰ, ਹਿੰਮਤ ਸੰਗ ਸੁਣਾਇਆ,
ਦੋ ਚਾਰ ਦਿਨਾਂ ਤਕ ਉਤਰ ਮਿਲੇਗਾ, ਪਰ ਦਿਲ 'ਚ ਘਬਰਾਇਆ।
ਉਤਰ ਸੁਣ ਪਰ ਤਿਲੋਕ ਸਿੰਘ ਨੂੰ, ਨਾ ਹੋਈ ਤਸੱਲੀ ਰਾਈ,
ਦੁਸ਼ਟ ਪਾਪੀ ਨੇ ਫ਼ੌਜ ਸਾਰੀ ਹੀ, ਜਾ ਕੇ ਵਧ ਭੜਕਾਈ।੪੧।

ਦਸ ਵਿਸਾਖ ਅਠਾਰਾਂ ਸੌ ਅਠਾਨਵੇਂ, ਰਾਤ ਚੌਦਸ ਦੀ ਆਹੀ,
ਜ਼ਾਲਮਾਂ ਪਹਿਰ ਰਾਤ ਗੁਜ਼ਰੀ ਤੇ, ਮੂੰਹ ਤੋਂ ਲੋਈ ਲਾਹੀ।
ਭੁਲ ਅਹਿਸਾਨ ਕਰਨੈਲ ਹੁਰਾਂ ਦੇ, ਤਿਲੋਕ ਸਿੰਘ ਜਮਾਦਾਰ,
ਬੁਲਾਯਾ ਧਾਵਾ ਸ਼ੇਰ ਗੜ੍ਹੀ ਤੇ, ਵਿਚ ਸੁੱਤਾ ਸੂਬੇਦਾਰ।੪੨।
ਹਰ ਮਨ ਪ੍ਰੇਮੀ ਨੇਕ ਦਿੱਲ ਅਦਲੀ, ਨਾਜ਼ਮ *ਮਾਰ ਮੁਕਾਯਾ,
ਤੇਗਾਂ ਸੰਗ ਟੁਕ ਟੁਕੜੇ ਕੀਤੇ, ਪਰਜਾ ਦਾ ਦਿਲ ਢਾਹਯਾ।
ਮੀਹਾਂ ਸਿੰਘ ‡ਕਰਨੈਲ ਕੀ ਮੋਯਾ, ਵਾਦੀ ਰੰਡੀ ਹੋਈ,
ਹਾ ਹਾ ਕਾਰ ਮਚੀ ਨਰ ਰੋਏ, ਹਰ ਬੁਢੀ ਨੰਡੀ ਰੋਈ।੪੩।

---

*੧੦ ਵਿਸਾਖ ੧੯੯੮ ਮੁਤਾਬਕ ੧੭ ਅਪ੍ਰੈਲ ੧੯੪੧ ।

‡ਪੀਰਜ਼ਾਦਾ ਹਸਨਸ਼ਾਹ ਨੇ ਆਪਣੀ ਪ੍ਰਸਿਧ ਫ਼ਾਰਸੀ ਰਚਨਾ "ਤਾਰੀਖ਼ ਕਸ਼ਮੀਰ" ਵਿਚ ਜਰਨੈਲ ਮੀਹਾਂ ਸਿੰਘ ਦੀ ਦਰਦਨਾਕ ਮੌਤ ਬਾਰੇ ਇਕ ਮਰਸੀਆ ਲਿਖੀ ਹੈ, ਉਸ ਦਾ ਅੰਤਲਾ ਬੰਦ ਇਹ ਹੈ :

"ਜਰਨਲ ਮੀਹਾਂ ਸਿੰਘ ਅਜ਼ ਸ਼ਿਸ਼ਬ ਸ਼ੁਦ ਕੁਸ਼ਤਾ ਇਮਸ਼ਬ ਬੇ ਸਬੱਬ,
ਉਫ਼ਤਾਦ ਅਜ਼ ਜੋਰ ਵ ਤਾਅਬ, ਮਖ਼ਲੂਕ ਅਜ਼ ਚਾਹਿ ਕਲਕ।
ਅਜ਼ ਬਹਿਰੇ ਤਾਰੀਖ਼ਸ਼ ਕਿ ਬੀਂ, ਬੇ ਪਾਵ ਸਰ ਸ਼ੁਦ ਦਰ ਜ਼ਮੀਨ।
ਅਦਲ ਵ ਰਜਾ ਸੁਲਹ ਵ ਸਫਾ, ਅਕਲ ਵ ਵਫ਼ਾ ਨਜ਼ਮ ਵ ਨਸਕ,

جرنل میہاں سنگھ از شب — شد کشتہ امشب بے سبب
افتاد از جور و تعب — مخلوق از چاہ قلق
از بہر تاریخش کہ بین — بے پاؤ سر شد در زمین
عدل و رجا صلح و صفا — عقل و وفا نظم و نسق

ਕਸ਼ਮੀਰ

"ਕੀਤਾ ਪਸਾਉ ਏਕੋ ਕਵਾਉ", ਜਦ ਕਾਦਰ ਨੂੰ ਭਾਇਆ।
ਕਿਤੇ ਜ਼ਮੀਨਾਂ ਸਾਗਰ ਕਿਧਰੇ, ਮਾਰੂ ਥਲ ਬਣਾਇਆ।
ਸਾਗਰ ਬਣੇ ਜ਼ਮੀਨਾਂ ਕਿਧਰੇ, ਧਰਤੀ ਸਾਗਰ ਹੋਈ।
ਸਾਗਰੋਂ ਨਿਕਲੇ ਪ੍ਰਬਤ ਕਿਧਰੇ, ਜਿਉਂ ਇਛਾ ਕਾਦਰ ਹੋਈ।੧।

ਹਿਮਾਲੇ ਦੀਆਂ ਵਖੀਆਂ ਅੰਦਰ, ਨੀਲੇ ਹੇਠ ਅਸਮਾਨ।
ਸੀ ਝੀਲ ਸਤੀ-ਸਰ ਸ਼ੋਭ ਰਹੀ, ਗੌਰੀ ਦਾ ਸੈਲ 'ਸਥਾਨ।
ਮੁਢਲੇ ਛੀ ਮੰਨੂਆਂ ਤੀਕ ਰਹੀ, ਇਹ ਝੀਲ, ਝੀਲ ਦੀ ਝੀਲ।
ਸ਼ਿਵ ਜੀ ਸੈਲ ਕਰੇ ਸੰਗ ਗੌਰੀ, ਚੜ੍ਹ ਬੇੜੀ ਨਾਗਾਂ ਕੀਲ।੨।

ਫਿਰ ਲੁਕਿਆ ਦੈਂਤ ਜਲਦ ਭੌ ਇਥੇ, ਮਨ ਮਾਨੀਆਂ ਕਰਦਾ।
ਦੁਖੀ ਕਰੇ ਤਰੇ ਵੜੇ ਇਸ ਵਿਚ, ਨਾ ਝਕਦਾ ਨਾ ਡਰਦਾ।
ਨਿਕਲ ਪਾਣੀ 'ਚੋਂ ਫੜ ਖਾ ਜਾਇ, ਬੰਦੇ ਰੱਬ ਦੇ ਪਿਆਰੇ।
ਦੁਖ ਪਏ ਇਸ ਤੋਂ ਨਰ ਨਾਰੀ ਸਨ, ਸੋਚ ਸੋਚ ਕੇ ਹਾਰੇ।੩।

ਔਖਾ ਇਸ ਮੂਜ਼ੀ ਦਾ ਮਰਨਾ, ਛੁਪ ਪਾਣੀ ਝੁਟ ਜਾਵੇ।
ਬ੍ਰਹਮਾ ਜੀ ਦਾ ਵਰ ਸ਼ੁਭ ਪਾ ਕੇ, ਭਲਾ ਕਿਵੇਂ ਕੁਟ ਖਾਵੇ।
ਅੰਤਲੇ ਦਿਨੀਂ ਜੁਗ ਦੁਆਪਰ ਦੇ, ਸੁਣੀ ਪੁਕਾਰ ਦਾਤਾਰ।
ਜ਼ਾਲਮ ਸੋਧਣ ਲੋਕ ਬਚਾਵਣ, ਉਸ ਦਾ ਬਿਰਧ ਅਪਾਰ।੪।

ਪੁਤ੍ਰ ਪੋਤੇ ਬ੍ਰਹਮਾ ਜੀ ਦੇ ਦਾ, ਕਸ਼ਪ ਰਿਸ਼ੀ ਗੁਨਵਾਨ।
ਹਿੰਦ ਤੀਰਥ ਦੀ ਯਾਤਰਾ ਹਿਤ, ਆ ਪਾਏ ਚਰਨ ਮਹਾਨ।
ਥੋਨੀਰ ਰਾਜੌਰੀ ਨੇੜੇ ਹੀ, ਡੇਰਾ ਇਨ੍ਹੇ ਜਮਾਯਾ।
ਇਸ ਦੇ ਅਗੇ ਲੋਕਾਂ ਰੋ ਕੇ, ਦੁਖੜਾ ਫੋਲ ਸੁਨਾਯਾ।੫।

ਹੇ ਮਹਾਰਾਜ ! ਦੁਖੀ ਮਜ਼ਲੂਮਾਂ ਤਾਈਂ ਆਪ ਬਚਾਵੋ।
ਨਹੀਂ ਤਾਂ ਆਪਣੀ ਹਥੀਂ ਸਾਨੂੰ, ਮਾਰ ਸਤੀ-ਸਰ ਪਾਵੋ।
ਤੜਪ ਪਿਆ ਦਿਲ ਕਸ਼ਪ ਹੁਰਾਂ ਦਾ, ਸੁਣ ਦੁਖੀਆਂ ਦੀ ਬੀਤੀ।
ਮਾਰ ਮੁਕਾਵਣ ਜਲਦ ਭੋ ਲਈ, ਹਿੰਮਤ ਇਸ ਸੀ ਕੀਤੀ।੬।

ਕਈ ਸਾਲ ਤਪੱਸਿਆ ਕਰ ਇਸ, ਮਹਾਂ-ਦੇਵ ਰੀਝਾਇਆ।
ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਲੈ ਕੇ, ਦੇਵਤਿਆਂ ਨੂੰ ਆਯਾ।
ਹੁੰਦੀ ਰਹੀ ਲੜਾਈ ਇਨ੍ਹਾਂ ਦੀ, ਕਈ ਸੈਂਕੜੇ ਸਾਲਾਂ।
ਨਾ ਮਰਿਆ ਨਾ ਫੜਿਆ ਦੇਵ ਨੂੰ, ਵਿਰਥਾ ਗਈਆਂ ਘਾਲਾਂ।੭।

ਅੰਤ ਸੋਚ ਕੇ ਦੇਵਤਿਆਂ ਨੇ, ਇਹੋ ਮਤਾ ਪਕਾਇਆ।
ਖ਼ੁਸ਼ਕ ਕੀਤਿਆਂ ਬਿਨ ਸਤੀ-ਸਰ ਨੂੰ, ਹੋਣਾ ਨਹੀਂ ਸਫ਼ਾਇਆ।
ਚਕਰ ਮਾਰ ਵਿਸ਼ਨੂੰ ਜੀ ਕਟਿਆ, ਟੁਕੜਾ ਗਿਰ ਦਾ ਭਾਰਾ,
ਖ਼ਾਦਨਯਾਰ ਦੀ ਥਾਂ ਤੋਂ ਝਟ ਹੀ, ਵਹਿ ਤੁਰਿਆ ਜਲ ਸਾਰਾ।੮।

ਨਿਕਲ ਆਈ ਧਰਤੀ ਪਰ ਹਾਲੇ, ਸਰ ਛੰਭ ਕਈ ਰਹਿ ਗਏ।
ਜਲਦ ਭੋ ਨਾ ਕਾਬੂ ਆਏ, ਛੰਭ ਡੂੰਘੇ 'ਚ ਬਹਿ ਗਏ।
ਟੁਕੜਾ ਟੁਕ ਸੁਮੇਰ ਪਰਬਤ ਦਾ, ਵਿਸ਼ਨੂੰ ਜੀ ਮੰਗਾਯਾ,
ਉਸ ਛੰਭ ਜਲ ਸੋਮੇ ਤੇ ਰਖ ਕੇ, ਜ਼ਾਲਮ ਮਾਰ ਮੁਕਾਇਆ।੯।

ਖੜਾ ਹੈ ਉਸ ਥਾਂ ਹਾਰੀ ਪ੍ਰਬਤ, ਕੋਹਿਮਾਰਾਂ ਅਖਵਾਏ,
ਹਿੰਦੂ ਮੁਸਲਿਮ ਅਤੇ ਸਿਖਾਂ ਤੋਂ, ਪੂਰਾ ਮਾਣ ਕਰਾਏ।
ਸੁਕ ਪਾਣੀ ਢੁਕੀ ਕੁਦਰਤ ਰਾਣੀ, ਹਰ ਥਾਂ ਰੰਗ ਜਮਾਇਆ,
ਖੜੇ ਚਹੁੰ ਪਾਸੀਂ ਪ੍ਰਬਤ ਸੋਭਣ, "ਵਿਚ ਮੈਦਾਨ ਸੁਹਾਇਆ"।੧੦।

ਗੋਰੀ ਧਾਰੀ ਸ਼ਕਲ ਵਤਿਸ਼ਟਾ, ਇਸ ਵਾਦੀ ਵਿਚ ਵਗੀ।
ਨਾਗ ਪਿਆਰੇ ਪਿਛੇ ਸਿਧਾਰੇ, ਮਣੀਆਂ ਸੰਗ ਹੋ ਬਗੀ।
ਕਿਤੇ ਟਿਬੇ ਕਿਤੇ ਖਡਾਂ ਕਰੇਂਦੇ, ਮਰਗਾਂ ਨਾਲੇ ਝਰਨੇ,
ਨਾਗ ਅਨੰਤ ਫੁਟ ਫੁਟ ਦਿਲ ਖਸਣ, ਚਾਂਦੀ-ਰੰਗੇ ਝਰਨੇ।੧੧।

ਝੀਲਾਂ ਗਿਰ ਤੇ ਝੀਲਾਂ ਧਰ ਤੇ, ਵਿਚ ਲੱਥੇ ਆ ਅਸਮਾਨ।
ਚੰਦ ਤਾਰੇ ਤੇ ਮਾਰਤੰਡ ਵਿਚ, ਉਤਰ ਅੱਖਾਂ ਮਟਕਾਣ।
ਚੀਲਾਂ ਦਿਉਦਾਰਾਂ ਪ੍ਰਬਤ ਕਜੇ, ਲੰਮ ਸਲੰਮੀਆਂ ਕੇਲਾਂ।
ਮਰਗਾਂ ਵਿੱਚ ਖਿੜੇ ਫੁਲ ਖੁਦਰੋ, ਭੌਰੇ ਕਰਦੇ ਖੇਲਾਂ।੧੨।

ਬਰਫ਼ ਢਕੀਆਂ ਅਛੂਹ ਟੀਸੀਆਂ, ਮੂੰਹ ਨਾ ਕਿਸੇ ਵਿਖਾਣ।
ਸੂਰਜ ਦੀ ਅੱਖ ਤੋਂ ਸ਼ਰਮਾ ਕੇ, ਪਿਗਲ ਹੇਠਾਂ ਆ ਜਾਣ।
ਰੰਗ ਬਰੰਗੀ ਮੇਵੇ ਸੁਰਗੀ, ਖ਼ੁਦਰੋ ਬਾਗ ਬਣਾਏ,
ਗੱਲ ਕੀ ਮੁਹਜ ਸੁੰਦਰਤਾ ਸਾਰੀ, ਕੁਦਰਤ ਖ਼ੁਦ ਉਪਜਾਏ।੧੩।

ਕੁਦਰਤ ਰਾਣੀ ਦੁਲਹਨ ਬਣ ਕੇ, ਨਿਖਰ ਆਈ ਮਨ-ਭਾਈ।
ਬਸੇ ਇਥੇ ਆਦਮ ਦਾ ਬੇਟਾ, ਰਿਸ਼ੀ ਹੁਰਾਂ ਮਨਿ ਆਈ।
ਆਪਣੇ ਵਰਗੇ ਸਿਮਰਨ ਵਾਲੇ, ਨੇਕ ਅਤੇ ਵਿਦਵਾਨ,
ਬਿਪਰ ਲਿਆ ਛੇ ਕਸ਼ਪ ਹੁਰਾਂ ਨੇ, ਵਸਾਏ ਨਵੇਂ ਜਹਾਨ।੧੪।

ਇਸ ਹੀ ਸਮੇਂ ਤੋਂ ਨਾਂ ਉਨ੍ਹਾਂ ਤੇ, ਕਸ਼ਪ-ਮੀਰ ਕਹਿਲਾਵੇ,
ਵਿਗੜ ਕੇ ਨਾਂ ਜੋ ਹੌਲੀ ਹੌਲੀ, ਅਜ ਕਸ਼ਮੀਰ ਅਖਵਾਵੇ।
ਵਧਦੀ ਗਈ ਵਸੋਂ ਤੇ ਨਾਲੇ, ਲੋਭ ਈਰਖਾ ਨਰ ਦੀ,
ਪਹਿਲਾਂ ਬਣੇ ਰਾਜ-ਪੰਚਾਇਤੀ, ਫ਼ਿ ਕੋਟਾ ਰਾਜ-ਗਰਦੀ।੧੫।

ਕੋਟਾ-ਰਾਜਿਆਂ ਦੀ ਆਪੋ ਵਿਚ, ਛਿੜੀ ਜਾ ਅੱਤ ਲੜਾਈ,
ਵਸਦੇ ਨਵੇਂ ਬਣੇ ਧਰ ਸੁਰਗੀ, ਦੀ ਸੀ ਹੋਈ ਤਬਾਹੀ।
ਪੀੜਤ, ਕੋਟਾ-ਰਾਜਿਆਂ ਦੁਖੀ, ਪਰਜਾ ਨਾਲ ਮਿਲਾਈ,
ਪੂਰਨ ਕਰਨ ਜੰਮੂ ਪਤਿ ਪਾਸੋਂ, ਦੇਸ ਦੀ ਰਖਿਆ ਚਾਹੀ।੧੬।

ਪੂਰਨ ਨੇ ਸੁਤ-ਦਿਆ ਕਰਨ ਝਟ, ਦੇ ਦਲ ਨਾਲ ਪਠਾਇਆ।
ਪਰਜਾ ਦੀ ਮਰਜ਼ੀ ਸੰਗ ਜਿਸ ਨੇ, ਰਾਜ ਤਖ਼ਤ ਪਾ ਪਾਇਆ।
ਇਕੱਤੀ ਸੌ ਅੱਸੀ ਪੂਰਬ ਈਸਵੀ, ਦੀ ਇਹ ਗੱਲ ਹੈ ਭਾਈ,
ਦਿਆ ਕਰਨ ਨੇ ਹਿੰਦੂ ਰਾਜ ਦੇ, ਬੂਟੇ ਦੀ ਜੜ੍ਹ ਲਾਈ।੧੭।

ਉਸ ਤੋਂ ਮਗਰੋਂ ਸੈਂਕੜੇ ਰਾਜੇ, ਕਰ ਕੇ ਰਾਜ ਸਿਧਾਰੇ,
ਇਸ ਧਰਤੀ ਤੇ ਇੱਕੀ ਪਰਿਵਾਰਾਂ, ਬਜਾਏ ਰਾਜ-ਨਗਾਰੇ।
ਹਜ਼ਾਰ ਚਾਰ, ਸੌ ਪੰਜ, ਚਾਰ ਵਰ੍ਹੇ, ਇਨ੍ਹਾਂ ਹਕੂਮਤ ਕੀਤੀ।
ਕੀਤੇ ਧਰਮ ਨਿਆਂ ਕਈਆਂ ਨੇ, ਜ਼ੁਲਮ ਦੀ ਅੱਤ ਕੀਤੀ।੧੮।

ਰਾਮ ਦੇਵ, ਅਸ਼ੋਕ, ਸਿੱਧ ਵਰਗੇ, ਮੇਗਵ੍ਹਾਨ ਰਾਜਾਗੇ,
ਪ੍ਰਵਰ ਸੈਨ-ਦੂਜੇ, ਵੈਨਾ ਦਤਯ, ਲਲਤਾ ਦਤਯ ਸੁਭਾਗੇ।
ਅਵੰਤੀ ਵਰਮਾ ਧਰਮ ਕਮਾ ਗਏ, ਰਖ ਗਏ ਨਾਮ ਸਦੀਵੀ,
ਅਟਲ 'ਸਥਾਨ ਬਣਾ ਗਏ ਐਸੇ, ਜੁ ਮਾਰ ਖਾ ਖਾ ਜੀਵੀ।੧੯।

ਮੇਹਰਾ ਕੁਲ, ਸ਼ੰਕਰ ਵਰਮਾ ਸਮ, ਚਕ੍ਰ ਵਰਮਾ ਬਿਭਚਾਰੀ,
ਖੇਮ ਗੁਪਤ, ਕਲਸ਼ ਦੇਵ, ਹਰਸ਼ ਦੇਵ, ਪਾਪੀ ਅਤਿਆਚਾਰੀ।
ਧਰਮ ਸ਼ਰਮ ਦਇਆ ਖੋ ਬੈਠੇ, ਕੀਤੀ ਰਜ ਮਨ ਆਈ,
ਜ਼ੁਲਮ ਅਨਿਆਂ ਦੀ ਹਦ ਮੁਕਾ ਇਸ, ਭੈਣ ਦੀ ਭੀ ਪਤਿ ਲਾਈ।੨੦।

ਅਤਿ ਕੀਤੀ ਕੁਝ ਅੰਤਲੇ ਸ਼ਾਹਾਂ, ਅੰਤ ਰਾਜ ਦਾ ਹੋਇਆ।
ਹਿੰਦੂ ਰਾਜ ਦਾ ਬੁਝਿਆ ਦੀਵਾ, ਮੁਸਲਿਮ ਜਗ-ਮਗੋਇਆ।
ਸਹਿ ਦੇਵ ਅੰਤਲਾ ਹਿੰਦੂ ਰਾਜਾ, ਭਾਵੇਂ ਨੇਕ ਸੀ ਧਰਮੀ।
ਸੀ ਬਹੁ-ਗਿਣਤੀ ਪਰਜਾ ਦੀ ਪਰ, ਵਿਗੜ ਚੁਕੀ ਕੁ ਕਰਮੀ।੨੧।

ਸਮੇਂ ਇਸ ਹੀ ਦਾਰਦਸਤਾਨੀ, ਲੰਗਰ ਚਕ ਸੀ ਆਇਆ,
ਵੈਰੀਆਂ ਹਥੋਂ ਦੁਖ ਉਠਾ ਕੇ, ਰਹੇ ਹੇਠ ਇਸ ਸਾਇਆ।
ਸੰਨ ਤੇਰਾਂ ਸੌ ਉੱਨੀ ਈਸਵੀ, ਯਾਤਰੀ ਇਕ ਸ਼ਾਹ ਮੀਰ,
ਸਵਾਦ ਕਨੀਰ ਦਾ ਪਹਿਲਾ ਮੋਮਨ, ਵੜਿਆ ਆ ਕਸ਼ਮੀਰ।੨੨।

ਇਸ ਪਰਦੇਸੀ ਦੁਖੀ ਬੇਕਸ ਤੇ, ਤਰਸ ਕੀਤਾ ਸੀ ਰਾਜੇ,
ਬਖ਼ਸ਼ ਜਗੀਰ ਵਜ਼ੀਰ ਬਣਾਇਆ, ਵਾਹ ਗ਼ਰੀਬ ਨਿਵਾਜੇ।
ਇਨ੍ਹੀਂ ਦਿਨੀਂ ਇਕ ਰੰਚਨ ਬੋਧੀ, ਤਿਬਤ ਦਾ ਸ਼ਾਹਜ਼ਾਦਾ,
ਪੁਜਿਆ ਇਥੇ ਚਾਚੇ ਤੋਂ ਡਰਦਾ, ਕਿਸਮਤ ਸ੍ਵੈ ਅਜ਼ਮਾਂਦਾ।੨੩।

ਸੈਨਾ-ਪਤੀ ਰਾਮ ਚੰਦਰ ਸੰਗ, ਕੁਝ ਸੀ ਇਸ ਦੀ ਪਹਿਚਾਨ।
ਮੰਗ ਸਹਾਇਤਾ ਉਸ ਪਾਸੋਂ ਇਹ, ਰਿਹਾ ਉਸ ਦਾ ਮਹਿਮਾਨ।
ਪੇਸ਼ ਕੀਤਾ ਰਾਮ ਚੰਦਰ ਸ਼ਾਹ ਦੇ, ਰਾਜੇ ਕਿਰਪਾ ਕੀਤੀ,
ਕੀਤਾ ਰਜਵਾਂ ਨੀਅਤ ਵਜ਼ੀਫ਼ਾ, ਸੁਣ ਉਸ ਆਪਾ-ਬੀਤੀ।੨੪।

ਦੁਖੀ ਦਾ ਪਾਲਣ ਖੁਲ੍ਹ-ਦਿਲੀ ਨੇਕੀ, ਪਰਦੇਸੀ ਸੰਗ ਪਿਆਰ,
ਨੇਕ ਗੁਣ ਸਹਿ ਦੇਵ ਰਾਜੇ ਦੇ, ਭਾਵੇਂ ਯੋਗ ਸਤਿਕਾਰ।
ਪਰ ਆਖ਼ਰ ਇਹ ਨੇਕੀ ਬਖ਼ਸ਼ਸ਼, ਉਲਟੇ ਰੰਗ ਦਿਖਾਸੀ,
ਜੋ ਦੁੱਧ ਪਿਲਾ ਪਾਲੇ ਸੱਪ ਜ਼ਹਿਰੀ, ਉਸੇ ਤੋਂ ਡੰਗ ਖਾਸੀ।੨੫।

ਸੰਨ ਤੇਰਾਂ ਸੌ ਤੇਈ ਈਸਵੀ, ਚੜ੍ਹ ਤਾਤਾਰੀ ਆਇਆ।
ਅੜ ਸਕਿਆ ਸਹਿ ਦੇਵ ਨਾ ਅਗੋਂ, ਕਿਸ਼ਤਵਾੜ ਸਿਧਾਇਆ।
ਲੁਟ ਪੁਟ ਪਰਜਾ ਮਾਰ ਮੁਕਾਈ, ਅਤੀ ਜ਼ੁਲਮ ਕਮਾਇਆ।
ਜਿਧਰ ਜਾਏ ਝਟ ਅੱਗ ਲਗਾਏ, ਕਰਦਾ ਤੁਰਤ ਸਫ਼ਾਇਆ।੨੬।

ਸਹਸ ਪੰਜਾਹ ਫੜ ਨਰ ਨਾਰਾਂ ਨੂੰ, ਪਾਪੀ ਕੈਦ ਕਰਾਇਆ,
ਧਨ ਦੌਲਤ ਤੇ ਕੈਦੀ ਲੈ ਕੇ, ਵਲ ਪੰਜਾਬ ਸਿਧਾਇਆ।
ਦੇਵਾ ਸਰ ਦੀ ਚੋਟੀ ਥਾਣੀ, ਪਿਆ ਕੁਰਾਹੇ ਪਾਪੀ,
ਬਰਫ਼ ਗੜ੍ਹੇ ਮੀਂਹ ਬਰਸੇ ਕੜਕੀ, ਬਿਜਲੀ ਪਰਲੋ ਵਿਆਪੀ।੨੭।

ਸਹਿਤ ਕੈਦੀਆਂ ਧਨ ਦੌਲਤ ਦੇ, ਜ਼ੁਲਕਦਰ ਹਿਮ ਦਫ਼ਨਾਯਾ।
ਦੋਖੀ ਦਿਲ ਦੀਆਂ ਦਿਲ ਲੈ ਮੋਆ, ਕਰਨੀ ਦਾ ਫਲ ਪਾਯਾ।
ਇਕ ਭੀ ਬੰਦਾ ਦਾਸ ਜਾਂ ਹਾਕਮ, ਬੱਚ ਨਾ ਸਕਿਆ ਕੋਈ।
ਪਤਿ ਅਬਲਾਂ ਦੀ ਰਖ ਲਈ ਕਰਤੇ, ਬਰਫ਼ੇ ਦੀ ਪਾ ਲੋਈ।੨੮।

ਸੈਨਾਪਤੀ ਰਾਮ ਚੰਦਰ ਗੜ੍ਹ, ਗਗਨ ਗੀਰ ਜਾ ਲੁਕਿਆ,
ਇਸ ਸੰਗ ਦੁਖੀ ਹਜ਼ਾਰ ਬੰਦਾ ਕਈ, ਵਿਚ ਕਿਲ੍ਹੇ ਆ ਛੁਪਿਆ।
ਜ਼ਾਲਮ ਜ਼ੁਲਚੂ ਤੇਗ਼ ਕੀ ਵਾਹੀ, ਵਾਦੀ ਮਾਰ ਮੁਕਾਈ,
ਆਦਮੀ ਇਕ ਬਚਿਆ ਸੌ ਪਿਛੇ, ਲੁਕ ਜਿਸ ਜਾਨ ਬਚਾਈ।੨੯।

ਹਾਲੀ ਹੋਸ਼ ਸੰਭਾਲੀ ਹੀ ਸੀ, ਬਚ ਗਈ ਪਰਜਾ ਜੋਈ,
ਟੁਟ ਪਈ ਕੌਮ ਕਿਸਾਨ ਝਟ ਆ ਕੇ, ਬਚੀ ਸ਼ਕਤਿ ਚਾ ਖੋਈ।
ਸੁਣ ਸੈਨਾਪਤੀ ਰਾਮ ਚੰਦਰ, ਪਰਜਾ ਦੀ ਆਹ ਪੁਕਾਰ,
ਰੰਚਨ ਤੇ ਸ਼ਾਹ ਮੀਰ ਦੁੜਾਏ, ਕਰੋ ਜਾ ਤੁਸੀਂ ਸੁਧਾਰ।੩੦।

ਰੰਚਨ ਅਕਲ ਦਲੇਰੀ ਕੀਤੀ, ਕਿਸਾਨ ਕੌਮ ਪਕੜਾਈ।
ਇਕ ਇਕ ਸੂਲੀ ਚਾੜ੍ਹ ਮਾਰਿਆ, ਆਪਣੀ ਧਾਂਕ ਬਿਠਾਈ।
ਰੰਚਨ ਨੇ ਸਫਲਤਾ ਇਸ ਮਗਰੋਂ, ਸ਼ਾਹ ਮੀਰ ਸੰਗ ਮਿਲ ਕੇ,
ਸੁਤਾ ਮਾਰ ਦਿਤਾ ਸੈਨਾਪਤੀ, ਚੜ੍ਹਿਆ ਭੇਸ ਬਦਲ ਕੇ।੩੧।

ਵੜ ਮਹਿਲੀਂ ਧਰ ਤਾਜ ਸਿਰੇ ਤੇ, ਰੰਚਨ ਸ਼ਾਹ ਸਦਾਇਆ,
ਜਤਨ ਸਹਿਦੇਵ ਪਰਤ ਕਿਸ਼ਤਵਾੜੋਂ, ਕੀਤਾ ਪਰ ਬਿਰਥਾਇਆ।
ਮਾਲਕ ਆਪਣੇ ਰਾਮ ਚੰਦਰ ਦੀ, ਬੇਟੀ ਕੋਟਾ ਰਾਨੀ।
ਨਾਲ ਵਿਆਹ ਕਰਾਇਆ ਰੰਚਨ, ਬਣ ਗਏ ਰਾਜਾ ਰਾਨੀ।੩੨।

ਅਰਜ਼ ਰੰਚਨ ਬਿਪਰਾਂ ਨੂੰ ਕੀਤੀ, ਮੈਨੂੰ ਦਿਵਿਜ ਬਣਾਵੋ,
ਦਸੋ ਸੁਮਾਰਗ ਮੁਕਤੀ ਵਾਲਾ, ਵਸੋ ਤੁਸੀਂ ਸੁਖ ਪਾਵੋ।
ਪਰ ਸਦ ਹੈਫ਼! ਇਸ ਪੋਪ-ਸ਼ਾਹੀ ਤੇ, ਦਾਸ ਹਿੰਦ ਜਿਸ ਕੀਤਾ,
ਰੰਚਨ ਨੂੰ ਠੁਕਰਾ ਕੇ ਬ੍ਰਾਹਮਣਾਂ, ਸ੍ਵੈ ਹਥੀਂ ਵਿਸ ਪੀਤਾ।੩੩।

ਫ਼ਕਰ ਮੁਸਲਮਾਂ ਬੁਲਬੁਲ ਸ਼ਾਹ ਇਕ, ਸ੍ਰੀਨਗਰ ਚਲ ਆਇਆ,
ਰੰਚਨ ਨੂੰ ਭਟਕਣ ਤੋਂ ਰਖ ਕੇ, ਕਲਮਾ ਓਸ ਪੜ੍ਹਾਇਆ।
ਕਈ ਵਜ਼ੀਰ ਤੇ ਲੋਕ ਕਈ ਝਟ, ਰਾਜ ਧਰਮ ਵਿਚ ਆਏ,
ਕੁਝ ਸਵਾਰਥ ਲਈ ਕੁਝ ਫ਼ਕਰ ਦੀ, ਕਰਣੀ ਖਿਚ ਲਿਆਏ।੩੪।

ਸੰਨ ਤੇਰਾਂ ਸੌ ਪੰਜੀ ਈਸਵੀ, ਵਿਚ ਅਸਥਾਪਨ ਹੋਆ,
ਰਿਸ਼ੀਆਂ ਦੀ ਧਰਤੀ ਤੇ ਮੁਸਲਿਮ, ਰਾਜ ਸਿੰਘਾਸਨ ਢੋਆ।
ਵਾਰੋ ਵਾਰੀ ਪੰਜ ਪਰਿਵਾਰਾਂ, ਇਥੇ ਹੁਕਮ ਚਲਾਇਆ,
ਬਿਨਾਂ ਕੁਝ ਕੁ ਅਦਲੀ ਸ਼ਾਹਾਂ ਦੇ, ਸਭਨਾਂ ਜ਼ੁਲਮ ਕਮਾਇਆ।੩੫।

ਰੰਚਨ ਸ਼ਾਹ ਤੇ ਕੋਟਾ ਰਾਨੀ, ਪ੍ਰਿਥਮ ਪ੍ਰਵਾਰ ਸਦਾਏ,
ਸਲਾਤੀਨ ਦੂਜਾ ਚੱਕ ਤੀਸਰਾ, ਚੌਥਾ ਮੁਗ਼ਲ ਅਖਾਏ।
ਪੰਜਵਾਂ ਅਫ਼ਗਾਨਾਂ ਦਾ ਜ਼ਾਲਮ, ਸੀ ਹਦੋਂ ਵਧ ਪਰਿਵਾਰ,
ਰਜ ਕੇ ਅਫ਼ਗਾਂ ਜ਼ੁਲਮ ਕਮਾ ਗਏ, ਨਾ ਜਿਸ ਦਾ ਹਦ ਸ਼ੁਮਾਰ।੩੬।

ਪੰਜ ਸੌ ਸਾਲ ਘਟ ਛੇ ਵਰ੍ਹਿਆਂ, ਝੁਲਿਆ ਝੰਡਾ ਇਸਲਾਮੀ,
ਗੂੰਜ ਪਿਆ ਨਾਅਰਾ ਤਕਬੀਰੀ, ਤੇ ਕਲਮਾ ਇਲਹਾਮੀ।
ਹਰ ਪਾਸੇ ਵਾਦੀ ਸੁਰਗੀ ਦੇ, ਫੈਲਾਇਆ ਇਸਲਾਮ,
ਸਈਦਾਂ ਵਲੀਆਂ ਗੌਸਾਂ ਨੇ, ਕਰ ਕੰਮ ਰਖਾਇਆ ਨਾਮ।੩੭।

ਪਰ ਸਪ੍ਰੇਮ ਸੁਕਰਣੀ ਹੀ ਸੰਗ, ਨਹੀਂ ਵਧਿਆ ਇਸਲਾਮ,
ਲਾਲਸਾ ਜਨਤੀ ਹੂਰਾਂ ਦੀ, ਭੀ ਕਰਵਾਯਾ ਕਤਲਾਮ।
ਇਕੱਤੀ ਮਾਹ ਹਕੂਮਤ ਕਰ ਕੇ, ਰੰਚਨ ਪਰਲੋਕ ਸਿਧਾਯਾ,
*ਉਦਿਆਨ ਦੇਵ ਨੂੰ ਕੋਟਾ ਰਾਣੀ, ਸਦ ਝਟ ਕੋਲ ਮੰਗਾਯਾ।੩੮।

ਪੁਨਰ ਵਿਆਹ ਰਚਾ ਕੇ ਉਸ ਸੰਗ, ਖ਼ੁਦ ਰਾਜ ਕਰਨ ਸੀ ਲਗੀ,
ਵੱਡਾ ਵਜ਼ੀਰ ਸ਼ਾਹ ਮੀਰ ਬਣਾ, ਕਰਨ ਲਗੀ ਜ਼ੀਅ ਲਗੀ।
ਮਰਿਆ ਜਦ ਉਦਿਆਨ ਦੇਵ, ਬਣ ਬੈਠੀ ਖ਼ੁਦ ਮੁਖ਼ਤਾਰ,
ਪੰਜਾਹ ਕੁ ਦਿਨ ਮਸਾਂ ਸਨ ਬੀਤੇ, ਖੇਲ ਕੀਤਾ ਕਰਤਾਰ।੩੯।

ਆਕੀ ਹੋ ਸ਼ਾਹ ਮੀਰ ਖਲੋਤਾ, ਤਖ਼ਤ ਸ਼ਾਹੀ ਚੜ੍ਹ ਬੈਠਾ,
ਜੋ ਅੜਿਆ ਝੜਿਆ ਇਸ ਅਗੇ, ਇਹ ਜ਼ੋਰ ਧੁਰੀ ਫੜ ਬੈਠਾ।
ਕਰ ਚੜ੍ਹਾਈ ਇੰਦਰ ਕੋਟ ਤੇ, ਵਿਆਹੀ ਜ਼ੋਰੀ ਕੋਟਾ,
ਸ੍ਰੀ ਨਗਰ ਪੁਜ ਮਾਰ ਛੁਰੀ ਖ਼ੁਦ, ਮਰੀ ਵਿਚਾਰੀ ਕੋਟਾ।੪੦।

*ਰਾਜਾ ਸਹਿਦੇਵ ਦਾ ਭਰਾ, ਜੋ ਸਵਾਦ ਕਨੀਰ ਵਿਖੇ ਜ਼ੁਲਚੂ ਦੇ ਹਮਲੇ ਸਮੇਂ ਨਸ ਗਿਆ ਸੀ।

ਕੋਟਾ ਰਾਣੀ ਪੱਤ ਬਚਾ ਲਈ, ਮੂੰਹ ਸਾਹ ਮੀਰ ਨ ਡਿਠਾ,
ਦੁਖਿਆ ਸ਼ਾਹ ਪਿਆ ਪਛਤਾਵੇ, ਚਖਿਆ ਸ਼ਹਿਦ ਨਾ ਮਿਠਾ।
ਧ੍ਰਿਗ ਸ੍ਵਾਰਥ ਅਰ ਨੀਤੀ ਉਤੇ, ਅੰਨ੍ਹਾ ਜੋ ਬਣਾਂਦੀ,
ਨੇਕੀ ਪ੍ਰੀਤ ਪੁਰਾਣੀ ਭੁਲਾ ਕੇ, ਕੀ ਨਾਂਹ ਜੋ ਕਰਾਂਦੀ।੪੧।

ਸੁਲਤਾਨ ਸ਼ਮਸ਼-ਉਦ-ਦੀਨ ਲਕਬ, ਸ਼ਾਹ ਮੀਰ ਰਖਾਇਆ,
ਸਲਾਤੀਨ ਪਰਿਵਾਰ ਦੂਜੇ ਦਾ, ਮੋਢੀ ਇਹ ਅਖਵਾਇਆ।
ਤਿੰਨ ਸਾਢੇ ਕੁ ਸਾਲ ਰਾਜ ਕਰ, ਇਹ ਭੀ ਅੰਤ ਸਿਧਾਯਾ,
ਸੰਮਤ ਬਿਕ੍ਰਮੀ ਦੀ ਥਾਂ ਇਸ ਨੇ, ਕਸ਼ਮੀਰੀ ਵਰਤਾਯਾ‡।੪੨।

ਇਸ ਮਗਰੋਂ ਤੀਜੀ ਥਾਂ ਇਸ ਦੇ, ਪੋਤਾ ਇਹਦਾ ਇਕ ਬੀਰ,
ਸੁਲਤਾਨ ਸ਼ਹਾਬ-ਉਦ-ਦੀਨ ਜਿਸ, ਚਮਕਾਇਆ ਕਸ਼ਮੀਰ।
ਕਾਬਲ, ਗੌਰ, ਕੰਧਾਰ, ਬਦਖ਼ਸ਼ਾਂ, ਸਰਹਿੰਦ ਤੀਕ ਨਿਵਾਇਆ,
ਫ਼ੀਰੋਜ਼ ਸ਼ਾਹ ਤੁਗਲਕ ਜਿਹੇ ਨੂੰ, ਅਪਣਾ ਜ਼ੋਰ ਦਿਖਾਇਆ।੪੩।

ਪਰ ਢਾਹ ਕੇ ਮੰਦਰ ਬਿਜੇਸ਼੍ਵਰ, ਮਥੇ ਧੱਬਾ ਲਾਇਆ,
ਸ੍ਰੀ ਨਗਰ ਦੇ ਮੰਦਰਾਂ ਦਾ ਭੀ, ਕੀਤਾ ਏਸ ਸਫ਼ਾਇਆ।
ਸੰਨ ਤੇਰਾਂ ਸੌ ਅਤੇ ਚੁਹੱਤਰ, ਪਰਲੋ ਹੜ ਲਿਆਇਆ,
ਦਸ ਹਜ਼ਾਰ ਘਰ ਜਲ ਲਹਿਰਾਂ ਸੰਗ, ਤਿਨਕੇ ਵਾਂਗ ਰੁੜ੍ਹਾਇਆ।੪੪।

*ਹਿੰਦੂਆਂ ਦੀ ਸੋਰਸ਼ ਬੇਗ਼ਮ ਤੇ, ਪੁਤਰਾਂ ਨੂੰ ਠੁਕਰਾਣਾ,
ਹੜ ਦੀ ਭਾਰੀ ਸਟ ਕਾਰੀ ਨੇ, ਵਰਤਾਇਆ ਪਇਆਣਾ।
ਵੀਰ ਏਸ ਦਾ ਕੁਤਬ ਦੀਨ ਉਹ, ਫਿਰ ਬਣਿਆ ਸੁਲਤਾਨ,
ਸਈਅਦ ਅਲੀ ਹਮਦਾਨੀ ਜੀ, ਅਮੀਰ ਕਬੀਰ ਅਖਵਾਨ।੪੫।

‡ਇਹ ਸੰਨ ਰੰਚਨ ਸ਼ਾਹ ਦੀ ਤਾਜ ਪੋਸ਼ੀ ਤੋਂ ਸ਼ੁਰੂ ਕੀਤਾ ਗਿਆ ਸੀ।
*ਬਿਜੇਸ਼੍ਵਰ ਮੰਦਰ ਬੀਜ ਬਹਾੜਾ ਢਾਹ ਦੇਣ ਕਾਰਣ ਹਿੰਦੂਆਂ ਸੋਰਸ਼ ਕਰ ਦਿਤੀ ਸੀ।

ਨਾਲ ਲੈ ਸਤ ਸੌ ਸਈਦਾਂ ਨੂੰ, ਉਹ ਚਲ ਆਏ ਕਸ਼ਮੀਰ,
ਮੰਦਰ ਕਾਲੀਸ਼੍ਵਰ ਨੂੰ ਢਾਹ ਕੇ, ਬਣੀ ਸਫ਼ਾ ਬ੍ਹਾਏ ਪੀਰ।
ਇਕ ਦਿਲ ਨੂੰ ਪ੍ਰਸੰਨ ਰਖਣ ਲਈ, ਦਿਲ ਹਜ਼ਾਰਾਂ ਢਾਏ,
‡ਅਮੀਰ ਕਬੀਰ ਸਫ਼ਾ ਵਿਚ ਬਹਿ ਕੇ, ਹਮਦ ਗੁਫ਼ਾਰਾ ਗਾਏ।੪੬।

ਅਮੀਰ ਕਬੀਰ ਕੁਤਬ ਦੀਨ ਤੋਂ, ਫ਼ੈਸ਼ਨ ਭੀ ਬਦਲਾਇਆ,
ਤੰਗ ਪਜਾਮੇ ਕੁੜਤੇ ਦੀ ਥਾਂ, ਫੈਰਨ ਗਲੇ ਪਵਾਇਆ।
ਫਿਰ ਬਣਿਆ ਸੁਲਤਾਨ ਸਿਕੰਦਰ* ; ਕਸ਼ਮੀਰ ਦਾ ਵਾਲੀ,
ਹਿੰਦੂ ਧਰਮ ਤੇ ਸਭਿਅਤਾ ਦੀ, ਇਸ ਇਥੋਂ ਜੜ੍ਹ ਗਾਲੀ।੪੭।

ਸਭ ਤੋਂ ਪਹਿਲਾਂ ਮਾਰਤੰਡ ਦਾ, ਮੰਦਰ ਸਾੜ ਗਿਰਾਇਆ।
ਮੰਦਰ ਤਿੰਨ ਸੌ ਬੀਜ ਬਿਹਾੜੇ ਦਾ, ਮਿਸਮਾਰ ਕਰਾਇਆ।
ਪਰਸ ਪੁਰਾ ਬਾਰੂਾਂ ਮੂਲੇ ਦਾ, ਲਲਤਾ ਦੱਤ ਦਾ ਮੰਦਰ,
ਤਰਪ੍ਰੇਸ਼੍ਵਰ, ਸਰੇਸ੍ਵਰ ਆਦੀ, ਮੰਦਰ ਕੀਤੇ ਖੰਡਰ।੪੮।

ਮੰਦਰ ਮਹਾਸ਼੍ਵਰੀ, ਤਾਰਾ ਬਟ ਸਨ, ਪਾਸ ਮਹਲ ਦੇ ਜੋਈ,
ਉਨ੍ਹਾਂ ਦੇ ਪਥਰਾਂ ਤੋਂ ਮਸਜਿਦ-ਜਾਮਾ ਨੀਂਹ ਰਖੋਈ।
ਗੱਲ ਕੀ ਦੇਸ਼ ਦੇ ਮੰਦਰ ਸਾਰੇ, ਢਾਹ ਮਸੀਤਾਂ ਬਣੀਆਂ,
ਹੁਨਰ ਸਭਿਅਤਾ ਮੇਟ ਪੁਰਾਤਨ, ਸਭ ਨਵ ਰੀਤਾਂ ਤਣੀਆਂ।੪੯।

ਕੰਬ ਉਠੀ ਸਭ ਹਿੰਦੂ ਜਨਤਾ, ਸਹਿ ਜ਼ੁਲਮ ਨਾ ਸਕੀ,
ਰਾਜਾ ਪਰਜਾ ਜ਼ੁਲਮ ਕਮਾਵੇ, ਜਾਨ ਬਚੇ ਨਾ ਲਖੀਂ।
ਲਖਾਂ ਹਿੰਦੂ ਮੋਮਨ ਬਣ ਗਏ, ਜੋ ਅੜਿਆ ਸੋ ਮਰਿਆ,
ਪੜ੍ਹਿਆ ਕਲਮਾ ਬਚ ਸਕਿਆ ਜਾਂ, ਪ੍ਰਬਤੋਂ ਪਾਰ ਜੋ ਤਰਿਆ।੫੦।

---

‡ਸੰਨ ੧੩੯੩ ਈ: ਦਾ ਸਮਾਂ ਸੀ।

*ਸੰਨ ੧੩੯੪–੧੪੧੭ ਈਸਵੀ। ਇਹਨੂੰ ਹੀ ਸਿਕੰਦਰ ਬੁਤ-ਸ਼ਿਕਨ ਕਹਾ ਜਾਂਦਾ ਹੈ।

ਹਿੰਦੂਆਂ 'ਚੋਂ ਬਣੇ ਮੋਮਨਾਂ ਦੇ, ਜੰਞੂਆਂ ਦਾ ਢੇਰ,
ਉਹ ਸੂਤ ਗਿਆ ਜਦੋਂ ਤੋਲਿਆ, ਸੀ ਸਤ ਮਣ ਅੱਠ ਸੇਰ।
*ਸਈਦ ਮੀਰ ਹਮਦਾਨੀ ਨੇ, ਕੁਝ ਓੜਕ ਲਏ ਬਚਾ,
ਸਿਕੰਦਰ ਮੱਥਾ ਕਲੰਕਤ ਕੀਤਾ, ਜ਼ੁਲਮ ਜੋ ਗਏ ਕਮਾ।੫੧।

‡ਮਗਰੋਂ ਪੁਤ੍ਰ ਅਲੀ ਸ਼ਾਹ ਇਸਦਾ, ਬਣਿਆ ਜਦ ਸੁਲਤਾਨ,
ਕਸ਼ਮੀਰ ਦੇਸ਼ ਦੀ ਆਈ ਸ਼ਾਮਤ, ਹੋਇਆ ਵਧ ਵੈਰਾਨ।
ਪੂਜਾ ਪਾਠ ਤੋਂ ਰੋਕੇ ਹਿੰਦੂ, ਟਿਕਾ ਕਰਨ ਨਾ ਦੇਵੇ,
ਜਿਹੜਾ ਹੁਕਮ ਅਦੂਲੀ ਕਰਦਾ, ਸੁ ਵਾਰ ਪ੍ਰਾਨਾਂ ਦੇਵੇ।੫੨।

ਬਹੁਤਿਆਂ ਘਰ ਨੂੰ ਅੱਗ ਲਗਾ ਕੇ, ਸਣ ਬੱਚਿਆਂ ਜਿੰਦ ਵਾਰੀ,
ਦਰਿਆ 'ਚ ਕਈ ਰੁੜ੍ਹੇ ਵਿਚਾਰੇ, ਧਰਮੋਂ ਚਾ ਜਿੰਦ ਵਾਰੀ।
ਹਿੰਦੂਆਂ ਨਾਲ ਪਿਤਾ ਤੋਂ ਵਧ ਕੇ, ਅਲੀਏ ਜ਼ੁਲਮ ਕਮਾਇਆ।
ਬਚਿਆ ਲੁਕਿਆ ਹਿੰਦੂ ਜਿਹੜਾ, ਕਰ ਅਨਿਆਂ ਮੁਕਾਇਆ।੫੩।

ਕਈਆਂ ਜਜ਼ੀਆ ਦੇਣਾ ਮੰਨ ਕੇ, ਜਾਨ ਤਾਈਂ ਬਚਾਇਆ,
ਕਈਆਂ ਘਰ ਤਿਆਗੇ ਆਪਣੇ, ਨੱਠੇ ਜਿਧਰ ਮੂੰਹ ਆਇਆ।
ਹਦ ਜ਼ੁਲਮਾਂ ਦੀ ਹੋ ਗਈ ਜਦੋਂ, ਤਰਸ ਪ੍ਰਭੂ ਮਨ ਆਇਆ,
ਚੀਰੀ ਪਾਟੀ ਸਿਹ ਬਟ੦ ਦੀ, ਕਰ ਗਿਆ ਮਨ ਭਾਇਆ।੫੪।

ਅਲੀ ਸ਼ਾਹ ਨੇ ਸ਼ਾਹੀ ਖ਼ਾਨ ਨੂੰ, ਚੁਕ ਵਜ਼ੀਰ ਬਣਾਇਆ,
ਸ਼ਾਹੀ ਖ਼ਾਨ ਨੇ ਵੀਰੇ ਤਾਈਂ, ਸਿੱਧਾ ਤੀਰ ਬਣਾਇਆ।

---

*ਅਮੀਰ ਕਬੀਰ ਦੇ ਪੁਤਰ, ੧੩੯੪ ਈ: ਵਿਚ ਤਿੰਨ ਸੌ ਮਿਤਰਾਂ ਸਹਿਤ ਸ੍ਰੀ ਨਗਰ ਪੁਜੇ ਸਨ।

‡੧੪੧੭–੧੪੨੩ ਈਸਵੀ।

੦ਇਹ ਸਿਹ ਬੱਟ ਪੰਡਤ ਸੀ,ਸਈਅਦ ਮੀਰ ਮੁਹੰਮਦ ਹਮਦਾਨੀ ਹੱਥੋਂ ਮੁਸਲਮਾਨ ਬਣਿਆ, ਆਪਣੀ ਧੀ ਬਾਰਾ ਸਈਅਦ ਹੋਰਾਂ ਨਾਲ ਵਿਆਹੀ। ਕਹਿੰਦੇ ਹਨ, ਇਸ ਹੀ ਬਹੁਤਾ ਜ਼ੁਲਮ ਹਿੰਦੂਆਂ ਤੇ ਕਰਵਾਇਆ, ਇਹ ਤਿੰਨਾਂ ਸੁਲਤਾਨਾਂ ਦਾ ਵੱਡਾ ਵਜ਼ੀਰ ਰਿਹਾ।

ਹਰਾ ਕੇ ਜ਼ਾਲਮ ਵੀਰੇ ਤਾਈਂ, ਤਖ਼ਤ ਸ਼ਾਹੀ ਖ਼ਾਂ ਮਲਿਆ,
ਃਜ਼ੈਨ ਉਲਆਬਦੀਨ ਨਾਂ ਰਖਾਕੇ,ਜ਼ੁਲਮ ਤੇ ਅਨਿਆਂ ਦਲਿਆ।੫੫।

ਬੀਰ, ਦਇਆਲੂ, ਵਿਦਵਾਨ ਤੇ, ਜ਼ਾਲਮ ਸੋਧਣ-ਹਾਰਾ,
ਦੇਸ਼ ਸੁਧਾਰਕ ਨਿਆਇਕਾਰੀ, ਤੁਅਸਬ ਖੋਵਣ-ਹਾਰਾ।
ਹਿੰਦੂਆਂ ਤਾਈਂ ਬਾਦਸ਼ਾਹ ਨੇ, ਪ੍ਰੀਤ ਐਲਾਨ ਸੁਣਾਇਆ,
ਵਸੋ ਰਸੋ ਮਾਣੋ ਸੁਖ ਖ਼ੁਸ਼ੀਆਂ, ਰਬ ਜਹਾਨ ਬਣਾਇਆ।੫੬।

ਰੀਤਾਂ ਰਸਮਾਂ ਧਰਮ ਕਰਮ ਦੇ, ਕੰਮ ਕਰੋ ਮਨ ਭਾਏ,
ਜਜ਼ੀਏ ਕਰ ਹਟਾ ਦਿਤੇ ਸਭ, ਪਿਤਾ ਵੀਰ ਸਨ ਲਾਏ।
ਪਿਆਰ ਭਰਾ ਕਰ ਕੇ ਵਰਤਾਰਾ, ਹਿੰਦੂ ਕੌਮ ਰੀਝਾਈ,
ਚੰਗੇ ਔਹੁਦੇ ਅਤੇ ਜਾਗੀਰਾਂ, ਦੇ ਕੇ ਧੋਮ ਮਚਾਈ।੫੭।

ਮੁੜ ਆਏ ਨੱਠੇ ਵਤਨਾਂ ਨੂੰ, ਹੋਰ ਨਵੇਂ ਚਲ ਆਏ,
ਹਿੰਦੂ ਮੁਸਲਿਮ ਵੀਰ ਰਲੇ ਜਿਉਂ, ਸ਼ੀਰ ਸ਼ਕਰ ਰਲ ਜਾਏ।
ਧਰਮ ਜਿਨ੍ਹਾਂ ਸੀ ਛਡਿਆ ਜ਼ੋਰੀਂ, ਦਿਲ ਨਾ ਸਨ ਪਲਟਾਏ,
ਕਈ ਹਿੰਦੂ ਮੁੜ ਹਿੰਦੂ ਬਣ ਗਏ, ਕਰਨ ਸੋਈ ਮਨ ਭਾਏ।੫੮।

ਬੰਦ ਚਾ ਕੀਤੀ ਗਊ ਕਸ਼ੀ ਇਸ, ਖ਼ੁਸ਼ ਬੱਟਾਂ ਇਹ ਰਖਾਂਦਾ,
ਇਨ੍ਹਾਂ ਦੇ ਕਈ ਤਿਉਹਾਰਾਂ ਤੇ, ਮਾਸ ਨਾ ਸੀ ਇਹ ਖਾਂਦਾ।
ਹਿੰਦੂ ਕੌਮ ਹੋਈ ਕਿਰਤਗਯ, ਜਸ ਇਸ ਦਾ ਸਦ ਗਾਣ,
ਸਦਣ ਬੱਟ ਸ਼ਾਹ ਲਗੀ ਇਸ ਨੂੰ, ਕਰਨ ਦਿਲੋਂ ਵਧ ਮਾਣ।੫੯।

ਧਰਤੀ ਸੁਰਗੀ ਸੁਰਗ ਬਣਾਈ, ਹਰ ਪਹਿਲੂ ਵਿਚ ਭਾਈ,
ਹੁਨਰ ਇਲਮ ਤੇ ਦਸਤਕਾਰੀ ਦੀ, ਸਭਨਾਂ ਵਿਚ ਖਿਚ ਪਾਈ।
ਬਡ ਸ਼ਾਹ ਜ਼ੈਨਉਲਆਬਦੀਨ ਨੂੰ, ਪਰਜਾ ਆਖ ਬੁਲਾਏ,
ਬੰਦਾ ਉਸੇ ਦੇ ਗੁਣ ਗਾਵੇ, ਜਿਸ ਤੋਂ ਸੁਖ ਉਠਾਏ।੬੦।

ਃ੧੪੨੩-੧੪੭੪ ਈਸਵੀ।

ਪਰ ਅਫ਼ਸੋਸ ਇਸ ਫ਼ਾਨੀ ਜਗ ਵਿੱਚ, ਜੋ ਘੜਿਆ ਭਜ ਜਾਏ,
ਚੰਗਾ ਮੰਦਾ ਪੁੰਨੀ ਪਾਪੀ, ਅੰਤ ਜਗਤ ਤਜ ਜਾਏ।
ਪੁਤਰਾਂ ਦੇ ਝਗੜੇ ਫਿਤਨੇ ਤੋਂ, ਬਡ ਸ਼ਾਹ ਦੁਖ ਉਠਾਇਆ।
ਕਾਫ਼ੀ ਚਿਰ ਬੀਮਾਰ ਰਹਿ ਕੇ, ਅੰਤ ਪਰਲੋਕ ਸਿਧਾਇਆ।੬੧।
ਮਾਤਮ ਹੋਏ ਜਨਤਾ ਦੁਖ ਪਈ, ਰੋਂਦੀ ਸੀ ਨਰ ਨਾਰੀ,
ਨੇਕ ਬੰਦੇ ਤੇ ਦਿਨ ਸੁਭਾਗੇ, ਨਾ ਆਵਣ ਹਰ ਵਾਰੀ।
ਇਹਦੇ ਚਲਾਣੇ ਦੇ ਤੀਜੇ ਦਿਨ, ਪੁਤ੍ਰ ਹਾਜੀ ਖ਼ਾਂ ਇਸ ਦਾ,
*ਹੈਦਰ ਸ਼ਾਹ ਸੁਲਤਾਨ ਕਹਾਯਾ, ਸਾਨੀ ਐਸ਼ ਨ ਜਿਸ ਦਾ।੬੨।
ਲੋਲੇ ਨਾਮੀ ਨਾਈ ਦੇ ਟੇਡੇ, ਚੜ੍ਹ ਗਿਆ ਇਹ ਸ਼ਰਾਬੀ,
ਜੋ ਚਾਹੇ ਇਹ ਸੋਈ ਕਰਾਏ, ਚਲਦਾ ਹੁਕਮ ਸ਼ਤਾਬੀ।
ਜਾਨ ਹਿੰਦੂ ਦੀ ਮੁੜ ਕੇ ਇਸ ਨੇ, ਖ਼ਤਰੇ ਵਿਚ ਚਾ ਪਾਈ,
ਰਜ ਕੇ ਹਿੰਦੂ ਮਾਰ ਮੁਕਾਏ, ਕੀਤੀ ਖ਼ੂਬ ਤਬਾਹੀ।੬੩।
ਇਸ ਕਈਆਂ ਦੇ ਨਕ ਵਢਾ ਕੇ, ਹਸ ਹਸ ਖਿਲੀ ਪਾਈ,
ਲੁਟੀ ਦੌਲਤ, ਸੁੰਦਰਤਾ ਭੀ, ਨਾਰੀ ਜੋ ਦਿਲੀ ਭਾਈ।
"ਨਾ ਬਟਵਾਮ" ਮੈਂ ਹਿੰਦੂ ਨਾਹੀਂ, "ਨਾ ਬਟਵਾਮ" ਮੈਂ ਭਾਈ।
ਭੇਸ ਬਦਲ ਕੇ ਜਿਹੜਾ ਕਹਿੰਦਾ, ਬਸ ਉਸ ਜਾਨ ਬਚਾਈ।੬੪।
ਹੈਦਰ ਸ਼ਾਹ ਨਸ਼ੇ ਵਿਚ ਇਕ ਦਿਨ, ਡਿਗ ਮਹਲੋਂ ਜਾਂ ਮਰਿਆ।
ਹਿੰਦੂ ਕੌਮ ਤੋਂ ਜ਼ੁਲਮ ਲੋਲੇ ਦਾ, ਮਸਾਂ ਮਸਾਂ ਤਾਂ ਟਰਿਆ।
ਸਲਾਤੀਨ ਪਰਿਵਾਰ ਦੇ ਉਕਤ, ਸ਼ਾਹਾਂ ਮਾਰ ਮੁਕਾਈ,
ਹਿੰਦੂ ਜਨਤਾ ਦੀ ਬਹੁ ਗਿਣਤੀ, ਰਹਿ ਗਈ ਸਾਰ ਨਿਆਈਂ।੬੫।
ਹੈਦਰ ਸ਼ਾਹ ਦਾ ਪੁਤ੍ਰ †ਹਸਨ ਸ਼ਾਹ, ਹੁਣ ਬਣ ਬੈਠਾ ਸੁਲਤਾਨ,
ਤੌਰ ਤਰੀਕਾ ਬਦਲ ਪਿਤਾ ਦਾ, ਮੁੜ ਕੀਤਾ ਅਮਨ ਅਮਾਨ।
ਸਵਾਰਥੀ ਤੁਅਸਬੀ ਲੋਕਾਂ ਨੂੰ, ਅਮਨ ਅਮਾਨ ਨ ਭਾਇਆ,
ਬਹਿਰਾਮ ਖ਼ਾਂ ਚਾਚੇ ਇਹਦੇ ਨੂੰ, ਚਾੜ੍ਹ ਦੇਸ਼ ਤੇ ਲਿਆਇਆ।੬੬।

*੧੪੭੪-੧੪੭੫ ਈ:। †੧੪੭੫-੧੪੮੭ ਈ:।

ਭਤੀਜਾ ਚਾਚਾ ਲੜੇ ਲੈ ਫ਼ੌਜਾਂ, ਜੰਗ ਗ਼ਜ਼ਬ ਦੀ ਹੋਈ,
ਭਜਦੇ ਬਹਿਰਾਮੇ ਨੂੰ ਫੜਿਆ, ਜੈ ਤਾਜ਼ੀ ਦੀ ਹੋਈ।
ਦਿਤੀ ਸਿਲਾਈ ਫਿਰਾ ਅੱਖਾਂ ਵਿਚ, ਸ਼ਾਹ ਚਾਚਾ ਮਰਵਾਇਆ,
ਹਾਕਮ ਬਹਿਲੋਲ ਪੁਰੇ ਨੂੰ ਪਿਛੋਂ, ਤਾਜ਼ੀ ਬਟ ਰਾਹ ਪਾਯਾ।੬੭।
ਤਾਜ਼ੀ ਬਟ ਜਰਨੈਲ ਵਡਾ ਭੀ, ਨਾ ਸੁਕਾ ਰਹਿ ਸਕਿਆ,
ਸਯਦ ਹਸਨ, ਸਹੁਰੇ ਸ਼ਾਹ ਹਥੋਂ, ਦਰ ਜੇਲ੍ਹ ਦਾ ਤਕਿਆ।
ਪਿਤਾ ਹੈਦਰਸ਼ਾਹ ਤੋਂ ਘਟ ਪਰ, ਨਹੀਂ ਜ਼ਰਾ ਸੀ ਰਾਈ,
ਐਸ਼ੀ ਅਤੇ ਸ਼ਰਾਬੀ ਭਾਰੀ, ਨਾਚ ਰੰਗ ਸ਼ੈਦਾਈ।੬੮।
ਹਿੰਦੀ ਬਾਰ੍ਹਾਂ ਸੌ ਕਵਾਲ ਨਿਤ, ਗਾਂਦੇ ਤੇ ਮਸਤਾਂਦੇ,
ਰੰਗ ਬਰੰਗੀਆਂ ਧੁਨਾਂ ਸੁਣਾਂਦੇ, ਸਾਜ ਅਜੀਬ ਵਜਾਂਦੇ।
ਭੋਗਾਂ ਭੋਗ ਲਿਆ ਇਸ ਸ਼ਾਹ ਨੂੰ, ਪੇਚਸ਼ ਮਾਰ ਮੁਕਾਇਆ।
ਹਿੰਦੂ ਕੌਮ ਦਾ ਐਪਰ ਇਸ ਨੇ, ਵਾਲ ਨਾ ਵਿੰਗਾ ਕਰਾਇਆ।੬੯।
ਬਾਕੀ ਇਸ ਪਰਿਵਾਰ ਦੇ ਸ਼ਾਹਾਂ, ਲੜ ਭਿੜ ਉਮਰ ਗਵਾਈ,
ਅਮਨ ਅਮਾਨ ਰਿਹਾ ਨਾਂ ਮਾਤਰ, ਗੁਜ਼ਰੀ ਬਹੁਤ ਤਬਾਹੀ।
ਹਸਨ ਸ਼ਾਹ ਦੇ ਮਰਨ ਪਿਛੋਂ ਫਿਰ, ਮੱਚੀ ਬੁਰਛਾ ਗਰਦੀ,
ਮੁਹੰਮਦ ਸ਼ਾਹ ਤੇ ਫ਼ਤਿਹ ਸ਼ਾਹ ਦੀ, ਜੁੰਡਲੀ ਚੁਾਸਾ ਕਰਦੀ।੭੦।
ਕਦੀ ਮੁਹੰਮਦ ਕਦੀ ਫ਼ਤਿਹ ਸ਼ਾਹ, ਬਣ ਬਹਿੰਦਾ ਸੁਲਤਾਨ,
ਵਡੇ ਵਜ਼ੀਰ ਸਲਾਰ ਹੋਰੀਂ ਹੀ, ਮਨ ਮਰਜ਼ੀ ਵਰਤਾਣ।
ਤਿੰਨ ਵਾਰੀ ਹਟੇ ਮੁੜ ਬਣ ਗਏ, ਫ਼ਤਹਿ ਸ਼ਾਹ ਸੁਲਤਾਨ,
ਪੰਜ ਵਾਰੀ ਲਥੇ, ਭੀ ਬੈਠੇ, ਮੁਹੰਮਦ ਸ਼ਾਹ ਨਾਦਾਨ।੭੧।
ਸੰਨ ਚੌਦਾਂ ਸੌ ਅਤੇ ਸਤਾਸੀ, ਇਸ ਧਰਤੀ ਪਾ ਪਾਯਾ,
ਮੀਰ ਸ਼ਮਸ-ਉਦ-ਦੀਨ ਇਰਾਕੀ, ਸ਼ੀਆ ਮਤ ਲੈ ਆਯਾ।
ਸਮੇਂ ਮੁਹੰਮਦ ਸ਼ਾਹ ਦੇ ਇਸ ਨੂੰ, ਦਿਤਾ ਸੀ ਦੇਸ਼-ਨਿਕਾਲਾ,
ਫ਼ਤਹਿ ਸ਼ਾਹ ਦੂਜੀ* ਵਾਰੀ ਤੇ, ਇਸ ਮੂੰਹ ਭੇਸ ਦਿਖਾਲਾ।੭੨।

*੧੫੦੧-੧੫੧੪ ਈਸਵੀ।

ਸੈ ਚੇਲੇ ਮੂਸਾ ਸੰਗ ਮਿਲ ਇਸ, ਸ਼ੀਆ ਧਰਮ ਪਰਚਾਰਾ,
ਜ਼ੋਰੀਂ ਸ਼ੀਆ ਕਰੇ ਸੁਨੀਆਂ, ਮਚ ਗਈ ਹਾਹਾਕਾਰਾ।
ਪਰਲੋ ਸੁਨੀ ਮੁਸਲਮਾਨਾਂ ਤੇ, ਵਾਪਰ ਗਈ ਕਰਾਰੀ,
ਕਤਲ ਹੋਏ ਕਢੇ ਗਏ ਦੇਸ਼ੋਂ, ਕੀਤੇ ਸ਼ੀਆ ਜਬਾਰੀ।੭੩।

ਹਿੰਦੂਆਂ ਦੀ ਬੀ ਆਈ ਸ਼ਾਮਤ, ਚੌਂਤੀ ਹਜ਼ਾਰ ਬਣਾਏ।
ਸ਼ੀਆ ਜ਼ੋਰੀਂ ਮੂਸਾ ਰੈਨਾ, ਮਾਰ ਤਲਵਾਰ ਡਰਾਏ।
ਵਡਾ ਵਜ਼ੀਰ ਸੀ ਮੂਸਾ ਰੈਨਾ, ਜੋ ਚਾਹੇ ਸੋ ਕਰਦਾ,
ਫਤਹਿ ਸ਼ਾਹ ਸੁਲਤਾਨ ਵਿਚਾਰਾ, ਇਸ ਪਾਸੋਂ ਜੋ ਡਰਦਾ।੭੪।

ਕਰ ਸਾਜ਼ਿਸ਼ ਇਬਰੀਮ ਮਾਗਰੇ, ਮੂਸਾ ਪਾਰ* ਬੁਲਾਇਆ।
ਕੁਝ ਦਿਨ ਰਹੇ ਵਜ਼ੀਰ ਮਾਗਰੇ, ਡਾਂਗਰ ਕੌਮ ਹਟਾਇਆ।
ਸਾਜ਼ਸ਼ ਜ਼ੋਰ ਵਜ਼ੀਰੀ ਖ਼ਾਤਰ, ਰਾਤ ਦਿਨੇ ਸਨ ਜਾਰੀ,
ਝਗੜੇ, ਜੰਗ ਤੇ ਖ਼ਾਨਾ-ਜੰਗੀ, ਦੇਸ਼ ਦੀ ਸ਼ਾਨ ਵਿਗਾਰੀ।੭੫।

ਡਾਂਗਰ, ਮਾਗਰੇ, ਚਕ, ਪਿਡਰ ਤੇ, ਰੈਨਾ ਕੌਮਾਂ ਭਾਈ,
ਸਵਾਰਥ ਸ੍ਵੈ-ਵਜ਼ਾਰਤਾਂ ਖ਼ਾਤਰ, ਦੇਸ਼ 'ਚ ਪਰਲੋ ਲਿਆਈ।
ਫ਼ਤਹਿ ਸ਼ਾਹ† ਸੀ ਤੀਜੀ ਵਾਰੀ, ਤਖ਼ਤ ਦਾ ਵਾਰਸ ਬਣਿਆ,
ਮੁਹੰਮਦੇ ਜਾ ਸਿਕੰਦਰ ਲੋਧੀ, ਸੰਗ ਯਰਾਨਾ ਤਣਿਆ।੭੬।

ਸੰਨ ਪੰਦਰਾਂ ਸੌ ਅਤੇ ਸਤਾਰਾਂ, ਕਾਦਰ ਦੇ ਮਨ ਆਈ,
ਪਾਕ ਪਵਿਤਰ ਬਣੇ ਇਹ ਵਾਦੀ, ਭਾਗ ਜਾਗੇ ਸਨ ਭਾਈ।
ਜੋਤਿ ਇਲਾਹੀ ਨਿਰੰਕਾਰ ਦੀ, ਗੁਰ ਨਾਨਕ ਬਪੁ ਧਾਰੇ,
ਚਰਨ ਕੰਵਲ ਵਾਦੀ ਵਿਚ ਪਾਏ, ਕਮਾਲ ਬ੍ਰਹਮ ਨਿਸਤਾਰੇ।੭੭।

---

*੧੫੧੦ ਈ: ਵਿਚ।
†ਇਸ ਵਾਰੀ ਤਿੰਨ ਸਾਲ ਚਾਰ ਮਹੀਨੇ ਪੰਝੀ ਦਿਨ ਇਹ ਬਾਦਸ਼ਾਹ ਰਿਹਾ।

ਜਲਦੀ ਦੇਖੀ ਧਰਤਿ ਲੁਕਾਈ, ਜਦੋਂ ਪਿਆਰੇ ਨਾਨਕ,
ਮਿਹਰ ਕਰੋ ਰਖ ਲਵੇ ਜਗਤ ਨੂੰ, ਹੱਥ ਪਸਾਰੇ ਨਾਨਕ।
ਹਿੰਦੂ ਮੁਸਲਿਮ ਵੀਰ ਬਣਾ ਕੇ, ਲੋਕੀ ਗਲੇ ਮਿਲਾਈ,
ਹਰ ਪਾਸੇ ਵਾਦੀ ਤੇ ਫਿਰ ਕੇ, ਜੜ੍ਹ ਸਿਖੀ ਦੀ ਲਾਈ।੭੮।

ਚੜ੍ਹ ਗਏ ਫੇਰ ਸੁਮੇਰ ਪਰਬਤ ਤੇ, ਪਰਚਾਰਕ ਸਿਖੀ ਬਾਪ,
ਕਮਾਲ, ਬ੍ਰਹਮ ਧਰਮਸਾਲ* ਬਣਾਈ, ਮਟਨ ਸਾਹਿਬ ਵਿਚ ਆਪ।
ਮੁਹੰਮਦ ਸ਼ਾਹ† ਪੰਜਵੀਂ ਵਾਰੀ, ਤਖ਼ਤੇ ਪਾ ਧਰਾਇਆ,
ਮਿਰਜ਼ਾ‡ ਕਾਮਰਾਨ ਦਿਲੀ ਤੋਂ ਲੈ ਫ਼ੌਜਾਂ ਚੜ੍ਹ ਆਯਾ।੭੯।

ਇਕੱਠੇ ਹੋ ਕੇ ਕਾਸ਼ਮੀਰੀਆਂ, ਕੀਤੀ ਖ਼ੂਬ ਲੜਾਈ,
ਔਖੇ ਹੋ ਅੰਤ ਦੁਹਾਂ ਧਿਰਾਂ ਨੇ, ਕਰ ਲਈ ਸੁਲਹ-ਸਫ਼ਾਈ।
ਹਾਲੀ ਹੋਸ਼ ਸੰਭਾਲੀ ਹੀ ਸੀ, ਮਿਰਜ਼ਾ ਹੈਦਰ[] ਚੜ੍ਹ ਆਇ,
ਲੁਟ ਪੁਟ ਮਾਰ ਉਜਾੜ ਵਾਦੀ ਨੂੰ, ਸਭ ਦਿਤੀ ਖ਼ਾਕ ਰਲਾਇ।੮੦।

ਜ਼ੁਲਚੂ ਦਾ ਸਮਾਂ ਯਾਦ ਆ ਗਿਆ, ਨਠੇ; ਨਾ ਕੋਈ ਲੜਿਆ,
ਦੇਸ਼ ਵੈਰਾਨ ਹਰ ਤਰ੍ਹਾਂ ਹੋ ਗਿਆ, ਕਾਲ ਭੀ ਆ ਸਿਰ ਚੜ੍ਹਿਆ।
ਅਮੀਰ ਵਜ਼ੀਰਾਂ ਕਰ ਕੇ ਹਿੰਮਤ, ਓੜਕ ਮਤਾ ਪਕਾਇਆ।
ਸ਼ੁਰੂ ਬਹਾਰ ਇਕੱਠੇ ਹੋ ਸਭ, ਜੰਗੀ ਬਿਗਲ ਬਜਾਯਾ।੮੧।

ਖ਼ੂਬ ਲੜੇ ਕਸ਼ਮੀਰੀ ਸੂਰੇ, ਕਿਸਮਤ ਹਾਰ ਦਿਵਾਈ।
ਕਾਜ਼ੀ ਚੱਕ ਅਬਦਾਲ ਮਾਗਰੇ, ਸੈਨਾ ਤਿਆਰ ਕਰਾਈ।
ਵਾਸਤਾ ਪਾ ਕੇ ਦੇਸ਼ ਅਣਖ ਦਾ, ਭਰਿਆ ਜੋਸ਼ ਕਮਾਲ।
ਕਾਸ਼ਗਰੀ ਸੈਨਾ ਇਉਂ ਵੱਢੀ ਉਹ, ਸਕੇ ਨਾ ਹੋਸ਼ ਸੰਭਾਲ।੮੨।

*ਤਰਸ ਯੋਗ ਹਾਲਤ ਵਿਚ ਇਹ ਗੁਰਦੁਆਰਾ ਸਰੋਵਰ ਦੇ ਸੱਜੇ ਕਿਨਾਰੇ ਕਾਇਮ ਹੈ। †੧੫੨੯–੧੫੩੧ ਈ:। ‡੧੫੩੧ ਈ: ਵਿਚ। []੧੫੩੨ ਈ: ਵਿਚ।

ਸੰਧੀ ਸੰਗ ਮਿਰਜ਼ੇ ਕਰ ਉਹ ਨੂੰ, ਤਰਫ਼ ਲਦਾਖੇ ਘਲਿਆ,
ਕਾਜ਼ੀ ਚੱਕ ਅਬਦਾਲ ਮਾਗਰੇ, ਦਾ ਪਰਵਾਨਾ ਰਲਿਆ।
ਤੱਪ ਮੁਹਰਕੇ ਨਾਲ ਸਿਧਾਇਆ,* ਮੁਹੰਮਦ ਸ਼ੁਾ ਦੁਖਿਆਰਾ,
ਦਿਲ ਵਿਚ ਕਈ ਅਰਮਾਨ ਲੈ ਗਿਆ, ਤਖ਼ਤ ਬੈਠਾ ਪੰਜ ਵਾਰਾ।੮੩।

ਸ਼ਮਸ-ਉਦ-ਦੀਨ ਸ਼ਾਹ ਇਸਮਾਈਲ, ਮੁਹੰਮਦ ਸ਼ਾਹ ਦੇ ਬੇਟੇ,
ਸਾਲ ਡੇਢ ਸਾਲ ਰਾਜ ਕਮਾ ਕੇ, ਜਾ ਕਬਰਾਂ ਵਿਚ ਲੇਟੇ।
ਇਨ੍ਹਾਂ ਦਾ ਵਡਾ ਵਜ਼ੀਰ ਕਾਜ਼ੀ ਚੱਕ, ਜੀਅ ਆਏ ਸੋ ਕਰਦਾ,
ਮਾਲਕ ਸਿਆਹ ਸੁਫੇਦ ਦਾ ਬਣ ਕੇ, ਨਾ ਝੁਕਦਾ ਨਾ ਡਰਦਾ।੮੪।

ਮੀਰ ਇਰਾਕੀ ਦਾ ਚੇਲਾ ਇਹ, ਮੱਤ ਸ਼ੀਆ ਪਰਚਾਰੇ,
ਜੋਰੀਂ ਸੁਨੀਆਂ ਹਿੰਦੂਆਂ ਨੂੰ ਕਰ, ਸ਼ੀਆ ਮੱਤ ਸੰਵਾਰੇ।
ਇਸਮਾਈਲ ਦੇ ਮਰਨ ਮਗਰੋਂ, ਇਬਰਾਹੀਮ ਸ਼ੁਾ ਸਾਨੀ,†
ਦਿਤਾ ਤਖ਼ਤ ਬਿਠਾ ਨਾਂ ਖ਼ਾਤਰ, ਕਾਜ਼ੀ ਚਕ ਅਭਿਮਾਨੀ।੮੫।

ਅਬਦਾਲ ਮਾਗਰੇ, ਰੇਗੀ ਚਕ ਨੇ, ਲਾਹੌਰ ਹਮਾਯੂੰ ਪਾਸ,
ਕਾਜੀ ਚਕ ਦੀ ਕਰ ਕੇ ਸ਼ਿਕਾਇਤ, ਦਿਤਾ ਕਰ ਅਤੀ ਨਿਰਾਸ।
ਹਮਾਯੂੰ ਮਿਰਜ਼ਾ ਹੈਦਰ ਘਲਿਆ, ਕਰਨ ਕਬਜ਼ਾ ਤਤਕਾਲ,
ਚਾਰ ਮਾਹ ਪਿਛੋਂ ਇਥੇ ਹੋਇਆ, ਇਬਰਾਹੀਮ ਵਸ-ਕਾਲ।੮੬।

ਵਜ਼ੀਰ ਵਡਾ ਬਣੇ ਮਿਰਜ਼ਾ ਹੈਦਰ,‡ ਨਾਜ਼ਕ ਸ਼ਾਹ ਸੁਲਤਾਨ,
ਫ਼ੌਜਾਂ ਸ਼ੇਰ ਸ਼ਾਹ ਸੂਰੀ ਤੋਂ ਲੈ, ਕਾਜ਼ੀ ਚਕ ਯੁਧ ਮਚਾਨ।
ਹਾਰ ਖਾ ਦੁਖਿਆ ਲੜ ਦੋ ਵਾਰੀ, ਮਰ ਗਿਆ ਬਨੇ ਜਾ ਕੇ,
ਮਿਰਜ਼ੇ ਹੈਦਰ ਹੋਸ਼ ਸੰਭਾਲੀ, ਲਗਾ ਕੰਮੀਂ ਮਨ ਲਾ ਕੇ।੮੭।

*੧੫੩੭ ਈਸਵੀ ਵਿਚ।

†ਕੇਵਲ ਚਾਰ ਮਹੀਨੇ ਰਾਜ ਕੀਤਾ।

‡ਮਿਰਜ਼ਾ ਹੈਦਰ ਤੁਰਕ ਗੋਰਗਾਂ, ਬਾਬਰ ਬਾਦਸ਼ਾਹ ਦਾ ਮਸੇਰਾ ਭਰਾ ਸੀ। ਇਸ ਅਗੇ ਵੀ ਕਸ਼ਮੀਰ ਤੇ ਤਿਬਤ ਵਲੋਂ ਆ ਕੇ ਕਬਜ਼ਾ ਕੀਤਾ ਸੀ। ਇਸ ਵਾਰੀ ਇਸ ਲਗ ਪਗ ਪੌਣੇ ੧੧ ਸਾਲ ਹਕੂਮਤ ਕੀਤੀ।

ਕਾਰੀਗਰ ਕਲਾਕਾਰ ਬਦੇਸ਼ੋਂ, ਕਈ ਭਾਂਤ ਮੰਗਵਾਏ,
ਹੁਨਰ ਸਿਖਾ ਕੇ ਪਰਜਾ ਨੂੰ ਕਈ, ਸਿਧੇ ਮਾਰਗ ਪਾਏ ।
ਕਲਾਕਾਰਾਂ ਵਿਦਿਵਾਨਾਂ ਕਵੀਆਂ, ਦਾ ਸਤਿਕਾਰ ਵਧਾਇਆ,
ਇਨ੍ਹਾਂ ਦੀ ਸੰਗਤ ਵਿਚ ਰਹਿੰਦਾ, ਪ੍ਰੇਮ ਪਿਆਰ ਕਰਾਇਆ ।੮੮।
ਪਰ ਨੀਤਕ ਭੁਲ ਕਰਕੇ ਇਸ ਨੇ, ਵੈਰ ਸ਼ੀਆਂ ਸੰਗ ਪਾਇਆ,
ਮੇਟ ਦੇਣ ਦੀ ਥਾਂ ਸ਼ੀਆ ਮੱਤ, ਰੰਗ ਸ੍ਵੈ 'ਚ ਭੰਗ ਪਾਇਆ ।
ਸੁਨੀਆਂ ਮਾਰ ਜਾਰ ਘਰ ਦਿਤੇ, ਸ਼ੀਆ ਕੌਮ ਲਤਾੜੀ,
ਖ਼ਾਨਕਾਹ ਮੀਰ ਇਰਾਕੀ ਸੰਦੀ, ਜੱਡੀ ਬਲ ਵਿਚ ਸਾੜੀ* ।੮੯।
ਸ਼ੁੰਗਲੀ ਰਿਸ਼ੀ ਨੂੰ ਕਤਲ ਕਰ ਕੇ, ਮੀਰ ਦੇ ਚੇਲੇ ਮਾਰੇ,
ਹਾਜੀ ਮੀਰ ਅਲੀ ਕਢੇ ਦੇਸ਼ੋਂ, ਮੁਲਾਂ ਹਾਜੀ ਮਾਰੇ ।
ਮੀਰ ਦੇ ਪੁਤਰ ਦਾਨਯਾਲ ਨੂੰ, ਅਸਕਰਦੂ ਤੋਂ ਮੰਗਾਇਆ,
ਕੈਦ ਕਰ ਕੇ ਸਾਲ ਕੁ ਮਗਰੋਂ, ਫ਼ਤਵਾ ਦੇ ਮਰਵਾਇਆ ।੯੦।
ਈਦੀ ਰੈਨਾ ਸਲਾਰ ਇਸ ਦੇ, ਸਾਜ਼ਸ਼ ਭਾਰੀ ਕੀਤੀ,
ਸ਼ੀਆ ਕੌਮ, ਨਾਜ਼ਕ ਸ਼ਾਹ ਹਾਜੀ – ਬਾਂਡੇ ਤਿਆਰੀ ਕੀਤੀ ।
ਫੁਟ ਪਈ ਖ਼ਾਨਾ-ਜੰਗੀ ਭਾਰੀ, ਹੈਦਰ ਨਾ ਪਰ ਡਰਿਆ,
ਸਭ ਸਾਥੀ ਧੋਖਾ ਦੇ ਛੱਡ ਗਏ, ਲੜ ਸ਼ੇਰ ਵਾਂਗ ਪਰ ਮਰਿਆ† ।੯੧।
ਈਦੀ ਰੈਨਾ ਬਣ ਵਜ਼ੀਰ ਹੁਣ, ਕਰਨ ਲਗਾ ਮਨ ਆਈ,
ਖ਼ਾਨਾ-ਜੰਗੀ ਪਰ ਰਹੀ ਜਾਰੀ, ਦੇਸ਼ ਦੀ ਸ਼ਾਮਤ ਆਈ ।
ਈਦੀ ਰੈਨਾ ਭੀ ਛਡ ਵਜ਼ਾਰਤ, ਨਸਿਆ ਝਟ ਟਪਾ ਕੇ,
ਸ੍ਰੀ ਨਗਰ ਬੀਮਾਰ ਹੋ ਮੁੜਿਆ, ਮਰਿਆ ਕਸ਼ਟ ਉਠਾ ਕੇ ।੯੨।
ਮਰਨ ਪਿਛੋਂ ਦੌਲਤ ਚਕ ਇਹ ਦੇ, ਸੰਗ ਅਮੀਰਾਂ ਮਿਲ ਕੇ,
ਲਾਹਿਆ ਤਖ਼ਤੋਂ ਨਾਜ਼ਕ ਸ਼ਾਹ ਨੂੰ, ਕਢਿਆ ਦੇਸੋਂ ਰਲ ਕੇ,
ਇਸਮਾਈਲ‡ ਸ਼ਾਹ ਤਖ਼ਤ ਬਿਠਾਇਆ, ਦੌਲਤ ਚਕ ਨੇ ਆਪੇ ।
ਸ਼ੀਆ ਮੱਤ ਦੀ ਉੱਨਤੀ ਦੇ ਇਸ, ਪਾ ਲਏ ਗਲ ਸਿਆਪੇ ।੯੩।

*੧੫੫੦ ਈ: ਵਿਚ । †੧੫੫੧ ਈ: । ‡੧੫੫੧-੧੫੫੩ ਈ: ।

ਗੱਲ ਕੀ ਖ਼ੂਬ ਚਮਕਾਇਆ ਚੱਕ ਨੇ, ਮਤ ਸ਼ੀਆ ਇਮਾਮੀ,
ਜਬਰਨ ਮੁੜ ਬਣਾਏ ਸ਼ੀਆ, ਮੁਸਲਿਮ ਹਿੰਦੂ ਤਮਾਮੀ ।
ਗ਼ਾਜ਼ੀ ਚਕ ਨੇ ਪਕੜ ਮਰਵਾਇਆ, ਦੌਲਤ ਚਕ ਦੇ ਤਾਈਂ,
ਇਸਮਾਈਲ ਨੂੰ ਲਾਹ ਤਖ਼ਤੋਂ, (ਦਿਤੀ) ਭਾਣਜੇ ਨੂੰ ਬਦਸ਼ਾਹੀ।੯੪।

ਸੁਲਤਾਨ ਬਣਿਆਂ ਸਾਲ ਨਾ ਹੋਯਾ, ਹਬੀਬ ਸ਼ਾਹ* ਦੇ ਤਾਈਂ,
ਹੈ ਅਯੋਗ ਇਹ ਦੋਸ਼ ਮੜੀਂਦੇ, ਗ਼ਾਜ਼ੀ ਚਕ ਦੇ ਭਾਈ ।
ਹਰ ਪਾਸੇ ਸੀ ਜ਼ੋਰ ਚੱਕਾਂ ਦਾ, ਕਰਨ ਲਗੇ ਮਨ ਭਾਈ,
ਬਣ ਬੈਠਾਂ ਸੁਲਤਾਨ ਮੈਂ ਆਪੇ, ਗ਼ਾਜ਼ੀ ਚਕ ਮਨ ਆਈ।੯੫।

ਸਾਜ਼ਸ਼ ਕਰ ਕੇ ਚਕ ਵੀਰਾਂ ਨੇ, ਮਤਾ ਗੁਪਤ ਪਕਾਇਆ।
ਭਾਣਜੇ ਨੂੰ ਤਖ਼ਤੋਂ ਲਾਹੁਣ ਦਾ, ਢੰਗ ਅਜੀਬ ਬਣਾਇਆ।
ਲਗੇ ਦਰਬਾਰ ਵਿਚ ਅਲੀ ਚਕ ਨੇ, ਕੌਤਕ ਅਜਬ ਵਰਤਾਇਆ।
ਹਬੀਬ ਸ਼ਾਹ ਦੇ ਸਿਰੋਂ ਤਾਜ ਲਾਹ, ਗ਼ਾਜ਼ੀ ਚਕੇ ਪਹਿਨਾਇਆ।੯੬।

ਬਣ ਗਿਆ ਗ਼ਾਜ਼ੀ ਚਕ ਬਾਦਸ਼ਾਹ† ਦੇਣ ਲੋਕ ਵਧਾਈਆਂ।
ਸਲਾਤੀਨ ਪਰਿਵਾਰ ਮੁਕਾਇਆ, ਚਕਾਂ ਘਰ ਬਾਦਸ਼ਾਹੀਆਂ।
ਆਪਣੇ ਰਾਜ ਸਮੇਂ ਚੱਕਾਂ ਨੇ, ਫ਼ਿਤਨੇ ਫ਼ਸਾਦ ਰਚਾਏ,
ਖ਼ਾਨਾ-ਜੰਗੀ ਤੁਅਸਬ ਮਜ਼ੁਬੀ, ਲੋਕ ਦੁਖਾਏ ਮਰਾਏ ।੯੭।

ਯੂਸਫ਼ ਸ਼ਾਹ ਸੁਲਤਾਨ ਐਸ਼ੀ ਸੀ, ਨਾਚ ਰੰਗ ਦਾ ਪਿਆਰਾ,
ਮਰਗਾਂ ਬਾਗ਼ਾਂ ਝਰਨਿਆਂ ਤੇ ਹੀ, ਜੀਵਨ ਏਸ ਗੁਜ਼ਾਰਾ।

---

*੧੫੫੩–੧੫੫੪ । ੧੧ ਮਹੀਨੇ ੧੯ ਦਿਨ ਰਾਜ ਕੀਤਾ ! ਇਹ ਸਲਾਤੀਨ ਖ਼ਾਨਦਾਨ ਦਾ ਅੰਤਲਾ ਬਾਦਸ਼ਾਹ ਸੀ ।

†੧੫੫੪—੧੫੬੩ ਚਕ ਪ੍ਰਵਾਰ ਦਾ ਮੋਢੀ ।

ਮਲਕਾ ਹੱਬਾ ਖ਼ਾਤੂਨ ਕਾਵਿਤ੍ਰੀ, ਯੂਸਫ਼ ਚਕ* ਦੀ ਪਿਆਰੀ,
ਗੀਤ ਬਿਰਹਾ ਜਿਸ ਗਾ ਵਾਦੀ ਵਿਚ, ਪਾਈ ਪ੍ਰੀਤ-ਚਿੰਗਾਰੀ।੯੮।

ਕਿਸੇ ਗੱਲ ਘਟ ਨੂਰ ਜਹਾਂ ਤੋਂ, ਨਾ ਸੀ ਇਹ ਸ਼ੁਭ ਲੇਖਾਂ,
ਹਨ ਮਸ਼ਹੂਰ ਪ੍ਰੀਤ ਦੇ ਕਿੱਸੇ, ਯੂਸਫ਼ ਵਾਂਗ ਜ਼ੁਲੇਖਾਂ।
ਤੁਅਸਬੀ ਪੁਤਰ ਯੂਸਫ਼ ਚਕ ਦੇ, ਜ਼ੁਲਮ ਯਕੂਬ† ਕਮਾਯਾ,
ਵੱਢ ਕੇ ਹਜ਼ਾਰਾਂ ਮੋਮਨ ਹਿੰਦੂ, ਮੂਸਾ ਮਾਰ ਮੁਕਾਯਾ।੯੯।

ਦਾਊਦ ਖ਼ਾਕੀ, ਯਾਕੂਬ ਸਰਫ਼ੀ, ਅਕਬਰ ਪਾਸੋਂ ਜਾ ਕੇ,
ਦਲ ਤੇ ਮਿਰਜ਼ਾ ਕਾਸਮ ਲਿਆਏ, ਜਿੱਤੀ ਵਾਦੀ ਆ ਕੇ‡।
ਵਾਦੀ ਦੁਲਹਨ ਬਣਾ ਕੇ ਮੁਗ਼ਲਾਂ() ਖ਼ੂਬ ਸਜਾਈ ਬਣਾਈ,
ਬਾਗ਼ ਨਾਗ ਝਰਨੇ ਬਣਵਾ ਕੇ, ਨਿਖਰਾਈ ਮਨ ਭਾਈ।੧੦੦।

ਅਟਲ ਸਥਾਨ ਬਣਵਾਏ ਮੁਗ਼ਲਾਂ, ਬਾਗ਼ਾਂ 'ਚ ਬਾਰ੍ਹਾਂਦਰੀਆਂ,
ਕਰ ਗਏ ਐਸ਼ ਬਹਾਰ ਇਨ੍ਹਾਂ ਵਿਚ, ਰਹੀਆਂ ਯਾਦਾਂ ਗਰੀਆਂ।
ਅਕਬਰ, ਜਹਾਂਗੀਰ, ਸ਼ਾਹ ਜਹਾਂ ਨੇ, ਆ ਇਥੇ ਮੌਜ ਉਡਾਈ,
¶ਆਲਮਗੀਰ ਦੇਖੀ ਇਕ ਵਾਰੀ, ਸਫ਼ਰਾਂ ਹੋਸ਼ ਭੁਲਾਈ।੧੦੧।

*ਯੂਸਫ਼ ਸ਼ਾਹ ਚਕ ਦੋ ਵਾਰੀ ਬਾਦਸ਼ਾਹ ਬਣਿਆ। ਪਹਿਲੀ ਵਾਰੀ ੧੫੭੯—੧੫੮੦ ਤੇ ਦੂਜੀ ਵਾਰੀ ੧੫੮੧—੧੫੮੫ ਇਸ ਨੂੰ ਰਾਜਾ ਭਗਵਾਨ ਦਾਸ ਅਕਬਰ ਬਾਦਸ਼ਾਹ ਪਾਸ ਅਟਕ ਲੈ ਗਿਆ, ਜਿਸ ਨੇ ਇਸ ਨੂੰ ਕੈਦ ਕਰ ਕੇ ਟੋਡਰ ਮਲ ਦੀ ਨਗਰਾਨੀ ਹੇਠ ਦੋ ਸਾਲ ਰਖਿਆ ਤੇ ਫਿਰ ਰਾਜਾ ਮਾਨ ਸਿੰਘ ਦੀ ਸਿਫ਼ਾਰਸ਼ ਤੇ ਮੁਨਸਬ ਪਾਂਸਦੀ ਬਣਾ ਕੇ ਅਸਕਰ ਬੰਗਾਲਾ ਭੇਜਿਆ, ਜਿਥੇ ਇਹ ਨਿਰਾਸ ਮਸਤਾਨਾ ਹੋ ਕੇ ਮਰ ਗਿਆ।

†੧੫੮੫—੧੫੮੬ ਈ:

‡੧੫੮੬ ਈਸਵੀ ਵਿਚ।

()੧੫੮੬ ਤੋਂ ਲੈ ਕੇ ੧੭੫੨ ਈਸਵੀ ਤੀਕ ਇਥੇ ਮੁਗ਼ਲ ਹਕੂਮਤ ਰਹੀ।

¶੧੬੬੪ ਵਿਚ ਸੂਬੇਦਾਰ ਅਸਲਾਮ ਖ਼ਾਨ ਦੇ ਸਮੇਂ।

ਨੂਰ ਜਹਾਂ ਨੇ ਹਰ ਇਕ ਥਾਂ ਵਿੱਚ, ਜਾਨ ਨਵੀਂ ਛੋਹ ਪਾਈ,
ਬਾਗਾਂ, ਨਾਗਾਂ, ਝੀਲਾਂ, ਵਿਨਾਰਾਂ, ਅਬਸ਼ਾਰਾਂ ਮੋਹ ਭਾਈ।
ਬਚ ਸਕੇ ਤੁਅਸਬ ਮਜ਼ੁਬੀ ਤੋਂ ਨਾ, ਜਹਾਂਗੀਰ ਇਨਸਾਫ਼ੀ,
ਦੇਵੇ ਨਾ ਕੋਈ ਧੀ* ਹਿੰਦੂ ਨੂੰ, ਲੈ ਲੈਣ ਦੀ ਮਾਫ਼ੀ।੧੦੨।

†ਸ਼ਾਹ ਜਹਾਨ ਨੇ ਇਕ ਕਸਬੇ ਦਾ, ਮੰਦਰ ਪੁਰਾਤਨ ਢਾਹਿਆ,
ਇਸ਼ਟ ਗਿਰਾ ਨਾਂ ਇਸ ਨਗਰ ਦਾ, ਸਲਾਮਾਬਾਦ ਰਖਾਇਆ।
ਭਿੰਬਰ ਵਿਖੇ ਮੰਦਰ ਗਿਰਵਾ ਕੇ, ਮਸੀਤਾਂ ਬਣਵਾਈਆਂ,
ਰੰਨਾਂ ਖੋਹ ਕੇ ਹਿੰਦੂਆਂ ਕੋਲੋਂ, ਮੁਸਲਮਾਨ ਬਣਵਾਈਆਂ।੧੦੩।

ਆਲਮਗੀਰ ਦੇ ਮਜ਼ੁਬੀ ਤੁਅਸਬ ਤੋਂ, ਹਿੰਦ ਸਾਰੀ ਕੁਰਲਾਈ,
ਦੀਨੀ ਘਿਰਣਾ ਸੂਬੇਦਾਰਾਂ ਨੇ, ਦਿਲ ਖੋਲ੍ਹ ਵਰਤਾਈ।
ਸੁਨੀ ਸ਼ੀਆ ਫ਼ਸਾਦ ਕਰਾ ਕਈ, ਹਿੰਦੂ ਕੌਮ ਤੜਪਾਈ,
ਪਾਸ ਜਿਨ੍ਹਾਂ ਗੁਰੂ ਤੇਗ ਬਹਾਦਰ, ਹਾਲ ਪਾਰ੍ਹਿਆ ਪਾਈ।੧੦੪।

ਐਸ਼ ਪ੍ਰਸਤੀ ਮੁਹੰਮਦ ਸ਼ਾਹੇ ਦੀ, ਕੌਤਕ ਅਜਬ ਵਰਤਾਏ,
०ਮਹਤਵੀ ਖ਼ਾਂ ਆਕੀ ਬਣ ਆਪੇ, ਸੂਬੇਦਾਰ ਅਖਵਾਏ।
ਹਿੰਦੂਆਂ ਨੂੰ ਘੋੜੇ ਤੇ ਚੜ੍ਹਨਾ, ਬਾਗੀਂ ਸੈਲ ਹਟਾਏ,
ਪਗੜੀ ਜਾਮਾ ਸ਼ਸ਼ਤ੍ਰ ਪਹਿਨੇ, ਦੇਖ ਨਾ ਮੂਲ ਸੁਖਾਏ।੧੦੫।

ਕੇਂਦਰ ਜਦ ਬਲ ਹੀਣ ਹੋ ਗਿਆ, ਸੂਬੇਦਾਰ ਮਸਤਾਏ,
ਜੋ ਕੋਈ ਚਾਹੇ ਉਹੀ ਕਰਾਏ, ਪ੍ਰਜਾ ਰਖੇ ਮਰਵਾਏ।
ਸੂਬੇਦਾਰ ਅੱਲਾ ਕੁਲੀ ਖ਼ਾਂ ਦੇ, ਨਾਇਬ ਤਾਈਂ ਹਰਾ ਕੇ,
::ਅਬੂ ਅਲ ਕਾਸਮ ਮਾਲਕ ਬਣਿਆ, ਦੇਸ਼ ਨੂੰ ਫ਼ਤਹਿ ਕਰਾਕੇ।੧੦੬।

---

*੧੬੨੦ ਈ: ਦੀ ਘਟਨਾ ਹੈ।
†੧੬੩੪ ਦੇ ਸਫ਼ਰ ਦੀ ਘਟਨਾ।
० ੧੭੧੯ ਈ: ਦਾ ਸਮਾਂ ਸੀ।
::੧੭੫੨ ਈ:।

ਅਫ਼ਰਾ ਤਫ਼ਰੀ, ਭੁੱਖ, ਕੰਗਾਲੀ, ਵੈਰ ਇਹ ਰੰਗ ਲਿਆਈ,
ਖਾਜੇ ਜ਼ਹੀਰ, ਮਕੀਮ ਕੰਠ ਨੇ, ਪਾਤੀ ਲਿਖ ਕੇ ਪਾਈ।
ਅਹਿਮਦ ਸ਼ਾਹ ਅਬਦਾਲੀ ਤਾਈਂ, ਜਿਸ ਨੂੰ ਇਨ੍ਹਾਂ ਮੰਗਾਯਾ,
ਭੇਜ ਕੇ ਉਬਦੁਲਾ ਐਸ਼ਕ ਜਿਸ ਨੇ,ਫ਼ਤਹਿ ਕਸ਼ਮੀਰ ਕਰਾਯਾ।੧੦੭।

ਸੰਨ ਸਤਾਰਾਂ ਸੌ ਅਤੇ ਤਰਵੰਜਾ, ਵਿਚ ਕਾਇਮ ਸੀ ਹੋਈ,
ਹਕੂਮਤ ਅਹਿਮਦ ਸ਼ਾਹੇ ਦੀ, ਪਠਾਨ ਰਾਜ ਸੀ ਜੋਈ।
ਉਬਦੁਲਾ ਖ਼ਾਂ ਐਸ਼ਕ ਅਕਾਸੀ, ਮਾਹ ਪੰਜ ਚੋਵੀ ਦਿਨ,
ਜ਼ੁਲਮ ਅਤਿਆਚਾਰ ਕਮਾਯਾ, ਵਧ ਜ਼ੁਲਚੂ ਤੋਂ ਵੀ ਜਿਨ।੧੦੮।

ਸੂਬੇਦਾਰੀ ਦੇ ਤੁਰ ਗਿਆ ਐਸ਼ਕ, ਉਬਦੁਲੇ ਖਾਜੇ ਤਾਈਂ,
ਚਾਰ ਮਾਹ ਮਗਰੋਂ ਸੁਖ ਜੀਵਨ*, ਮਰਵਾਯਾ ਖਾਜੇ ਤਾਈਂ।
ਖ਼ੁਦ ਮੁਖ਼ਤਾਰ ਸੁਖ ਜੀਵਨ ਬਣ ਕੇ, ਚੰਗਾ ਰਾਜ ਕਮਾਇਆ,
ਹਿੰਦੂ ਮੁਸਲਿਮ ਸਿਖ ਸਭਨਾਂ ਦਾ,ਯਕਸਾਂ ਮਾਣ ਰਖਾਇਆ।੧੦੯।

ਕਾਲ ਪਏ ਟਿੱਡੀ ਦਲ ਆ ਪਏ, ਪਰਜਾ ਏਸ ਬਚਾਈ,
ਪ੍ਰੀਤ ਨਿਆਂ ਪਰਜਾ ਸੰਗ ਕਰ ਕੇ, ਚੰਗੀ ਸ਼ੁਹਰਤ ਪਾਈ।
ਪੋਠੋਹਾਰ ਨਜ਼ਦੀਕ ਪਹਾੜਾਂ, ਤੋਂ ਇਸ ਬਿਪਰ ਮੰਗਾਏ,
ਆਪਣੀ ਫ਼ੌਜ ਵਿਚ ਭਰਤੀ ਕਰ ਕੇ, ਤਾਕਤ ਹੋਰ ਵਧਾਏ।੧੧੦।

ਬਹੁਤੀ ਗਿਣਤੀ ਵਿਚ ਇਨ੍ਹਾਂ ਬਿਪਰਾਂ, ਸਿੰਘਾਂ ਦੀ ਹੀ ਹੈ ਸੀ,
ਇਨ੍ਹਾਂ ਦੇ ਬਲ ਬੋਤੇ ਇਸ ਦੀ, ਜੰਗਾਂ ਵਿਚ ਜੈ ਹੈ ਸੀ।
ਨਾਨਕ ਹਰਿ ਗੋਬਿੰਦ ਗੁਰੂ ਦੀ, ਲਾਈ ਸਿਖ ਫੁਲਵਾੜੀ,
ਏਸ ਸਮੇਂ ਵਧੀ ਤੇ ਨਿਖਰੀ, ਵਿਚ ਵਾਦੀ ਇਸ ਪਹਾੜੀ।੧੧੧।

ਦਿਨ ਸਤਾਈ, ਇਕ ਮਾਹ, ਸਾਲ ਅਠ, ਰਾਜੇ ਰਾਜ ਕਮਾਇਆ।
ਸ਼ਾਨ ਬਾਨ ਖ਼ੁਦ ਸਰੀ ਸਹਿਤ ਇਸ, ਡੰਕਾ ਰਾਜ ਬਜਾਇਆ।

*੧੭੫੪-੧੭੬੨ ਈਸਵੀ ਤਕ।

*ਅਬੂ ਅਲ ਬਾਂਡੇ ਮੀਰ ਕੰਟੇ ਦੀ, ਦੁਸ਼ਮਣੀ ਰੰਗ ਲਿਆਈ,
ਇਨ੍ਹਾਂ ਦੇ ਪਰੀਵਰਤਨ ਨੇ ਹੀ, ਰੰਗ 'ਚ ਚਾ ਭੰਗ ਪਾਈ।੧੧੨।

ਪੰਡਿਤ ਮਹਾਂ ਨੰਦ ਦਰ ਨੂੰ ਰਾਜੇ, ਵੱਡਾ ਵਜ਼ੀਰ ਬਣਾਇਆ,
ਜਿਸ ਨੇ ਗਊ-ਕਸ਼ੀ ਬਾਜ਼ ਰਖ ਕੇ, ਮੁਸਲਿਮ ਵੀਰ ਦੁਖਾਇਆ।
†ਬਲਖੀ ਸ਼ਹਿਜ਼ਾਦੇ ਨੇ ਇਕ ਦਿਨ, ਸਮਾਂ ਇਕਾਂਤ ਤਕਾਇਆ,
ਵਾਰ ਛੁਰੀ ਸੰਗ ਕਰ ਰਾਜੇ ਤੇ, ਜ਼ਖ਼ਮੀ ਰਾਜਾ ਕਰਾਇਆ।੧੧੩।

ਝਟ ਸਿੱਖ ਬਾਡੀ ਗਾਰਡਾਂ ਪੁਜ ਕੇ, ਬਲਖੀ ਪਾਰ ਬੁਲਾਇਆ,
ਪੰਜਾਹ ਸਵਾਰ ਉਸ ਦੇ ਵੱਢ ਸੁਟੇ, ਜੁ ਅੜਿਆ ਮਾਰ ਮੁਕਾਇਆ।
ਅਹਿਮਦ ਸ਼ਾਹ ਅਬਦਾਲੀ ਲਾਹੌਰੋਂ, ਨੂਰ ਦੀਨ‡ ਭਜਵਾਇਆ,
ਸਹਸ ਪੰਜਾਹ ਲੈ ਫ਼ੌਜ ਬਾਮਜ਼ੀ, ਚੜ੍ਹ ਵਾਦੀ ਤੇ ਆਇਆ।੧੧੪।

ਇਧਰੋਂ ਸਠ ਹਜ਼ਾਰ ਸੁਖ ਜੀਵਨ, ਭਾਰੀ ਜੁਧ ਮਚਾਇਆ,
ਖੜਕੀ ਚੰਡੀ ਦੁਹਾਂ ਧਿਰਾਂ ਨੇ, ਵਧ ਵਧ ਜ਼ੋਰ ਦਿਖਾਇਆ।
ਵਫ਼ਾਦਾਰ ਜਾਂ ਬਾਜ਼ ਸਿੰਘਾਂ ਨੇ, ਉਹ ਯੁਧ ਘੋਰ ਮਚਾਇਆ,
ਬਾਮਜ਼ੀ ਤਕ ਕੇ ਹਿੰਮਤ ਦਲੇਰੀ, ਸਿੰਘਾਂ ਦੀ ਹਰਖਾਇਆ।੧੧੫।

ਵੈਰ ਕਰਨ ਕਢ ਵਢਣ ਦੀ ਥਾਂ ਉਸ, ਲੋੜ ਸਮੇਂ ਅਪਣਾਇਆ,
ਆਪਣੀ ਵਿਚ ਹਕੂਮਤ ਉਸ ਨੇ, ਸਿਖ ਦਾ ਮਾਣ ਵਧਾਇਆ।
ਬਖਤ ਮਲ ਜਰਨੈਲ ਰਾਜੇ ਦਾ, ਅਫ਼ਗਾਨਾਂ ਸੰਗ ਮਿਲਿਆ,
ਤਕ ਬੇ-ਦਿਲੀ ਫ਼ੌਜ ਰਾਜਾ ਭੀ, ਹੋ ਕੇ ਦਿਲ ਤੰਗ ਹਿਲਿਆ।
ਗਿਆ ਪਕੜਿਆ ਕੈਦੀ ਬਣਾਇਆ, ਬਾਮਜ਼ੀ ਅੱਖਾਂ ਕਢਵਾ ਕੇ,
ਅਬਦਾਲੀ ਹਥੋਂ ਮਰਵਾਇਆ, ਹਾਥੀ ਤੋਂ ਕੁਚਲਵਾ ਕੇ।੧੧੬।

*ਅਬੂਅਲ ਹਸਨ ਬਾਂਡੇ ਤੇ ਮੀਰ ਮਕੀਮ ਕੰਦ ਦੀ ਵਡੀ ਵਜ਼ੀਰੀ ਕਾਰਨ ਆਪਸ ਵਿਚ ਅਣਬਣ ਰਿਹਾ ਕਰਦੀ ਸੀ, ਕਦੀ ਇਕ ਤੇ ਕਦੀ ਦੂਜਾ ਵੱਡਾ ਵਜ਼ੀਰ ਬਣ ਜਾਇਆ ਕਰਦਾ ਸੀ।

†ਬਲਖੀ ਸ਼ਹਿਜ਼ਾਦਾ ਰਾਜਾ ਸੁਖ ਜੀਵਨ ਦੇ ਦਰ ਤੇ ਸ਼ਰਨਾਰਥੀ ਬਣ ਕੇ ਜੀਵਨ ਗੁਜ਼ਾਰਦਾ ਸੀ। ‡੧੭੬੨ ਈ:।

*ਨੂਰ ਦੀਨ ਬਾਮਜ਼ੀ ਬਣ ਕੇ, ਦੇਸ਼ ਦਾ ਸੂਬੇਦਾਰ,
ਕੀਤੇ ਸਿਖ ਭਰਤੀ ਫ਼ੌਜ ਸਿਵਲ 'ਚ, ਕਰ ਇਨ੍ਹਾਂ ਦਾ ਇਤਬਾਰ।
ਗਿਆ ਕਾਬਲ ਜਦ ਬਾਮਜ਼ੀ ਸੀ, ਬਾਦਸ਼ਾਹ ਦੇ ਪਾਸ,
ਗੁਰਮੁਖ ਸਿੰਘ ਕੌਂਸਲ ਦਾ ਮੈਂਬਰ,ਥਾਪਿਆ ਕਰ ਵਿਸ਼ਵਾਸ।੧੧੭।

ਕਰੀਮ ਦਾਦ ਦੀ ਫ਼ੌਜ ਦਾ ਵਡਾ, ਦੀਵਾਨ ਸਿੰਘ ਸਰਦਾਰ†,
ਬਹਾਦਰ ਖ਼ਾਂ ਖਖ ਸੰਗ ਲੜਿਆ, ਮਰ ਗਿਆ ਹਿੰਮਤ ਧਾਰ।
ਅਰੂਜ ਸਿੱਖਾਂ ਦਾ ਰਿਹਾ ਸਮੇਂ ਸੀ, ਅਫ਼ਗ਼ਾਨਾਂ ਦੇ ਢੇਰ,
ਕਦਰ ਗੁਣਾਂ ਦੀ ਹੁੰਦੀ ਰਹਿੰਦੀ, ਹਰ ਸਮੇਂ ਦੇਰ ਸਵੇਰ।੧੧੮।

ਪੰਡਿਤ ਕੌਮ ਬਿਨਾਂ ਕੰਮ ਸਰਦਾ, ਰਿਹਾ ਨਾ ਅਫ਼ਗ਼ਾਨਾਂ ਨਾ,
ਰਿਹਾ ਪਰ ਨਜ਼ਲਾ ਗਿਰਦਾ ਇਨ੍ਹਾਂ ਤੇ, ਮਜ਼੍ਹਬੀ ਤੁਅਸਬਆਨਾ।
ਹੋਈ ਹਕੂਮਤ ਅਫ਼ਗ਼ਾਨਾਂ ਦੀ, ਦੇਸ਼ ਦੀ ਸ਼ਾਮਤ ਆਈ,
ਸੁਰਗੀ ਦੇਸ਼ ਉਜੜ ਪੁਜੜਿਆ, ਮਾਨੋ ਕਿਆਮਤ ਆਈ।੧੧੯।

ਜਿਹੜਾ ਸੂਬੇਦਾਰ ਸੀ ਬਣਦਾ, ਬਣ ਆਕੀ ਉਹ ਬਹਿੰਦਾ,
ਜੋ ਮਨ ਆਂਦੀ ਸੋਈ ਕਰਦਾ, ਮੂੰਹ ਆਈ ਉਹ ਕਹਿੰਦਾ।
ਜਾਨ ਮਾਲ ਇੱਜ਼ਤ ਸੁੰਦਰਤਾ, ਦੀ ਨਾ ਕੋਈ ਰਾਖੀ,
ਝਟ ਵਢੀ ਕਟੀ ਲੁਟੀ ਜਾਂਦੀ, ਦੇਖੀ ਹਾਕਮ ਆਖੀ।੧੨੦।

ਕਰੀਮ ਦਾਦ ਖ਼ਾਂ, ਅਜ਼ਾਦ ‡ਖ਼ਾਂ, ਦੋਵੇਂ ਬਾਪ ਤੇ ਬੇਟਾ,
ਸੂਬੇਦਾਰ ਬਣ ਕੇ ਵਾਦੀ ਨੂੰ, ਮਾਰ ਕੇ ਧਰਤਿ ਸਮੇਟਾ।
ਮੀਰ ਹਜ਼ਾਰ:: ਖ਼ਾਂ ਸ਼ੀਆਂ ਹਿੰਦੂਆਂ, ਤੇ ਰਜ ਜ਼ੁਲਮ ਕਮਾਇਆ,
ਸੈਂਕੜੇ ਹਿੰਦੂ ਕਤਲ ਕਰਾ ਕੀੜਾ, ਖੁਲ੍ਹਾ ਖੁਲ੍ਹਮ ਸਫ਼ਾਇਆ।੧੨੧।

---

*੧੭੬੪–੧੭੬੬, ਦੂਜੀ ਵਾਰ ੧੭੬੭–੧੭੭੦ ਈ:।

†੧੭੮੧ ਦਾ ਸਮਾਂ ਸੀ, ਹਾਜੀ ਕਰੀਮ ਦਾਦ ਖ਼ਾਨ ੧੭੭੬–੧੭੮੩ ਤਕ ਸੂਬੇਦਾਰ ਰਿਹਾ।

‡੧੭੮੩–੧੭੮੫ ਈ:।

::੧੭੯੩–੧੭੯੪ ਕੇਵਲ ੮ ਮਹੀਨੇ ਸੂਬੇਦਾਰ ਰਿਹਾ।

ਪੰਡਿਤਾਂ ਨੂੰ ਵਿਚ ਬੰਨ੍ਹ ਬੋਰੀਆਂ, ਝੀਲ ਡਲ ਵਿਚ ਪਾਂਦਾ,
ਤੜਪਦੇ ਟਪਦੇ ਝੀਖਾਂ ਪਾਂਦੇ, ਨੂੰ ਤਕ ਹੱਸੇ ਹਸਾਂਦਾ।
ਪੰਡਿਤ ਨੂੰ ਤਕਦਾ ਜਾਂ ਮੁਸਲਮਾਂ, ਤੁਰਦਾ ਰਾਹ ਤੇ ਜਾਂਦਾ,
"ਬੱਟ ਛੁਖ ਤਿ ਖਸਏ ਪੇਠ" ਆਖ ਕੇ, ਝਟ ਚੜ੍ਹ ਪਿਠ ਤੇ ਜਾਂਦਾ।੧੨੨।

ਗਲ ਕੀ ਅਫ਼ਗਾਨਾਂ ਨੇ ਰਜ ਕੇ, ਜ਼ੁਲਮ ਤੇ ਜਬਰ ਕਮਾਇਆ।
ਲੋਕਾਂ ਨੇ ਸਹਿ ਸਹਿ ਜ਼ੁਲਮਾਂ ਨੂੰ, ਹਥੋਂ ਸਬਰ ਗਵਾਇਆ।
ਬੀਰਬਲ, ਕਦੂਸ ਗੋਜਵਾਰੀ ਸੰਗ, ਮਿਲ ਕੇ ਮਤਾ ਪਕਾਇਆ,
ਜ਼ੁਲਮ ਅਨਿਆਂ ਤੇ ਮਜ਼੍ਹਬੀ ਘਿਰਣਾ, ਦੇਸ ਦਾ ਨਾਸ ਕਰਾਯਾ।੧੨੩।

ਮੁਖੀਆਂ ਮਿਲ ਕੇ ਬੀਰਬਲ ਘਲਿਆ, ਸ਼ੇਰ ਪੰਜਾਬੇ ਪਾਸ,
ਪਤ ਜਾਨ ਇਮਾਨ ਬਚਾਵੇ ਸਾਡਾ, ਇਸ ਜਾ ਕੀਤੀ ਅਰਦਾਸ।
ਤਰਸ ਖਾ ਸ਼ੇਰਿ ਪੰਜਾਬ ਹੁਰਾਂ ਨੇ, ਸੁਣ ਦੁਖੀਆਂ ਦੀ ਬੀਤੀ,
ਜ਼ਾਲਮ ਸੋਧਣ ਦੁਖੀ ਬਚਾਉਣ, ਲਈ ਤਿਆਰੀ ਕੀਤੀ।੧੨੪।

ਤੀਹ ਹਜ਼ਾਰ ਫ਼ੌਜ ਦੇ ਨਾਲੇ, ਘਲੇ ਸਿਆਣੇ ਚਾਤੁਰ,
ਹੰਢੇ ਹੋਏ ਫ਼ੌਜ ਦੇ ਮੁਖੀਏ, ਅਰਿਦਲ ਢਾਣੇ ਖ਼ਾਤਰ।
ਖੜਕ ਸਿੰਘ ਸ਼ਹਿਜ਼ਾਦਾ, ਨਲੂਆ, ਫੂਲਾ ਸਿੰਘ ਅਕਾਲੀ,
ਜ਼ਫ਼ਰ ਜੰਗ*, ਅਟਾਰੀ, ਚਿਮਨੀ, ਹੋਰਾਂ ਫ਼ੌਜ ਸੰਭਾਲੀ।੧੨੫।

ਪੀਰ ਪੰਚਾਲ ਦੀ ਚੋਟੀ ਤੇ ਪੁਜ, ਅਫ਼ਗਾਨਾਂ ਸੰਗ ਖੜਕੀ,
ਚੰਡੀ ਚਮਕੀ ਦਮਕੀ ਗਿਰ ਤੇ, ਮਾਨੋ ਬਿਜਲੀ ਕੜਕੀ।
ਭਾਂਜ ਖਾ ਮੋਰਚੇ ਅਫ਼ਗਾਨਾਂ ਨੇ, ਸ਼ੁਪਈਆਂ ਲਾਗੇ ਲਾਇ।
ਹੋਈ ਭਿਆਨਕ ਯੁਧ ਕਟਾ ਵੱਢ, ਲਹੂ ਨਦਿ ਭਾਗੇ ਜਾਇ।੧੨੬।

---

*ਸ: ਹਰੀ ਸਿੰਘ ਨਲੂਆ, ਮਿਸਰ ਦੀਵਾਨ ਚੰਦ ਜ਼ਫ਼ਰ ਜੰਗ ਬਹਾਦਰ, ਸ: ਸ਼ਾਮ ਸਿੰਘ ਜੀ ਅਟਾਰੀ, ਸ: ਹੁਕਮਾ ਸਿੰਘ ਚਿਮਨੀ, ਸ: ਜਵਾਲਾ ਸਿੰਘ ਪਦਾਨੀਆ, ਰਾਜਾ ਗੁਲਾਬ ਸਿੰਘ ਫ਼ੌਜ ਦੇ ਮਖੀ ਸਨ।

ਜਬਾਰ ਖ਼ਾਂ ਕਰ ਜ਼ਖ਼ਮੀ, ਨਲੂਏ, ਹੋਸ਼ ਚਾ ਉਹਦੇ ਉਡਾਇ,
ਭਜ ਗਿਆ ਛਡ ਮੈਦਾਨ ਖ਼ਾਨ ਜਦ, ਪਿਛੇ ਦਲ ਉਹਦੇ ਧਾਇ।
ਨਠ ਗਏ ਖ਼ਾਨ ਪਠਾਨ ਛਡ ਵਾਦੀ, ਪੰਜਾਬੀ ਮਾਲਕ ਹੋਇ,
ਵਿਜਈ ਸ਼ੇਰ ਗੜ੍ਹੀ ਹੋਇ ਦਾਖ਼ਲ*, ਧੰਨਵਾਦੀ ਖ਼ਾਲਕ ਹੋਇ।੧੨੭।

ਸਤਾਈ ਸਾਲ ਇਸ ਵਾਦੀ ਸੁਰਗੀ, ਵਿਚ ਰਹਿ ਹੁਕਮ ਚਲਾਇਆ।
†ਯਾਰਾਂ ਸੂਬੇਦਾਰਾਂ ਨੇ ਇਥੇ, ਅਨਿਆਂ ਜ਼ੁਲਮ ਮਿਟਾਇਆ।
ਪੰਜ ਹਿੰਦੂ, ਸਿਖ ਚਾਰ, ਦੋ ਮੁਸਲਿਮ, ਇਥੇ ਬਣ ਹਾਕਮ ਆਇ,
ਰਾਜ ਖ਼ਾਲਸਾ ਰਾਜ ਪੰਚਾਇਤੀ, ਦੋਖੀਆਂ ਮਾਤਮ ਛਾਇ।੧੨੮।

ਹਿੰਦੂ ਮੁਸਲਿਮ ਸਿਖ ਤੇ ਬੋਧੀ, ਗਲੇ ਲਗੇ ਹਰਖਾਇ,
ਨਾ ਮੁਸਲਿਮ ਨੂੰ ਸਿਖ ਬਣਾਇਆ, ਹਿੰਦੂ ਨਾ ਕਕੇ ਪਾਇ।
ਮੰਦਰ ਮਸੀਤ ਗੁੰਪਾ ਢਾਹ ਸਿਖਾਂ, ਨ ਦਿਲ ਕਿਸੇ ਦਾ ਢਾਹਿਆ।
ਕਤਲ ਕਰਾਏ ਨਾ ਮੋਮਨ ਹਿੰਦੂ, ਫ਼ਤਵਾ ਦੀਨ ਨਾ ਲਾਯਾ।੧੨੯।

ਝਗੜੇ ਸੁਨੀ ਸ਼ੀਆਂ ਦੇ, ਘਿਰਣਾ, ਮਜ਼੍ਹਬੀ ਝਟ ਮਿਟਾਈ,
ਡਾਕੂ, ਚੋਰ, ਗਲੇਬਾਨ, ਲੁਟੇਰੇ, ਦੀ ਜੜ੍ਹ ਪਟ ਹਟਾਈ।
ਜਹਾਦ, ਬਗ਼ਾਵਤ, ਸਾਜ਼ਿਸ਼, ਲੁਟ ਪੁਟ, ਖਖਾ ਬੰਬਾ ਸੁਧਾਰ,
ਪੁਨਰ ਸਥਾਪਨਾ ਹਿੰਦੂ ਸਭਿਅਤਾ, ਕਿਵੇਂ ਉਹ ਸਕੇ ਸਹਾਰ।੧੩੦।

ਪੰਜ ਸੌ ਸਾਲ ਹਕੂਮਤ ਕਰ ਕੇ, ਹੋਈ ਕੌਮ ਮਹਿਕੂਮ,
ਸੁਖ ਦੇ, ਨਿਆਂ, ਰਵਾਦਾਰੀ, ਪ੍ਰੀਤੀ, ਕਰ ਕੇ ਫਿਰ ਮਜ਼ਲੂਮ।
ਕਾਇਮ ਅਮਨ ਅਮਾਨ ਰਖਣ ਲਈ, ਵਰਤੀ ਨਲੂਏ‡ ਕਰੜਾਈ,
ਤੁਅਸਬੀ ਮੁਅਰਖ਼ਾਂ ਜਾਣ ਬੁਝ ਕੇ, ਦਸੀ ਇਹ ਸਿਖਾ ਸ਼ਾਹੀ।੧੩੧।

---

*੮ ਹਾੜ ੧੮੭੬ ਬਿ: ਮੁਤਾਬਕ ੧੧ ਰਮਜ਼ਾਨ ੧੨੩੪ ਹਿਜਰੀ ਨੂੰ ਖ਼ਾਲਸਾ ਫ਼ੌਜ ਸ੍ਰੀ ਨਗਰ ਤੇ ਕਾਬਜ਼ ਹੋਈ।

†੧੮੧੯-੧੮੪੬ ਈਸਵੀ।

‡੧੮੨੦-੧੮੨੧ ਈਸਵੀ।

*ਸੁਆਸ ਪੂਰੇ ਰਣਜੀਤ ਦੇ ਹੋਇ, ਵਜ਼ੀਰਾਂ ਦਗ਼ਾ ਕਮਾਇਆ,
ਖ਼ੁਦ ਗ਼ਰਜ਼ਾਂ ਕਰ ਡੂੰਘੀਆਂ ਚਾਲਾਂ, ਖ਼ਾਲਸਾ ਰਾਜ ਮਿਟਾਇਆ।
†ਗੁਲਾਬ ਸਿੰਘ ਕਸ਼ਮੀਰ ਖ਼ਰੀਦੀ, ਸਭ ਕੁਝ ਮੁਲ ਲੈ ਲਿਆ,
ਪਸ਼ੂ ਪੰਛੀ ਮਨੁਖ ਪ੍ਰਬਤ ਧਰਤੀ, ਕਰ ਖ਼ਰੀਦ ਬੈ ਲਿਆ।੧੩੨।

ਇਕ ਸੌ ਇਕ ਸਾਲ ਹਕੂਮਤ ਕੀਤੀ, ਗੁਲਾਬ ਸਿੰਘ ਪਰਿਵਾਰੇ,
ਚਾਰ ਮਹਾਰਾਜੇ ਵਾਰੋ ਵਾਰੀ, ਕਰ ਕੇ ਰਾਜ ਸਿਧਾਰੇ।
ਡੋਗਰੇ ਸ਼ਾਹਾਂ ਅਮਨ ਅਮਾਨ ਸੰਗ, ਭਾਵੇਂ ਰਾਜ ਕਮਾਇਆ,
ਪਰ ਸਿਖ ਮੁਸਲਮਾਂ ਦੋਹਾਂ ਤਾਈਂ, ਨੀਤਕ ਤੌਰ ਦਬਾਇਆ।੧੩੩।

ਪਹਾੜਾਂ ਥਲੇ ਦਰਿਆਂ ਲਾਗੇ, ਕਰ ਮਜਬੂਰ ਬਸਾਇਆ,
ਵਿਦਿਆ, ਹੁਨਰ, ਸ਼ਹਿਰੀ ਪ੍ਰੀਵਰਤਨ, ਤੋਂ ਚੁਕ ਦੂਰ ਰਖਾਇਆ।
ਗਿਲਗਤ ਆਦਿ ਫ਼ਤਹਿ ਕਰਨ ਲਈ, ਦਿਤੀ ਮਾਨ ਵਡਿਆਈ,
ਗ਼ਰਜ਼ ਪੂਰੀ ਕਰ ਊਜ ਲਗਾ ਕੇ, ਫ਼ੌਜ 'ਚੋਂ ਸ਼ਾਨ ਘਟਾਈ।੧੩੪।

ਪੁਤ ਕਰਨੈਲਾਂ ਜਮਾਦਾਰਾਂ ਨੂੰ, ਅਰਸ਼ੋਂ ਫ਼ਰਸ਼ ਗਿਰਾਇਆ,
ਰੋੜੀ ਕੁਟਣ ਮਾਂਜਣ ਭਾਂਡੇ, ਚਪਰਾਸੀ ਥਾਪ ਰਿਝਾਇਆ।
ਵਿਦਿਆ ਤੋਂ ਸਖਣੇ ਰਖ ਮੁਸਲਿਮ, ਦਿਤੇ ਨਾ ਹੋਣ ਬੇਦਾਰ,
ਵਾਂਝੇ ਰਖ ਦਿਤੇ ਜਾਇਜ਼ ਹਕੋਂ, ਨਾ ਸਕਣ ਧੌਣ ਉਲਾਰ।੧੩੫।

ਮੁਸਲਮਾਨਾਂ ਇਕ ਮਰਦ ਮਜਾਹਿਦ, ਉਪਜਾ ਆਗੂ ਬਣਾਇਆ।
ਸੁਤੀ ਕਿਸਮਤੋਂ ਜਿਸ ਇਨ੍ਹਾਂ ਨੂੰ, ਪਕੜ ਝੰਜੋੜ ਜਗਾਇਆ।
ਅੰਤਲਾ ਸ਼ਾਹ ਡੋਗਰਾ ਕੇਵਲ, ਐਸ਼ੀ ਲਗਾ ਰਹਾਇਆ,
ਲਗ ਕੇ ਆਖੇ ਵਡੇ ਵਜ਼ੀਰ ਦੇ, ਨਾ ਇਲਹਾਕ ਕਰਾਇਆ।੧੩੬।

*੧੫ ਹਾੜ ੧੮੯੬ ਬਿਕਰਮੀ।
†੧੦ ਮਾਰਚ ੧੮੪੬ ਈਸਵੀ ਨੂੰ ਅਹਿਦਨਾਮਾ ਜੋ ਅਸਲ ਵਿਚ ਬੈ ਨਾਮਾ ਸੀ, ਈਸਟ ਇੰਡੀਆ ਕੰਪਨੀ ਤੇ ਮਹਾਰਾਜਾ ਗੁਲਾਬ ਸਿੰਘ ਦੇ ਵਿਚਕਾਰ ਅੰਮ੍ਰਿਤਸਰ ਹੋਇਆ।

ਸਾਜ਼ਿਸ਼ ਕਰ ਕੇ ਪਾਕਸਤਾਨ ਨੇ, ਕਬਾਇਲੀ ਉਕਸਾਇਆ,
*ਧਾਵਾ ਬੋਲ ਜਿਨ੍ਹਾਂ ਧਰ ਸੁਰਗੀ, ਦਾ ਚਾ ਨਸ਼ਟ ਕਰਾਇਆ।
ਰਾਜਿੰਦਰ ਸਿੰਘ ਬਰਗੇਡੀਅਰ, ਲੈ ਸੌ ਡੇਢ ਸਿਪਾਹੀ,
ਉੜੀ ਪੁਜ ਲੜੇ ਸੰਗ ਵੈਰੀ, ਬਾ ਹਿੰਮਤ ਜਾਂ ਘੁਮਾਈ।੧੩੮।
ਰੱਬ ਭਰੋਸੇ ਛਡ ਪਰਜਾ ਨੂੰ, ਖਿਸਕ ਗਈ ਸਰਕਾਰ,
ਖ਼ੂਨ ਰਜਪੂਤੀ ਚਟ ਗਿਆ ਸੀ, ਪਿਆਲਾ ਐਸ਼ ਬਹਾਰ।
†ਅਰਜ਼ੀ ਹਿੰਦ ਸਰਕਾਰ ਨੂੰ ਘਲ ਕੇ, ਦੁਖੜਾ ਫੋਲ ਸੁਣਾਇਆ,
ਉਜਾੜ ਦੇਸ਼ ਮਰਵਾ ਜੀਵਾਂ ਨੂੰ, ਅੰਤ ਇਲਹਾਕ ਕਰਾਯਾ।੧੩੯।
ਤੇਤੀ ਹਜ਼ਾਰ ਸਿਖ ਸੂਰਬੀਰਾਂ ਨੇ, ਦੇਸ਼ ਤੋਂ ਜਾਨ ਘੁਮਾਈ,
ਹਰ ਥਾਂ ਅੜੇ ਲੜੇ ਸੰਗ ਵੈਰੀ, ਰਖ ਸਿਖੀ ਸ਼ਾਨ ਵਿਖਾਈ।
ਸ੍ਰੀ ਜਥੇਦਾਰ ਕਪੂਰ ਸਿੰਘ ਜੀ, ਘਨਯਾ ਸਿੰਘ ਪਿਆਰੇ,
ਹਰ ਮਨ ਪਿਆਰੇ ਆਗੂ ਸਿਖਾਂ ਦੇ, ਜੂਝੇ ਵਤਨੋਂ ਪਿਆਰੇ।੧੩੯।
ਟਗ ਡੱਮਾਂ ਗਨਾਂ ਉਧਰੋਂ ਕੜਕਣ, ਇਧਰੋਂ ਕ੍ਰਿਪਾਨ ਚਲਾਈ,
ਸ੍ਰੀ ਨਗਰ ਬਚਾ ਲਿਆ ਤਦ ਤਕ, ਸੈਨਾ ਜਦ ਤਕ ਆਈ।
ਹਿੰਦ ਸੈਨਾ ਦੇ ਸੂਰੇ ਅਣਖੀ, ਸਿੰਘ ਗੁਰੂ ਦੇ ਪੂਰੇ,
ਲੜੀ ਲੜਾਈ ਪਹਿਲਾਂ ਤੇ ਵੈਰੀ, ਕੀਤੇ ਚੂਰੇ ਚੂਰੇ।੧੪੦।
ਇਕ ਕੰਪਨੀ ਸਿੰਘਾਂ ਦੀ ਸੰਗ ਲੈ, ਧਾਵਾ ਅਰਿ ਤੇ ਕੀਤਾ,
ਕਰਨਲ ਰਾਇ ਵਿਗ ਕਾਨਸ ਪੁਰ ਦੇ, ਜਾਮ ਸ਼ਹਾਦਤ‡ ਪੀਤਾ।
ਸਿੰਘ ਸੂਰਮੇ ਹਿੰਦ ਸੈਨਾ ਦੇ, ਕਰ ਬਹੁ ਪਰ-ਉਪਕਾਰੇ,
ਹੋਇ ਸ਼ਹੀਦ ਭਾਰਤ ਮਾਂ ਖਾਤਰ, ਅਵਲ, ਕਰ ਵਾਰ ਕਰਾਰੇ।੧੪੧।

*੨੨ ਅਕਤੂਬਰ ੧੯੪੭ ਈ: ਮੁਤਾਬਕ ੬ ਕਤਕ ੨੦੦੪ ਬਿ: ਨੂੰ ਹਮਲਾ ਅਰੰਭ ਕੀਤਾ ਗਿਆ। †੨੫ ਅਕਤੂਬਰ ੧੯੪੭ ਨੂੰ ਮਹਾਰਾਜਾ ਹਰੀ ਸਿੰਘ ਨੇ ਇਲਹਾਕ ਤੇ ਸਹਾਇਤਾ ਲਈ ਬਿਨੈ ਪਤ੍ਰ ਹਿੰਦ ਸਰਕਾਰ ਨੂੰ ਘਲੀ, ਜਿਸ ਦੀ ਪ੍ਰੋੜਤਾ ਨੈਸ਼ਨਲ ਕਾਨਫ੍ਰੰਸ ਨੇ ਕੀਤੀ। ੨੬ ਅਕਤੂਬਰ ੧੯੪੭ ਨੂੰ ਮਹਾਰਾਜਾ ਨੇ ਇਲਹਾਕ ਦੇ ਕਾਗ਼ਜ਼ਾਤ ਤੇ ਦਸਖ਼ਤ ਕੀਤਾ ਤੇ ੨੭ ਅਕਤੂਬਰ ੧੯੪੭ ਨੂੰ ਹੰਦ ਦੀ ਫ਼ੌਜ ਹਵਾਈ ਜਹਾਜ਼ਾਂ ਰਾਹੀਂ ਪੁਜੀ।

‡੨੭ ਅਕਤੂਬਰ ੧੯੪੭ ਨੂੰ ਕਰਨਲ ਡੀ. ਆਰ. ਰਾਏ ਦੇ ਬਹਾਦਰ ਫ਼ੌਜੀ ਸਿੰਘ ਤੇ ਕਈ ਸਿੰਘ ਸ਼ਹੀਦ ਹੋਏ।

ਮੁਹੰਮਦ ਮਕਬੂਲ ਸ਼ੇਰਵਾਨੀ ਨੇ, ਜਾਨ ਦੇਸ਼ ਤੋਂ ਵਾਰੀ,
ਮਾਸਟਰ ਅਬਦੁਲ ਅਜ਼ੀਜ਼ ਪਹਾੜੀ, ਹੋਇ ਵਤਨੋਂ ਬਲਹਾਰੀ।
"ਸਿਖ ਕਾ ਸਰ ਹਿੰਦੂ ਕਾ ਜ਼ਰ" ਇਹ ਵਹਿਸ਼ੀ ਨਾਅਰਾ ਲਾਯਾ,
ਸਿਰ ਵਢ ਜ਼ਰ ਇੱਜ਼ਤ ਲੁਟ ਜ਼ਾਲਮਾਂ, ਸ੍ਵੈ-ਬੇੜਾ ਗ਼ਰਕਾਇਆ।੧੪੩।

ਮੁਸਲਮਾਨ ਅਮੀਰ ਜੋ ਡਿੱਠਾ, ਸੁਹਣੀ ਡਿੱਠੀ ਤੀਵੀਂ,
ਲੁਟ ਪੁਟ ਲਈ ਦੌਲਤ ਤੇ ਇੱਜ਼ਤ, ਬੇਸ਼ਰਮਾਂ ਦਿਨ ਦੀਵੀਂ।
ਹਿੰਦੂ ਸਿਖ ਸ਼ਰਨਾਰਥੀ ਬਣ ਕੇ, ਸ੍ਰੀ ਨਗਰ ਚਲ ਆਇ,
ਨੈਸ਼ਨਲ ਕਾਨਫ਼੍ਰੰਸੀ ਲੀਡਰਾਂ, ਪ੍ਰੇਮ ਸਹਿਤ ਗਲ ਲਾਇ।੧੪੪।

ਕੋਈ ਹਕੂਮਤ ਹਾਕਮ ਸੀ ਨਾ, ਕੋਈ ਦੇਸ ਦਾ ਵਾਲੀ,
ਕੌਮੀ ਲੀਡਰਾਂ ਚੁਕ ਹਕੂਮਤ, ਲਾਲ ਚੌਕੋਂ ਸੰਭਾਲੀ।
"ਦੇਸ਼ ਰਖਵਾਲੀ ਅਸੀਂ ਕਰਾਂਗੇ, ਸਾਡਾ ਦੇਸ਼ ਪਿਆਰਾ।
ਹਮਲਾ ਆਵਰ! ਹਟ ਜਾ ਪਿਛੇ," ਹਰ ਸੂ ਗੂੰਜੇ ਨਾਅਰਾ।੧੪੫।

"ਹਿੰਦੂ ਮੁਸਲਿਮ ਸਿਖ ਇਤਿਹਾਦ" ਦੇ, ਨਾਅਰੇ ਵਜਦੇ ਸਾਰੇ,
ਰਹੇ ਸ਼ਾਂਤੀ ਅਮਨ ਪ੍ਰੇਮ ਸਹਿਤ ਹੀ, ਵਸਦੇ ਰਸਦੇ ਸਾਰੇ।
*ਵਡੇ ਵਜ਼ੀਰ ਤੋਂ ਮਹਾਰ ਜੇ ਨੇ, ਇਹ ਬਿਆਨ ਦਿਵਾਇਆ,
ਹਿੰਦ ਸੰਗ ਨਾਤਾ ਜੋੜ ਲਿਆ ਹੁਣ, ਮਹਾਰਾਜੇ ਫ਼ੁਰਮਾਯਾ।੧੪੬।

ਅਬੂਰੀ ਹਕੂਮਤ ਜੰਤਕ ਆਗੂ, ਮਿਲ ਕੇ ਚਾ ਬਣਾਵੇ,
ਨਾਜ਼ਮ ਆਲਾ ਬਣ ਕੇ ਕਸ਼ਟੋਂ, ਦੇਸ਼ ਦਾ ਭਲਾ ਕਰਾਵੇ।

*ਮਿ: ਮੇਹਰ ਚੰਦ ਮਹਾਜਨ ਪ੍ਰਧਾਨ ਮੰਤਰੀ ਤੋਂ ੨੮ ਅਕਤੂਬਰ ੧੯੪੭ ਨੂੰ ਐਲਾਨ ਕਰਾਇਆ ਅਤੇ ੩੦ ਅਕਤੂਬਰ ਨੂੰ ਨੈਸ਼ਨਲ ਕਾਨਫ੍ਰੰਸ ਦੇ ਲੀਡਰ ਨੇ ਨਾਜ਼ਮ ਆਲਾ ਐਮਰਜਨਸੀ ਹਕੂਮਤ ਦਾ ਅਹੁਦਾ ਸੰਭਾਲ ਲਿਆ। ੫ ਮਾਰਚ ੧੯੪੮ ਨੂੰ ਜ਼ਿਮੇਵਾਰ ਹਕੂਮਤ ਕਾਇਮ ਹੋ ਗਈ ਜਿਸ ਦੇ ਪ੍ਰਧਾਨ ਮੰਤ੍ਰੀ ਸ਼ੇਖ ਮੁਹੰਮਦ ਅਬਦੁਲਾ ਅਤੇ ਉਪ ਪ੍ਰਧਾਨ ਮੰਤਰੀ ਬਖ਼ਸ਼ੀ ਗ਼ੁਲਾਮ ਮੁਹੰਮਦ ਥਾਪੇ ਗਏ।

ਸ਼ੇਖ ਸਾਹਿਬ ਬਣੇ 'ਨਾਜ਼ਮ ਆਲਾ, ਉਪ ਖਾਲਿਦ ਕਸ਼ਮੀਰ,
ਵਾਗ-ਡੋਰ ਸੰਭਾਲੀ ਬਦਲੀ, ਦੇਸ਼ ਸੰਦੀ ਤਕਦੀਰ।੧੪੭।

ਪੰਜ ਮਾਰਚ ਅਠਤਾਲੀ ਨੂੰ ਫਿਰ, ਕਢ ਕੇ ਫ਼ੁਰਮਾਂ ਸ਼ਾਹੀ,
ਤੋੜ ਅਬੂਰੀ ਹਕੂਮਤ ਨੂੰ, ਜ਼ਿਮੇਵਾਰ ਬਣਵਾਈ।
ਸ਼ਖ਼ਸੀ ਰਾਜ ਅੰਧੇਰ ਗਰਦੀ ਤੋਂ, ਜਦੋਂ ਖਲਾਸੀ ਪਾਈ,
ਸੁਤੰਤਰ ਹੋ ਕੇ ਦੇਸ਼ ਵਾਸੀਆਂ, ਰਜ ਰਜ ਖ਼ੁਸ਼ੀ ਮਨਾਈ।੧੪੮।

ਹਿੰਦ ਸੈਨਾ ਨੇ ਹਿੰਮਤ ਕਰ ਕੇ, ਜ਼ਾਲਮ ਮਾਰ ਨਸਾਏ,
ਮੀਂਹ ਬਰਫ਼ ਕਕਰ ਅਤਿ ਸਰਦੀ, ਵਿਚ ਲੜ ਪਾਰ ਬੁਲਾਏ।
ਵਿਚ ਪੈ ਕੇ ਅੰਤ ਯੂ. ਐਨ. ਓ. ਨੇ, ਲਕੀਰ ਆਰਜ਼ੀ ਵਾਹੀ,
ਜੰਗ ਬੰਦੀ ਸਰਹਦ ਥਾਪ ਕੇ, ਬੰਦ ਲੜਾਈ ਕਰਾਈ* ।੧੪੯।

ਜਰਵਾਣਿਆਂ ਨੇ ਪਾਰ ਲਕੀਰੋਂ, ਹਕੂਮਤ† ਸ੍ਵੈ ਬਣਾਈ,
ਉਤੇ ਇਸ਼ਾਰੇ ਪਾਕਸਤਾਂ ਦੇ, ਨੱਚ ਕਠ-ਪੁਤਲੀ ਨਿਆਈ।
ਫ਼ਜ਼ਲ ਅਕਾਲ ਕ੍ਰਿਪਾਲ ਹੋ ਕੀਤਾ, ਹਿੰਦ ਅਜ਼ਾਦ ਕਰਾਯਾ,
ਪ੍ਰਜਾ ਰਿਆਸਤੀ ਦਾਸਨ ਦਾਸਾਂ, ਹੋ ਅਜ਼ਾਦ ਸੁਖ ਪਾਯਾ।੧੫੦।

ਕੋਈ ਨ ਕਰਸੀ ਸ਼ਾਹ ਮਨ ਮਾਨੀ, ਨ ਜ਼ੋਰੀਂ ਦੀਨ ਮਨਾਸੀ,
ਕਰ ਸਕਸੀ ਮਜ਼ੁਬੀ ਘਿਰਣਾ ਨਾ, ਦੁਬੇਲ ਨਾ ਹੀਨ ਬਣਾਸੀ।
ਪਰਲੋ ਤੀਕ ਸੁਤੰਤਰ ਸ਼ਾਲਾ, ਭਾਰਤ ਰਹੇ ਪਿਆਰਾ,
ਉਨਤਿ ਸਦ ਕਸ਼ਮੀਰ ਰਹੇ ਹੁੰਦਾ, ਬਣ ਭਾਰਤ ਦਾ ਤਾਰਾ।੧੫੧।

*੧ ਜਨਵਰੀ ੧੯੪੯ ਦੀ ਰਾਤ ਨੂੰ ੧੧ ਵਜ ਕੇ ੫੯ ਮਿੰਟ ਤੇ ਲੜਾਈ ੪੩੨ ਦਿਨਾਂ ਮਗਰੋਂ ਬੰਦ ਹੋਈ।

†ਅਖੌਤੀ ਆਜ਼ਾਦ ਕਸ਼ਮੀਰ ਸਰਕਾਰ।

ਸਰਬ ਵਿਆਪੀ ! ਬਖ਼ਸ਼ !

ਧੰਨ ਸੈਂ ਧੰਨ ਹੈਂ ਹੋਸੈਂ ਸਦਾ ਧੰਨ ਤੂੰ,
ਰਚਿਆ ਏਕੋ ਕਵਾਉ ਸੰਸਾਰ ਦਾਤਾ।

ਬ੍ਰਹਮਾ, ਬਿਸ਼ਨ ਮਹੇਸ਼ ਤੋਂ ਆਦਿ ਹੈਂ ਤੂੰ,
ਤੇਰੇ ਹੁਕਮ ਦੇ ਬਧੇ ਅਵਤਾਰ ਦਾਤਾ।

ਕਿਹੜੀ ਥਾਂ ਟਿਕਾਣੇ ਦੀ ਦਸਾਂ ਤੇਰੀ,
ਜਿੱਥੇ ਨੂਰ ਦਾ ਨਹੀਂ ਚਮਤਕਾਰ ਦਾਤਾ।

ਵਿਚ ਜੰਗਲਾਂ ਪਰਬਤਾਂ ਵਾਦੀਆਂ ਦੇ,
ਤੇਰੀ ਮਹਿਮਾ ਹੈ ਅਪਰ ਅਪਾਰ ਦਾਤਾ।

ਨਦੀ, ਝੀਲਾਂ ਦਰਿਆਵਾਂ ਤੇ ਸਾਗਰਾਂ 'ਚ,
ਤੇਰੇ ਨੂਰ ਦਾ ਹੈ ਚਮਤਕਾਰ ਹਰ ਥਾਂ।
ਜਲਿ ਥਲਿ ਮਹੀਅਲ ਦੀਪ ਖੰਡ ਚੌਦਾਂ,
ਰਹਿਉਂ ਵਿਆਪ ਤੂੰ ਹੀ ਸਿਰਜਨਹਾਰ ਹਰ ਥਾਂ।੧।

ਉਤਰੀ ਪੂਰਬੀ ਵਿਚ ਅਮਰੀਕਾ ਦੇ ਤੂੰ,
ਯੂਰਪ ਏਸ਼ੀਆ ਵਿਚ ਦਾਤਾਰ ਸਾਈਂ।

ਅਫ਼ਰੀਕਾ ਅਸਟ੍ਰੇਲੀਆ ਵਿਚ ਵਿਆਪਕ,
ਗੁਪਤ ਕਿਤਨੇ ਲੋਅ ਅਕਾਰ ਸਾਈਂ।

ਜਗਨ ਨਾਥ, ਰੋਮਾਂ, ਯੁਰੋਸ਼ਲਮ, ਮੱਕਾ,
ਅੰਮ੍ਰਿਤਸਰ ਅਤੇ ਹਰਿਦੁਆਰ

ਮੰਦਰ, ਗਿਰਜਾ, ਮਸੀਤ ਧਰਮਸਾਲ ਅੰਦਰ,
ਮਹਿਮਾ ਨਿਤ ਤੇਰੀ ਗੁਰਦੁਆਰ ਸਾਈਂ।

ਅਫ਼ਰੀਕਾ ਦੀ ਤਪਦੀ ਧਰਤਿ ਉਤੇ,
ਹੈਂ ਕਸ਼ਮੀਰ ਦੀ ਵਿਚ ਗੁਲਜ਼ਾਰ ਤੂੰਹੀ।
ਜਾਹਵੇ, ਵਾਹਿਗੁਰੂ, ਗਾਡ, ਖ਼ੁੱਦਾ, ਅਲਾਹ,
ਓਮ, ਰਾਮ, ਨਰੈਣ, ਨਿਰੰਕਾਰ ਤੂੰਹੀ। ੨।

ਹਿੰਦੂ ਮੁਸਲਿਮ ਈਸਾਈ ਤੇ ਸਿੱਖ ਜੈਨੀ,
ਯਹੂਦੀ ਪਾਰਸੀ ਬੋਧੀ ਚਮਿਆਰ ਦਾਤਾ।
ਸਾਰੇ ਇਕ ਸਮਾਨ ਤੇਰੀ ਦ੍ਰਿਸ਼ਟਿ ਅੰਦਰ,
ਗੋਰਾ ਕਾਲਾ ਅਤੇ ਨਰੋ ਨਾਰਿ ਦਾਤਾ।
ਤੂੰਹੀ ਆਸਰਾ ਨਿੱਕਿਆਂ ਵੱਡਿਆਂ ਦਾ,
ਹਰ ਕਿਸੇ ਦੀ ਸੁਣੇਂ ਪੁਕਾਰ ਦਾਤਾ।
ਜਿਹੜਾ ਸ਼ਰਨ ਆਵੇ ਪੂਰੀ ਆਸ ਉਹਦੀ,
ਹੋਵੇ ਸੁਧ ਭਾਵੇਂ ਔਗੁਣਹਾਰ ਦਾਤਾ।
ਜਨਨੀ ਵਾਂਗ ਤੂੰ ਬਖ਼ਸ਼ਨੈਂ ਭੁਲਿਆਂ ਨੂੰ,
ਭਵਸਾਗਰੋਂ ਦੇਵਨੈਂ ਤਾਰ ਤੂੰ ਹੀ।
'ਕੋਮਲ' ਪਾਪੀ ਭੀ ਤੁਧ ਦਾ ਸਾਜਿਆ ਏ,
ਬਖ਼ਸ਼! ਮੇਰੇ ਨਾ ਅਉਗਣ ਚਿਤਾਰ ਤੂੰ ਹੀ। ੩।

આનો ટૂંકો

નહીં વિતાવો આ ~~[illegible]~~ રાત

[illegible]

Only Title Printed at
PUNJABEE PRESS, AMRITSAR.